ਅੱਜ ਦਾ ਵਿਚਾਰ

ਉਹ ਚੀਜ ਕਦੇ ਨਾ ਵੇਚੋ ਜੋ ਖਰੀਦੀ ਨਹੀਂ ਜਾ ਸਕਦੀ

PREETNAMA

# ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ   Online and Print Media   +1 201-312-4180

ਤਾਂ ਜੋ ਤਰੱਕੀ ਕਰੇ ਪੰਜਾਬ

ਸਾਲ 1, ਅੰਕ 23, ਮਿਤੀ : ਅਕਤੂਬਰ 04, 2019 ਤੋਂ 10 ਅਕਤੂਬਰ, 2019   ਵੈਬਸਾਈਟ : www.preetnama.com ਈਮੇਲ preetnamausa@gmail.com

# ਹਜ਼ਾਰਾਂ ਲੋਕਾਂ ਨੇ ਸੰਦੀਪ ਸਿੰਘ ਧਾਲੀਵਾਲ ਨੂੰ ਦਿੱਤੀ ਸ਼ਰਧਾਂਜਲੀ



ਪੂਰੀ ਖ਼ਬਰ ਅਤੇ ਤਸਵੀਰਾਂ ਸਫਾ 20 'ਤੇ ਦੇਖੋ

# ਕੋਹੜ ਨਸ਼ੇ ਦਾ ਖਿਲਵਾੜ ਜਾਨ ਦਾ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ



15 ਕੁ ਸਾਲ ਦੀ ਸੀ ਮੈ ਜਦੋਂ ਮੇਰੇ ਸਿਰ ਤੋਂ ਬਾਪ ਦਾ ਸਾਇਆ ਉੱਠ ਗਿਆ। ਹੈ ਤਾਂ ਦੁਰਘਟਨਾ ਸੀ ਪਰ ਸਭ ਨੇ ਇਸ ਨੂੰ ਸਿਆਸਤ ਦੀ ਸਾਜਿਸ਼ ਦੱਸਿਆ ਕਿਉਂਕਿ ਮੇਰੇ ਪਿਤਾ ਜੀ ਇੱਕ ਨੇਕ ਸੱਚੀ ਸੰਤ ਰੂਹ ਦੇ ਮਾਲਕ ਹੀ ਨਹੀਂ ਸਗੋਂ ਇੱਕ ਇਨਸਾਫ਼ ਪਸੰਦ ਤੇ ਸਭਨਾਂ ਦੇ ਹਰਮਨ ਪਿਆਰੇ ਆਗੂ ਵੀ ਸਨ।ਉਂਨਾਂ ਦੀ ਮੌਤ ਨੇ ਮੈਨੂੰ ਹੀ ਨਹੀਂ ਸਮੂਹ ਇਲਾਕਾ ਨਿਵਾਸੀਆ ਨੂੰ ਝੰਜੋੜ ਕੇ ਰੱਖ ਦਿੱਤਾ।ਪਿਤਾ ਤੋਂ ਬਿਨਾ ਸਾਡੀ ਮਾਂ ਸਾਡੀ ਪਰਵਰਿਸ਼ ਕਿੱਦਾਂ ਕੀਤੀ ਇਹ ਰੱਬ ਜਾਣਦਾ ਜਾ ਅਸੀ ਭੈਣ ਭਰਾ।ਬਾਪ ਤੋਂ ਬਿਨਾਂ ਧੀ ਸਾਰੀ ਉਮਰ ਹੀਣੀ ਹੀ ਰਹਿੰਦੀ ਹੈ ਇਸ ਗੱਲ ਨੂੰ ਮੇਰੇ ਤੋਂ ਵੱਧ ਕੋਈ ਨਹੀਂ ਜਾਣ ਸਕਦਾ। ਪਰ ਅੱਜ ਇੱਥੇ ਮੈ ਗੱਲ ਨਸ਼ਿਆ ਦੀ ਕਰ ਰਹੀ।ਹਲਾਕਿ ਮੇਰੇ ਪਿਤਾ ਦਾ ਨਸ਼ੇ ਨਾਲ ਦੂਰ ਦਾ ਵੀ ਸੰਬੰਧ ਨਹੀਂ ਸੀ ਫੇਰ ਵੀ ਉਹਨਾਂ ਦਾ ਜ਼ਿਕਰ ਮੈ ਇਹ ਦੱਸਣ ਲਈ ਕੀਤਾ ਕਿ ਯਤੀਮ ਬੱਚਿਆ ਦਾ ਕੀ ਹਾਲ ਹੁੰਦਾ ਹੈ। ਬੱਚੇ,ਪਤਨੀ ਤੇ ਪੂਰਾ ਪਰਿਵਾਰ ਵਿੱਖਰ ਜਾਂਦੇ ਹਨ।ਜਿਹੜੇ ਮੇਰੇ ਵੀਰ ਨਸ਼ੇ ਕਰਦੇ ਹਨ ਉਹਨਾਂ ਇਹ ਗੱਲ ਦਿਮਾਗ ਵਿੱਚ ਰੱਖਣੀ ਚਾਹੀਦੀ ਹੈ ਕਿ ਬੁਰੀ ਆਦਤ ਲੱਗ ਸੋਖੀ ਜਾਂਦੀ ਹੈ ਪਰ ਛੱਡਣੀ ਔਖੀ।ਨਸ਼ਾ ਇੱਕ ਜ਼ਹਿਰ ਹੈ ਜੋ ਮੇਰੇ ਵੀਰ ਚੰਗੀ ਤਰਾ ਜਾਣਦੇ ਨੇ ਪਰ ਫੇਰ ਵੀ ਸੇਵਨ ਕਰਦੇ ਨੇ ਕਿਉਂਕਿ ਲਤ ਲੱਗੀ ਹੁੰਦੀ ਹੈ।ਪਰ ਮੇਰੇ ਵੀਰੋ ਇਹ ਬੁਰੀਆਂ ਆਦਤਾਂ ਛੱਡਣੀਆਂ ਔਖੀਆ ਜਰੂਰ ਨੇ ਪਰ ਅਸੰਭਵ ਨਹੀਂ।ਆਪਣੇ ਮਾਸੂਮ ਬੱਚਿਆ ਦੇ ਮੂੰਹ ਦੇਖੋ ਤੇ ਆਪਣੀ ਧਰਮ ਪਤਨੀ ਦਾ ਸਿਦੂਰ।ਆਪਣੇ ਮਾਂ ਬਾਪ ਦੇ ਅਰਮਾਨ ਵੇਖੋ ਤੇ ਪੁੱਤ ਦੇ ਸਹਾਰੇ ਤੋਂ ਬਿਨਾਂ ਦਰ ਦਰ ਠੋਕਰਾਂ ਖਾਦਾ ਉਹਨਾਂ ਦੇ ਬੁਡਾਪੇ ਦਾ ਚਿੱਤਰ ਦਿਮਾਗ ਵਿੱਚ ਉਤਾਰੋ। ਸੱਚ ਜਾਣਿਓ ਮੇਰੇ ਵੀਰੋ ਇਸ ਸ਼ਭ ਦੀ ਕਲਪਨਾ ਮਾਤਰ ਹੀ ਤੁਹਾਡੀ ਰੂਹ ਕੰਬਾ ਦੇਵੇਗੀ। ਨਸ਼ਾ ਕਰਨਾ ਤਾਂ ਕੀ ਤੁਸੀਂ ਨਸ਼ੇ ਦੇ ਨੇੜੇ ਵੀ ਨਹੀਂ ਜਾਓਗੇ। ਮੇਰੇ ਵੀਰੋ ਖਾਲਸੇ ਦੇ ਪੁੱਤਰ ਆਪਣੇ ਲਈ ਨਹੀਂ ਦੂਜਿਆਂ ਲਈ ਜਿਉਂਦੇ ਨੇ। ਬਹਾਦਰ ਸੂਰਮੇ ਹੋ ਆਪਣੇ ਆਪ ਨੂੰ ਪਛਾਣੋ। ਕੱਢ ਦਿਉ ਬਾਹਰ ਇਹ ਨਸ਼ੇ ਵਰਗੀਆਂ ਲਾਹਨਤਾਂ ਆਪਣੀ ਜ਼ਿੰਦਗੀ ਤੇ ਦੇਸ਼ ਵਿੱਚੋਂ।ਪਿਤਾ ਬਿਨਾ ਪਲੀ ਇਸ ਭੈਣ ਦੀ ਹੱਥ ਜੋੜਦੀ ਬੇਨਤੀ ਤੇ ਪੁਕਾਰ ਸੁਣੋ। ਕੱਢ ਦੇਵੋ ਇਹ ਕੋਹੜ ਜ਼ਿੰਦਗੀ ਵਿੱਚੋਂ ਤਾਂ ਜੋ ਕੋਈ ਹੋਰ ਪ੍ਰਿਤਪਾਲ ਅਨਾਥ ਨਾ ਹੋਵੇ ਤੇ ਮੇਰੀ ਮਾਂ ਦਾਦੀ ਤਰਾ ਬੇਸਹਾਰਾ ਨਾ ਹੋਵੇ। ਛੱਡ ਦੇਵੋ ਮੇਰੇ ਵੀਰੋ ਬੁਰੀਆ ਆਦਤਾਂ।ਹੱਥ ਜੋੜ ਬੇਨਤੀ ਕਰਦੀ ਆਪ ਸਭ ਦੀ ਭੈਣ



## ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਦੁਸ਼ਹਿਰਾ | 8 ਅਕਤੂਬਰ |
| ਪ੍ਰਗਟ ਉਤਸਵ ਭਗਵਾਨ ਵਾਲਮੀਕੀ ਜੀ | 13 ਅਕਤੂਬਰ |
| ਵਰਤਾ ਕਰਵਾ ਚੌਥ | 17 ਅਕਤੂਬਰ |
| ਦੀਵਾਲੀ | 27 ਅਕਤੂਬਰ |
| ਵਿਸ਼ਵਕਰਮਾ ਦਿਵਸ | 28 ਅਕਤੂਬਰ |
| ਟਿਕਾ ਭਾਈ ਦੂਜ | 29 ਅਕਤੂਬਰ |
| ਪੰਚਮੀ | 03 ਅਕਤੂਬਰ |
| ਸੰਗਰਾਂਦ | 17 ਅਕਤੂਬਰ |
| ਪੂਰਨਮਾਸੀ | 13 ਅਕਤੂਬਰ |
| ਮੱਸਿਆ | 28 ਅਕਤੂਬਰ |

## ਇਸ ਅੰਕ ਦਾ ਸਵਾਲ

ਕੀ ਮਕਬੂਜ਼ਾ ਕਸ਼ਮੀਰ ਦੀ ਹੋਂਦ ਲਈ ਸਚਮੁਚ ਜਵਾਹਰ ਲਾਲ ਨਹਿਰੂ ਜ਼ਿੰਮੇਵਾਰ ਸਨ ?

ਜਵਾਬ :-

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਅਮਰੀਕਾ ਦੇ ਪਹਾੜੀ ਇਲਾਕਿਆਂ ਚ ਭਾਰੀ ਬਰਫਬਾਰੀ, ਐਮਰਜੈਂਸੀ ਦਾ ਐਲਾਨ

**ਬਰਫੀਲੇ ਤੂਫਾਨ ਕਾਰਨ ਹਵਾਵਾਂ ਦੀ ਰਫਤਾਰ 50 ਕਿਲੋਮੀਟਰ ਪ੍ਰਤੀ ਘੰਟਾ**



ਵਾਸ਼ਿੰਗਟਨ (ਚ.ਨ.ਸ.) : ਅਮਰੀਕਾ ਵਿਚ ਸਾਲ ਦੇ ਸਤੰਬਰ ਮਹੀਨੇ ਵਿਚ ਹੀ ਸਰਦੀ ਦਾ ਕਹਿਰ ਸ਼ੁਰੂ ਹੋ ਗਿਆ ਹੈ । ਇੱਥੋਂ ਦੇ ਉੱਤਰ-ਪੱਛਮ ਦੇ ਕਈ ਇਲਾਕਿਆਂ ਵਿਚ ਸਰਦੀ ਦੇ ਮੌਸਮ ਨੇ ਸਮੇਂ ਤੋਂ ਪਹਿਲਾਂ ਹੀ ਦਸਤਕ ਦੇ ਦਿੱਤੀ ਹੈ । ਕਈ ਪਹਾੜੀ ਇਲਾਕਿਆਂ ਵਿਚ ਬਰਫੀਲੇ ਤੂਫਾਨ ਨੇ ਬੀਤੇ ਕਈ ਮਹੀਨਿਆਂ ਦਾ ਰਿਕਾਰਡ ਤੋੜ ਦਿੱਤਾ ਹੈ । ਇਸ ਕਾਰਨ ਪ੍ਰਸ਼ਾਸਨ ਨੇ ਮੋਂਟਾਨਾ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ । ਸੂਬੇ ਦੇ ਗਵਰਨਰ ਨੇ ਐਮਰਜੈਂਸੀ ਦਾ ਐਲਾਨ ਕਰਦਿਆਂ ਕਿਹਾ,'ਇਸ ਬਰਫੀਲੇ ਤੂਫਾਨ ਨੇ ਸਤੰਬਰ ਵਿਚ ਦਸਤਕ ਦੇ ਕੇ ਸਾਡੇ ਰਾਜ ਨੂੰ ਹੈਰਾਨ ਕਰ ਦਿੱਤਾ । ਕਿ ਪਹਿਲੀ ਵਾਰ ਇਸ ਇਲਾਕੇ ਵਿਚ ਸਤੰਬਰ ਮਹੀਨੇ ਵਿਚ ਹੀ ਇੰਨੀ ਭਿਆਨਕ ਬਰਫਬਾਰੀ ਹੋ ਰਹੀ ਹੈ । ਰਾਸ਼ਟਰੀ ਮੌਸਮ ਵਿਭਾਗ ਮੁਤਾਬਕ ਕਈ ਇਲਾਕਿਆਂ ਵਿਚ 48 ਇੰਚ ਉੱਚੀ ਬਰਫ ਦੇ ਢੇਰ ਜਮਾਂ ਹੋਏ ਹਨ । ਖਰਾਬ ਮੌਸਮ ਦਾ ਪਹਾੜਾਂ 'ਤੇ ਵਸੇ ਰਾਜਾਂ ਦੇ ਨਾਲ-ਨਾਲ ਵਾਸ਼ਿੰਗਟਨ, ਇਦਾਹੋ, ਨੇਵਾਦਾ ਅਤੇ ਕੈਲੀਫੋਰਨੀਆ ਦੇ ਵੀ ਕਈ ਇਲਾਕਿਆਂ ਵਿਚ ਪ੍ਰਭਾਵ ਪੈ ਰਿਹਾ ਹੈ । ਵਿਭਾਗ ਮੁਤਾਬਕ ਇੱਥੇ ਕਈ ਇਲਾਕਿਆਂ ਵਿਚ ਬਰਫੀਲੇ ਤੂਫਾਨ ਕਾਰਨ ਹਵਾਵਾਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚੱਲ ਰਹੀਆਂ ਹਨ ।

# ਕੀ ਹਰਿਆਣਾ 'ਚ ਕਾਂਗਰਸ ਨੂੰ ਕਿਸੇ ਤਣ-ਪੱਤਣ ਲਾ ਸਕੇਗਾ ਸਟਾਰ ਨਵਜੋਤ ਸਿੱਧੂ ਦਾ



ਚੰਡੀਗੜ੍ਹ : ਕਾਂਗਰਸ ਪਾਰਟੀ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਦੌਰਾਨ ਪ੍ਰਚਾਰ ਲਈ ਸ੍ਰੀ ਨਵਜੋਤ ਸਿੰਘ ਸਿੱਧੂ ਨੂੰ ਵੀ ਆਪਣੇ ਸਟਾਰ-ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਸ੍ਰੀ ਸਿੱਧੂ ਪੰਜਾਬ ਦੀ ਸਿਆਸਤ 'ਚੋਂ ਲਗਭਗ ਗ਼ਾਇਬ ਹੀ ਚੱਲ ਰਹੇ ਹਨ। ਅਜਿਹੇ ਹਾਲਾਤ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਪੈਦਾ ਹੋਣੇ ਸ਼ੁਰੂ ਹੋ ਗਏ ਸਨ। ਇੱਥੇ ਵਰਨਣਯੋਗ ਹੈ ਕਿ ਪੰਜਾਬ ਦੇ ਕੈਬਿਨੇਟ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਪਿੱਛੋਂ ਸ੍ਰੀ ਸਿੱਧੂ ਅੰਮ੍ਰਿਤਸਰ ਸਥਿਤ ਆਪਣੇ ਬੰਗਲੇ 'ਚ ਹੀ ਰਹਿ ਰਹੇ ਹਨ। ਉਹ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਵਿੱਚ ਵੀ ਨਹੀਂ ਗਏ ਸਨ। ਹਰਿਆਣਾ ਵਿਧਾਨ ਸਭਾ ਚੋਣਾਂ ਆਉਂਦੀ 21 ਅਕਤੂਬਰ ਨੂੰ ਹੋਣੀਆਂ ਤੈਅ ਹਨ। ਸੱਤ ਅਕਤੂਬਰ ਤੋਂ ਬਾਅਦ ਹਰਿਆਣਾ 'ਚ ਚੋਣ ਪ੍ਰਚਾਰ ਆਪਣੇ ਪੂਰੇ ਜਲੌਅ 'ਚ ਹੋਵੇਗਾ। ਕਾਂਗਰਸ ਪਾਰਟੀ ਖ਼ੁਦ ਇਸ ਵੇਲੇ ਰਾਸ਼ਟਰੀ ਤੇ ਸੂਬਾਈ ਸਿਆਸਤ ਵਿੱਚ ਸ੍ਰੀ ਸਿੱਧੂ ਵਾਂਗ ਹੀ ਹਾਸ਼ੀਏ 'ਤੇ ਚੱਲ ਰਹੀ ਹੈ। ਹੁਣ ਇਸ ਪਾਰਟੀ ਨੇ ਹਰਿਆਣਾ ਦੀ ਸੱਤਾ 'ਤੇ ਮੁੜ ਕਾਬਜ਼ ਹੋਣ ਲਈ ਸ੍ਰੀ ਸਿੱਧੂ ਦੇ ਨਵਜੋਤ ਸਿੰਘ ਸਿੱਧੂ ਦੇ ਜ਼ੋਰਦਾਰ ਤੇ ਪ੍ਰਭਾਵਸ਼ਾਲੀ ਪ੍ਰਚਾਰ ਦਾ ਸਹਾਰਾ ਲੈਣ ਦਾ ਮਨ ਬਣਾਇਆ ਹੈ।

ਸ੍ਰੀ ਸਿੱਧੂ ਨੂੰ ਪੰਜਾਬ ਦੇ ਨਾਲ ਲੱਗਦੇ ਜ਼ਿਲ੍ਹਿਆਂ, ਸਿੱਖ ਬਹੁ-ਗਿਣਤੀ ਵਾਲੇ ਤੇ ਸਖ਼ਤ ਟੱਕਰ ਵਾਲੀਆਂ ਸੀਟਾਂ ਉੱਤੇ ਪ੍ਰਚਾਰ ਲਈ ਭੇਜਿਆ ਜਾ ਸਕਦਾ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਸਟਾਰ-ਪ੍ਰਚਾਰਕਾਂ ਦੀ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਹੈ। ਕਾਂਗਰਸ ਦੀ ਹਾਈ ਕਮਾਂਡ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਪੰਜਾਬ ਦੇ ਨਾਲ ਲੱਗਦੇ ਹਰਿਆਣਾ ਦੇ ਹਲਕਿਆਂ ਵਿੱਚ ਚੋਣ ਪ੍ਰਚਾਰ ਲਈ ਭੇਜੇਗੀ। ਚੇਤੇ ਰਹੇ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਨੇ ਇਹ ਆਖ ਕੇ ਸ੍ਰੀ ਨਵਜੋਤ ਸਿੰਘ ਸਿੱਧੂ ਤੋਂ ਸਥਾਨਕ ਸਰਕਾਰਾਂ ਬਾਰੇ ਮੰਤਰਾਲਾ ਲੈ ਕੇ ਬਿਜਲੀ ਵਿਭਾਗ ਸੌਂਪ ਦਿੱਤਾ ਸੀ; ਤਦ ਸ੍ਰੀ ਸਿੱਧੂ ਖ਼ਫ਼ਾ ਹੋ ਗਏ ਸਨ ਤੇ ਉਨ੍ਹਾਂ ਅਸਤੀਫ਼ਾ ਦੇ ਦਿੱਤਾ ਸੀ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵਿਰੁੱਧ ਕੇਸ ਦਰਜ



ਮੁਜ਼ੱਫ਼ਰਪੁਰ (ਬਿਹਾਰ) : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਵੱਲੋਂ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ 74ਵੇਂ ਇਜਲਾਸ ਦੌਰਾਨ ਕਸ਼ਮੀਰ ਬਾਰੇ ਦਿੱਤੇ ਭੜਕਾਊ ਭਾਸ਼ਣਾਂ ਤੇ ਬਿਆਨਬਾਜ਼ੀ ਕਾਰਨ ਬਿਹਾਰ ਸਥਿਤ ਮੁਜ਼ੱਫ਼ਰਪੁਰ ਅਦਾਲਤ ਵਿੱਚ ਕੱਲ੍ਹ ਸ਼ਨਿੱਚਰਵਾਰ ਨੂੰ ਇੱਕ ਕੇਸ ਦਾਇਰ ਕੀਤਾ ਗਿਆ ਹੈ। ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਸੂਰਿਆਕਾਂਤ ਤਿਵਾੜੀ ਦੀ ਅਦਾਲਤ 'ਚ ਇਹ ਕੇਸ ਵਕੀਲ ਸੁਧੀਰ ਕੁਮਾਰ ਓਝਾ ਨੇ ਦਾਇਰ ਕੀਤਾ ਹੈ। ਇਸ ਕੇਸ ਦਾ ਆਧਾਰ ਲੋਕਾਂ ਦੀਆਂ ਭਾਵਨਾਵਾਂ ਭੜਕਾਉਣਾ ਬਣਾਇਆ ਗਿਆ ਹੈ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਲਈ 21 ਅਕਤੂਬਰ ਦੀ ਤਰੀਕ ਤੈਅ ਕੀਤੀ ਹੈ। ਇੱਥੇ ਵਰਨਣਯੋਗ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਸ਼ੁੱਕਰਵਾਰ ਨੂੰ ਕਸ਼ਮੀਰ ਬਾਰੇ ਬੋਲਦਿਆਂ ਕਿਹਾ ਸੀ ਕਿ ਉੱਥੇ ਪਾਬੰਦੀ ਹਟਦਿਆਂ ਹੀ ਜੰਮੂ-ਕਸ਼ਮੀਰ 'ਚ ਖ਼ੂਨ ਦੀਆਂ ਨਦੀਆਂ ਵਹਿਣਗੀਆਂ। ਉਨ੍ਹਾਂ ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਆਰ.ਐੱਸ.ਐੱਸ. ਨੂੰ ਵੀ ਨਿਸ਼ਾਨੇ 'ਤੇ ਲਿਆ ਸੀ। ਉਨ੍ਹਾਂ ਪਾਕਿਸਤਾਨ ਵਿੱਚ ਘੱਟ-ਗਿਣਤੀਆਂ 'ਤੇ ਹੋ ਰਹੇ ਜ਼ੁਲਮ ਨੂੰ ਨਜ਼ਰਅੰਦਾਜ਼ ਕਰਦਿਆਂ ਜਾਂ ਅਜਿਹੀਆਂ ਘਟਨਾਵਾਂ ਉੱਤੇ ਪਰਦਾ ਪਾਉਂਦਿਆਂ ਆਖਿਆ ਸੀ ਕਿ ਭਾਰਤੀ ਮੁਸਲਮਾਨਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਉਨ੍ਹਾਂ ਆਪਣੇ ਸੰਬੋਧਨ ਰਾਹੀਂ ਦੁਨੀਆ ਭਰ ਦੇ ਮੁਸਲਮਾਨਾਂ ਦਾ ਰਹਿਨੁਮਾ ਬਣਨ ਦਾ ਜਤਨ ਕੀਤਾ ਸੀ।

ਤਦ ਸ੍ਰੀ ਇਮਰਾਨ ਖ਼ਾਨ ਅੱਤਵਾਦ ਨੂੰ ਕੱਟੜਪੰਥੀ ਮੁਸਲਮਾਨਾਂ ਨਾਲ ਜੋੜੇ ਜਾਣ ਤੋਂ ਵੀ ਕਾਫ਼ੀ ਨਾਰਾਜ਼ ਦਿਸੇ ਸਨ। ਉਨ੍ਹਾਂ ਕਿਹਾ ਸੀ ਕਿ 9/11 ਦੇ ਹਮਲਿਆਂ ਤੋਂ ਬਾਅਦ ਇਸਲਾਮ ਦਾ ਡਰ ਚਿੰਤਾਜਨਕ ਹੱਦ ਤੱਕ ਵਧਿਆ ਹੈ। ਇਹ ਡਰ ਵੰਡੀਆਂ ਵੀ ਪੈਦਾ ਕਰ ਰਿਹਾ ਹੈ। ਉਨ੍ਹਾਂ ਆਖਿਆ ਸੀ ਕਿ 'ਇੱਕ ਔਰਤ ਆਪਣੇ ਕੱਪੜੇ ਲਾਹ ਸਕਦੀ ਹੈ ਪਰ ਉਹ ਇੱਕ ਕੱਪੜਾ (ਹਿਜਾਬ) ਵੱਧ ਨਹੀਂ ਪਾ ਸਕਦੀ।' ਸ੍ਰੀ ਇਮਰਾਨ ਖ਼ਾਨ ਨੇ ਕਿਹਾ ਕਿ ਇਹ ਸਭ 9/11 ਤੋਂ ਬਾਅਦ ਸ਼ੁਰੂ ਹੋਇਆ ਕਿਉਂਕਿ ਕੁਝ ਪੱਛਮੀ ਦੇਸ਼ਾਂ ਨੇ ਇਸਲਾਮ ਦੀ ਤੁਲਨਾ ਅੱਤਵਾਦ ਨਾਲ ਕੀਤੀ। ਉਨ੍ਹਾਂ ਕਿਹਾ ਸੀ ਕਿ ਕੱਟੜਪੰਥੀ-ਇਸਲਾਮ ਜਿਹੀ ਕੋਈ ਚੀਜ਼ ਨਹੀਂ ਹੈ।

# ਸਿੱਖ ਕੈਦੀਆਂ ਨੂੰ ਰਿਹਾਅ ਦੇ ਫੈਸਲੇ ਨੇ ਪਾਕਿ ਦਾ 'ਕੇ2' ਫੇਲ੍ਹ ਕੀਤਾ



ਨਵੀਂ ਦਿੱਲੀ, 30 ਸਤੰਬਰ (ਚ.ਨ.ਸ.): ਅੱਠ ਸਿੱਖ ਕੈਦੀਆਂ ਨੂੰ ਰਿਆਹ ਕਰਨ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 1995 ਵਿਚ ਕਤਲ ਦੇ ਮੁੱਖ ਸਾਜਿਸ਼ਕਰਤਾ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਉਮਰ ਕੈਦ ਵਿਚ ਬਦਲਣ ਦਾ ਕੇਂਦਰ ਸਰਕਾਰ ਦਾ ਫੈਸਲਾ ਕਿਸੇ ਖਾਸ ਯੋਜਨਾ ਵੱਲ ਇਸ਼ਾਰਾ ਕਰਦਾ ਹੈ। ਇੱਕ ਸੀਨੀਅਰ ਅਧਿਕਾਰੀ ਦੀ ਮੰਨੇ ਤਾਂ ਕੇਂਦਰ ਸਰਕਾਰ ਨੇ ਇਹ ਫੈਸਲਾ ਸਿੱਖਾਂ ਦੀਆਂ ਭਾਵਨਾਂਵਾਂ ਨੂੰ ਸ਼ਾਂਤ ਕਰਨ ਅਤੇ ਪਾਕਿਸਤਾਨ ਦੇ ਕੇ-2 ਪਲਾਨ (ਕਸ਼ਮੀਰ ਅਤੇ ਖਾਲਿਸਤਾਨ) ਨੂੰ ਖਤਮ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪਾਕਿਸਤਾਨ ਕਸ਼ਮੀਰ ਵਿਚੋਂ ਧਾਰਾ 370 ਹਟਾਉਦ ਬਾਅਦ ਭਾਰਤ ਖਿਲਾਫ ਉਠੀਆਂ ਭਾਵਨਾਂਵਾਂ ਨੂੰ ਵਰਤੋਂ ਕਰਨ ਦੀ ਤਾਕ ਵਿਚ ਹੈ। ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਗ੍ਰਹਿ ਮੰਤਰਲੇ ਦੇ ਇਕ ਬੁਲਾਰੇ ਨੇ ਕਿਹਾ ਕਿ ਪੰਜਾਬ ਵਿਚ ਅੱਤਵਾਦ ਦੌਰਾਨ ਅਪਰਾਧ ਕਰਨ ਲਈ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਅੱਠ ਸਿੱਖ ਕੈਦੀਆਂ ਨੂੰ ਸਰਕਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ 550ਵੇਂ ਪ੍ਰਕਾਸ਼ ਪੂਰਬ ਮੌਕੇ ਰਿਹਾਅ ਕਰੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਪਾਕਿਸਤਾਨ ਖਾਲਿਸਤਾਨੀਆਂ ਰਾਹੀਂ ਭਾਰਤ ਵਿਚ ਨਾਪਾਕ ਕੋਸ਼ਿਸ਼ਾਂ ਨੂੰ ਅੰਜਾਮ ਦੇਣ ਦੇ ਕੋਸ਼ਿਸ਼ ਵਿਚ ਹੈ। ਇਹ ਕਾਰਨ ਹੈ ਕਿ ਪਾਕਿਸਤਾਲ ਸਮਰਥਕ ਖਾਲਿਸਤਾਨੀ ਅੱਤਵਾਦੀਆਂ ਨੇ ਚੀਨੀ ਡ੍ਰੋਨ ਰਾਹੀਂ ਭਾਰਤ ਵਿਚ ਹਥਿਆਰਾਂ ਦੇ ਖੇਪ ਸੁੱਟੇ ਸਨ। ਇਕ ਅਧਿਕਾਰੀ ਨੇ ਕਿਹਾ ਕਿ ਸਰਕਾਰ ਦਾ ਇਹ ਫੈਸਲਾ 2015 ਤੋਂ ਹੀ ਪਾਈਪਲਾਈਨ ਵਿਚ ਸੀ ਅਤੇ ਇਸ ਸਾਲ ਪੀਐਮ ਨਰਿੰਦਰ ਮੋਦੀ ਦੀ ਅਗਵਾਈ ਵਿਚ ਜਿਵੇਂ ਹੀ ਸਰਕਾਰ ਦੁਬਾਰਾ ਸੱਤਾ ਵਿਚ ਆਈ, ਇਸ ਉੱਤੇ ਤੁਰੰਤ ਤੇਜ਼ੀ ਲਿਆਂਦੀ ਗਈ। ਦੱਸਿਆ ਜਾਂਦਾ ਹੈ ਕਿ ਸਰਕਾਰ ਦੇ ਇਸ ਫੈਸਲੇ ਪਿੱਛੇ ਸਿੱਖ ਭਾਈਚਾਰੇ ਦੇ ਜ਼ਖਮਾਂ ਨੂੰ ਠੀਕ ਕਰਨਾ ਅਤੇ ਪੰਜਾਬ ਵਿਚ ਅੱਤਵਾਦ ਨੂੰ ਦੁਬਾਰਾ ਜੀਵਤ ਕਰਨ ਦੀ ਪਾਕਿਸਤਾਨ ਦੀ ਜਾਸੂਸੀ ਏਜੰਸੀ ਆਈਐਸਆਈ ਵੱਲੋਂ ਸਾਜਿਸ਼ ਨਾਲ 'ਵਿਦੇਸ਼ ਵਿਚ ਰਹਿਣ ਵਾਲੇ ਕੱਟੜ ਪੱਖੀਆਂ ਨੂੰ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਕਸ਼ਮੀਰ ਅਤੇ ਪੰਜਾਬ ਵਿਚ ਭਾਵਨਾਵਾਂ ਦਾ ਫਾਇਦਾ ਚੁੱਕਣ ਦੀ ਪਾਕਿਸਤਾਨ ਦੀ ਆਈਐਸਆਈ ਦੀ 'ਕੇ2' ਯੋਜਨਾ ਦਾ ਹਿੱਸਾ ਹੈ। ਇਸ ਮਾਮਲੇ ਤੋਂ ਜਾਣੂ ਇਕ ਅਧਿਕਾਰੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਕਸ਼ਮੀਰ ਨੂੰ ਵਿਕਾਸ ਦੇ ਰਸਤੇ ਉਤੇ ਲਿਆਉਣ ਲਈ ਧਾਰਾ 370 ਨੂੰ ਰੱਦ ਕਰਨ ਅਤੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਦੇ ਮਕਸਦ ਨਾਲ ਇਸ ਤਰੀਕੇ ਨਾਲ ਜਵਾਬ ਦਿੱਤਾ ਹੈ। ਅੱਠ ਸਿੱਖਾਂ ਨੂੰ ਰਿਹਾਅ ਕਰਨ ਪਿੱਛੇ ਸਰਕਾਰ ਦੀ ਕੋਸ਼ਿਸ਼ ਹੈ ਕਿ ਸਿੱਖਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕੀਤਾ ਜਾਵੇ ਤਾਂ ਕਿ ਪਾਕਿਸਤਾਨ ਆਪਣੇ ਮਨਸੂਬਿਆਂ ਵਿਚ ਕਾਮਯਾਬ ਨਾ ਹੋ ਸਕੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਇਹ ਫੈਸਲਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਵੱਲੋਂ ਇੰਟਲੀਜੈਂਸ ਬਿਊਰੋਅਤੇ ਰਿਸਰਚ ਐਂਡ ਐਨਾਲਿਸਿਸ ਵਿੰਗ ਦੇ ਪ੍ਰਮੁੱਖਾਂ ਨਾਲ ਨਾਲ ਮਿਲਕੇ ਕੀਤਾ ਗਿਆ ਹੈ।

# ਅਮਰੀਕੀ ਚੋਣਾਂ ਤੋਂ ਪਹਿਲਾਂ ਡਿਜੀਟਲ ਖਤਰੇ ਕਈ ਗੁਣਾ ਵਧੇ

ਅਮਰੀਕਾ ਵਿਚ 2020 ਵਿਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਡਿਜੀਟਲ ਖਤਰੇ ਕਈ ਗੁਣਾ ਵੱਧ ਗਏ ਹਨ। ਇਹ ਖਤਰੇ ਕਈ ਤਰ੍ਹਾਂ ਦੇ ਹੋ ਸਕਦੇ ਹਨ। ਮਾਹਰਾਂ ਮੁਤਾਬਕ ਹੋ ਸਕਦਾ ਹੈ ਇਹ ਇਕ ਉਮੀਦਵਾਰ ਨੂੰ ਸ਼ਰਮਿੰਦਾ ਕਰਨ ਵਾਲਾ ਵੀਡੀਓ ਹੋਵੇ ਜਾਂ ਰੈਨਸਮਵੇਅਰ ਨਾਲ ਕੰਪਿਊਟਰ ਵੋਟਿੰਗ ਸਿਸਟਮ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ ਜਾਂ ਬਿਨਾਂ ਪੇਪਰ ਬੈਕਅੱਪ ਵਾਲੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਚੋਣ ਸੁਰੱਖਿਆ ਦੇ ਮੱਦੇਨਜ਼ਰ ਡਿਜੀਟਲ ਖਤਰੇ ਵੱਧਣ ਨਾਲ ਪ੍ਰਭਾਵਿਤ ਨਤੀਜੇ ਆਉਣ ਦਾ ਖਦਸ਼ਾ ਹੈ। ਫੇਸਬੁੱਕ ਅਤੇ ਸੋਸ਼ਲ ਮੀਡੀਆ ਦੇ ਹੋਰ ਪਲੇਟਫਾਰਮਾਂ 'ਤੇ ਵੱਡੇ ਪੱਧਰ 'ਤੇ ਗਲਤ ਸੂਚਨਾ ਮੁਹਿੰਮ ਚਲਾਏ ਜਾਣ ਦੇ ਖੁਲਾਸੇ ਦੇ ਬਾਅਦ ਚਿੰਤਾਵਾਂ ਕਾਫੀ ਵੱਧ ਗਈਆਂ ਹਨ, ਜੋ ਵੱਡੇ ਪੱਧਰ 'ਤੇ 2016 ਵਿਚ ਕਥਿਤ ਤੌਰ 'ਤੇ ਰੂਸੀ ਜਾਸੂਸਾਂ ਦੇ ਇਸ਼ਾਰੇ 'ਤੇ ਚਲਾਈਆਂ ਗਈਆਂ ਸਨ। ਵਿਸ਼ੇਸ਼ ਵਕੀਲ ਰੌਬਰਟ ਮੂਲਰ ਨੇ ਇਸ ਦੇ ਬਾਰੇ ਵਿਚ ਵਿਸਥਾਰ ਨਾਲ ਦੱਸਿਆ, ਜਿਨ੍ਹਾਂ ਦੇ ਦਫਤਰ ਨੇ ਚੋਣ ਵਿਚ ਦਖਲ ਅੰਦਾਜ਼ੀ ਦੇ ਸੰਬੰਧ ਵਿਚ ਕਈ ਸਬੂਤ ਹਾਸਲ ਕੀਤੇ ਸਨ। ਸਟੈਨਫੋਰਡ ਯੂਨੀਵਰਸਿਟੀ ਦੇ 'ਸਾਈਬਰ ਪਾਲਿਸੀ ਸੈਂਟਰ' ਦੀ ਇਕ ਰਿਪੋਰਟ ਵਿਚ ਕਿਹਾ ਗਿਆ,"ਚੋਣਾਂ ਦੌਰਾਨ ਸਾਈਬਰ ਦਖਲ ਅੰਦਾਜ਼ੀ ਅਤੇ ਗਲਤ ਸੂਚਨਾ ਮੁਹਿੰਮ ਹਰ ਜਗ੍ਹਾ ਲੋਕਤੰਤਰ ਲਈ ਇਕ ਬਹੁਤ ਵੱਡੀ ਚੁਣੌਤੀ ਬਣ ਗਈ ਹੈ।

# ਬੀਜੇਪੀ ਨਾਲ ਟੁੱਟਣ ਮਗਰੋਂ ਅਕਾਲੀ ਦਲ ਨੇ ਇਨੈਲੋ ਨਾਲ ਲਾਈ ਯਾਰੀ





ਚੰਡੀਗੜ੍ਹ: ਹਰਿਆਣਾ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਇਕੱਠੇ ਜ਼ਿਮਨੀ ਚੋਣਾਂ ਲੜਨਗੇ। ਬੁੱਧਵਾਰ ਨੂੰ ਪ੍ਰਧਾਨ ਸੁਖਬੀਰ ਬਾਦਲ ਨੇ ਇਸ ਦਾ ਐਲਾਨ ਕੀਤਾ। ਸੁਖਬੀਰ ਨੇ ਦੱਸਿਆ ਕਿ ਰਤੀਆ ਤੇ ਕੋਲਿਆਂਵਾਲੀ ਤੋਂ ਦੋਵਾਂ ਪਾਰਟੀਆਂ ਦਾ ਇੱਕ-ਇੱਕ ਉਮੀਦਵਾਰ ਖੜਾ ਕੀਤਾ ਜਾਏਗਾ। ਵੀਰਵਾਰ ਨੂੰ ਪਰਕਾਸ਼ ਸਿੰਘ ਬਾਦਲ ਤੇ ਓਮ ਪ੍ਰਕਾਸ਼ ਚੌਟਾਲਾ ਦੋਵਾਂ ਉਮੀਦਵਾਰਾਂ ਨਾਲ ਨਾਮਜਦਗੀਆਂ ਭਰਨ ਜਾਣਗੇ। ਸੁਖਬੀਰ ਬਾਦਲ ਨੇ ਦੱਸਿਆ ਕਿ ਵੀਰਵਾਰ ਨੂੰ ਸਵੇਰੇ 10 ਵਜੇ ਕੋਲਿਆਂਵਾਲੀ ਹਲਕੇ ਤੋਂ ਅਕਾਲੀ ਦਲ ਦੇ ਉਮੀਦਵਾਰ ਰਜਿੰਦਰ ਸਿੰਘ ਦੇਸੂਜੋਧਾ ਆਪਣੀ ਨਾਮਜ਼ਦਗੀ ਭਰਨਗੇ ਜਦਕਿ ਰਤੀਆ ਤੋਂ ਇਨੈਲੋ ਦੇ ਉਮੀਦਵਾਰ ਕੁਲਵਿੰਦਰ ਸਿੰਘ ਕੁਨਾਲ ਦੁਪਹਿਰ 12 ਵਜੇ ਆਪਣੇ ਕਾਗਜ਼ ਦਾਖ਼ਲ ਕਰਾਉਣਗੇ। ਦਰਅਸਲ ਸ਼੍ਰੋਮਣੀ ਅਕਾਲੀ ਦਲ ਨੂੰ ਬੀਜੇਪੀ ਹਾਈਕਮਾਨ ਵੱਲੋਂ ਵੀ ਹਰਿਆਣਾ ਵਿੱਚ ਚੋਣ ਲੜਨ ਦੀ ਸਹਿਮਤੀ ਨਹੀਂ ਮਿਲੀ। ਅਸ ਲਈ ਸ਼੍ਰੋਮਣੀ ਅਕਾਲੀ ਦਲ ਹਰਿਆਣਾ ਵਿੱਚ ਬੀਜੇਪੀ ਨੂੰ ਛੱਡ ਬਾਕੀ ਪਾਰਟੀਆਂ ਨਾਲ ਗਠਜੋੜ ਕਰ ਕੇ ਆਪਣੇ ਉਮੀਦਵਾਰ ਉਤਾਰ ਰਿਹਾ ਹੈ। ਹਰਿਆਣਾ ਦੇ ਕਾਲਿਆਂਵਾਲੀ ਹਲਕੇ ਦੇ ਅਕਾਲੀ ਦਲ ਵਿਧਾਇਕ ਬਲਕੌਰ ਸਿੰਘ ਨੇ ਬੀਜੇਪੀ ਦਾ ਪੱਲਾ ਫੜਿਆ ਤੇ ਬੀਜੇਪੀ ਨੇ ਉਨ੍ਹਾਂ ਨੂੰ ਟਿਕਟ ਦਿੱਤੀ ਤੇ ਅਕਾਲੀ ਦਲ ਨੇ ਵੀ ਬੀਜੇਪੀ ਦੇ ਵਿਧਾਇਕ ਨੂੰ ਟਿਕਟ ਦੇ ਦਿੱਤੀ ਜੋ ਬੀਜੇਪੀ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਹਨ।

# ਗੁਲਾਲਾਈ ਬਣੀ ਪਾਕਿਸਤਾਨ 'ਚ ਮਨੁੱਖੀ ਅਧਿਕਾਰਾਂ ਦੀ ਲੜਾਈ ਦਾ ਨਵਾਂ ਚਿਹਰਾ



ਨਿਊਯਾਰਕ ਮਹਿਲਾ ਅਧਿਕਾਰ ਕਾਰਕੁੰਨ ਗੁਲਾਲਾਈ ਇਸਮਾਈਲ, ਜੋ ਕਿ ਕਿਸੇ ਤਰ੍ਹਾਂ ਪਾਕਿਸਤਾਨ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋਈ, ਅੱਜ ਕੱਲ੍ਹ ਅਮਰੀਕਾ ਵਿੱਚ ਪਾਕਿਸਤਾਨ ਵਿਰੋਧੀ ਪ੍ਰਦਰਸ਼ਨ ਦਾ ਚਿਹਰਾ ਬਣ ਗਈ ਹੈ। ਉਹ ਸੰਯੁਕਤ ਰਾਸ਼ਟਰ ਵਿੱਚ ਇੱਕ ਰਾਜਨੀਤਿਕ ਸ਼ਰਨਾਰਥੀ ਵਜੋਂ ਰਹਿਣ ਦੀ ਆਗਿਆ ਮੰਗ ਰਹੀ ਹੈ। ਪਿਛਲੇ ਸ਼ੁੱਕਰਵਾਰ ਨੂੰ ਉਸ ਨੂੰ ਨਿਊਯਾਰਕ ਦੀਆਂ ਸੜਕਾਂ 'ਤੇ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨਾਲ ਹੋ ਰਹੇ ਅੱਤਿਆਚਾਰ ਵਿਰੁੱਧ ਪ੍ਰਦਰਸ਼ਨ ਕਰਦੇ ਵੇਖਿਆ ਗਿਆ ਸੀ। ਉਹ ਇੱਕ ਮਹੀਨੇ ਪਹਿਲਾਂ ਹੀ ਨਿਊਯਾਰਕ ਪਹੁੰਚੀ ਸੀ।

ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਸੰਯੁਕਤ ਰਾਸ਼ਟਰ ਮਹਾਂਸਭਾ ਵਿੱਚ ਜੰਗੀ ਭਾਸ਼ਣ ਦੇ ਰਹੇ ਸਨ। ਉਸ ਸਮੇਂ ਗੁਲਾਲਾਈ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ਦੇ ਬਾਹਰ ਮੁਹਾਜਰਾਂ, ਪਸ਼ਤੂਨਾਂ, ਬਲੋਚੀਆਂ, ਸਿੰਧੀਆਂ ਅਤੇ ਕਈ ਹੋਰ ਘੱਟ ਗਿਣਤੀਆਂ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੀ ਸੀ। ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਦੇ ਹੱਥਾਂ ਵਿੱਚ ਤਖ਼ਤੀਆਂ ਸਨ ਅਤੇ 'ਪਾਕਿਸਤਾਨ ਲਈ ਕੋਈ ਹੋਰ ਖਾਲੀ ਚੈਕ ਨਹੀਂ' (ਹੁਣ ਪਾਕਿਸਤਾਨ ਲਈ ਕੋਈ ਸਹਾਇਤਾ ਨਹੀਂ) ਅਤੇ 'ਪਾਕਿਸਤਾਨ ਦੀ ਫੌਜ ਮੈਦਾਨ ਵਿੱਚ ਰਾਜਨੀਤੀ ਬੰਦ ਕਰੋ' ਵਰਗੇ ਨਾਹਰੇ ਲਗਾ ਰਹੇ ਸਨ। ਨਿਊਯਾਰਕ ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਖ਼ਿਲਾਫ਼ ਇੱਕ ਪ੍ਰਦਰਸ਼ਨ ਵਿੱਚ ਗੁਲਾਲਾਈ ਨੇ ਕਿਹਾ ਕਿ ਪਾਕਿਸਤਾਨ ਵਿੱਚ ਅੱਤਵਾਦ ਖ਼ਾਤਮ ਕਰਨ ਦੇ ਨਾਮ 'ਤੇ ਨਿਰਦੋਸ਼ ਪਸ਼ਤੂਨਾਂ ਨੂੰ ਮਾਰਿਆ ਜਾ ਰਿਹਾ ਹੈ। ਹਜ਼ਾਰਾਂ ਲੋਕ ਨਜ਼ਰਬੰਦੀ ਕੇਂਦਰਾਂ ਵਿੱਚ ਕੈਦ ਹੋ ਚੁੱਕੇ ਹਨ।

# ਇਹ ਹਨ ਦੁਨੀਆ ਦੇ ਸਭ ਤੋਂ ਲੰਬੀ ਦੂਰੀ ਦੇ ਹਵਾਈ ਸਫਰ, ਲੱਗਦੇ ਹਨ 17 ਤੋਂ ਵਧੇਰੇ ਘੰਟੇ



ਵਾਸ਼ਿੰਗਟਨ— ਹਵਾਈ ਸਫਰ ਆਪਣੇ ਆਪ 'ਚ ਇਕ ਰੋਮਾਂਚਕ ਤਜ਼ਰਬਾ ਹੁੰਦਾ ਹੈ। ਹੁਣ ਤੱਕ ਤੁਸੀਂ ਕਿੰਨੀ ਲੰਬੀ ਯਾਤਰਾ ਕੀਤੀ ਹੈ, ਤਿੰਨ ਤੋਂ ਪੰਜ ਘੰਟੇ, 10 ਘੰਟੇ ਜਾਂ 15 ਘੰਟੇ! ਪਰ ਕੀ ਤੁਸੀਂ ਜਾਣਦੇ ਹੋ ਕਿ ਆਸਟ੍ਰੇਲੀਅਨ ਏਅਰਲਾਈਨ ਕਵਾਂਟਾਸ ਏਅਰਵੇਜ਼ ਦੁਨੀਆ ਦੀ ਸਭ ਤੋਂ ਲੰਬੀ ਦੂਰੀ ਵਾਲੀ ਉਡਾਣ ਦੀ ਟੈਸਟਿੰਗ ਕਰ ਰਹੀ ਹੈ। ਇਸ ਯਾਤਰਾ ਦੌਰਾਨ ਯਾਤਰੀ 19 ਘੰਟੇ ਫਲਾਈਟ 'ਚ ਹੀ ਰਹਿਣਗੇ।

**ਦੁਨੀਆ ਦੀਆਂ 5 ਸਭ ਤੋਂ ਲੰਬੀ ਦੂਰੀ ਦੀਆਂ ਉਡਾਣਾਂ**

**ਸਿੰਗਾਪੁਰ ਤੋਂ ਅਮਰੀਕਾ**

ਸਿੰਗਾਪੁਰ ਤੋਂ ਅਮਰੀਕਾ ਦੀ ਨਿਊਯਾਰਕ ਸਿਟੀ ਦਾ ਸਫਰ 16 ਹਜ਼ਾਰ 737 ਕਿਲੋਮੀਟਰ ਲੰਬਾ ਹੈ। ਪਿਛਲੇ ਸਾਲ ਅਕਤੂਬਰ 'ਚ ਸ਼ੁਰੂ ਹੋਈ ਫਲਾਈਟ ਨਾਨ-ਸਟਾਪ 17 ਘੰਟੇ 25 ਮਿੰਟ 'ਚ ਇਹ ਸਫਰ ਪੂਰਾ ਕਰਦੀ ਹੈ। ਸਿੰਗਾਪੁਰ ਏਅਰਲਾਈਨ ਇਸ ਨੂੰ ਸਭ ਤੋਂ ਲੰਬੀ ਦੂਰੀ ਦੀ ਉਡਾਣ ਹੋਣ ਦਾਅਵਾ ਕਰਦੀ ਹੈ।

**ਦੋਹਾ ਤੋਂ ਆਕਲੈਂਡ**

ਕਤਰ ਏਅਰਵੇਜ਼ ਦੀ ਫਲਾਈਟ ਦੋਹਾ ਤੋਂ ਨਿਊਜ਼ੀਲੈਂਡ ਦੇ ਆਕਲੈਂਡ ਸ਼ਹਿਰ ਦਾ ਸਫਰ ਤੈਅ ਕਰਦੀ ਹੈ। ਇਹ ਸਫਰ 14 ਹਜ਼ਾਰ 535 ਕਿਲੋਮੀਟਰ ਲੰਬਾ ਹੈ। ਆਕਲੈਂਡ ਤੋਂ ਕਤਰ ਤੱਕ ਸਫਰ ਕਰਨ 'ਚ ਇਹ ਫਲਾਈਟ 17.30 ਘੰਟੇ ਦਾ ਸਮਾਂ ਲੈਂਦੀ ਹੈ। ਇਸ ਦੌਰਾਨ ਇਹ 10 ਟਾਈਮ ਜ਼ੋਨ ਨੂੰ ਪਾਰ ਕਰਦੀ ਹੈ।

**ਪਨਾਮਾ ਤੋਂ ਦੁਬਈ**

ਅਮਰੀਕੀ ਮਹਾਦੀਪ ਦੇ ਪਨਾਮਾ ਤੋਂ ਦੁਬਈ ਦੇ ਵਿਚਾਲੇ ਚੱਲਣ ਵਾਲੀ ਏਅਰਲਾਈਨ ਐਮੀਰਾਤ ਆਪਣੇ ਡੈਸਟੀਨੇਸ਼ਨ ਤੱਕ ਪਹੁੰਚਣ ਲਈ 13,825 ਕਿਲੋਮੀਟਰ ਦੀ ਸਫਰ ਤੈਅ ਕਰਦੀ ਹੈ। ਨਾਨ-ਸਟਾਪ ਫਲਾਈਟ ਦੇ ਨਜ਼ਰੀਏ ਨਾਲ ਬੋਇੰਗ777-200ਐੱਲਆਰ ਫਲਾਈਟ ਦਾ ਨਾਂ ਸਭ ਤੋਂ ਲੰਬੀ ਦੂਰੀ ਦੀਆਂ ਫਲਾਈਟਾਂ 'ਚ ਸ਼ੁਮਾਰ ਹੈ।

**ਡਲਾਸ ਤੋਂ ਸਿਡਨੀ**

ਅਮਰੀਕਾ ਦੇ ਟੈਕਸਾਸ ਸੂਬੇ ਦੇ ਡਲਾਸ ਤੋਂ ਆਸਟ੍ਰੇਲੀਆ ਦੇ ਸ਼ਹਿਰ ਸਿਡਨੀ ਦੇ ਵਿਚਾਲੇ ਚੱਲਣ ਵਾਲੀ ਏਅਰਲਾਈਨ ਕਵਾਂਟਾਸ ਆਪਣੇ ਡੈਸਟੀਨੇਸ਼ਨ ਤੱਕ ਪਹੁੰਚਣ ਲਈ 13,805 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ, ਜਿਸ ਲਈ ਇਹ 16 ਘੰਟੇ 55 ਮਿੰਟ ਦਾ ਸਮਾਂ ਲੈਂਦੀ ਹੈ। ਸਾਲ 2014 ਤੋਂ ਸ਼ੁਰੂ ਇਸ ਏਅਰਬੱਸ ਦਾ ਨਾਂ ਏ380-800 ਹੈ।

**ਦੁਬਈ ਤੋਂ ਨਿਊਜ਼ੀਲੈਂਡ**

ਐਮੀਰਾਤ ਏਰਲਾਈਨ ਸੰਯੁਕਤ ਅਰਬ ਅਮੀਰਾਤ ਦੇ ਦੁਬਈ ਤੋਂ ਨਿਊਜ਼ੀਲੈਂਡ ਦੇ ਵਿਚਾਲੇ ਉਡਾਣ ਭਰਦੀ ਹੈ। ਇਸ ਉਡਾਣ ਦੌਰਾਨ ਫਲਾਈਟ 14,192 ਕਿਲੋਮੀਟਰ ਦਾ ਸਫਰ ਤੈਅ ਕਰਦੀ ਹੈ, ਜਿਸ ਨੂੰ ਪੂਰਾ ਕਰਨ 'ਚ 17 ਘੰਟੇ 15 ਮਿੰਟ ਲੱਗਦੇ ਹਨ।

# ਭਾਰਤ ਦੇ ਬਾਅਦ ਅਮਰੀਕਾ ਚ ਸਭ ਤੋਂ ਵੱਧ ਹਨ ਗਾਂਧੀ ਦੇ ਸਮਾਰਕ ਤੇ ਮੂਰਤੀਆਂ



ਵਾਸ਼ਿੰਗਟਨ— ਮਹਾਤਮਾ ਗਾਂਧੀ ਦੀ 150ਵੀਂ ਜਯੰਤੀ ਮਨਾਉਣ ਲਈ ਦੁਨੀਆ ਭਰ ਵਿਚ ਤਿਆਰੀਆਂ ਚੱਲ ਰਹੀਆਂ ਹਨ। ਅਮਰੀਕਾ ਇਕ ਅਜਿਹਾ ਦੇਸ਼ ਹੈ ਜਿੱਥੇ ਭਾਵੇਂ ਮਹਾਤਮਾ ਗਾਂਧੀ ਕਦੇ ਨਹੀਂ ਗਏ ਪਰ ਉਨ੍ਹਾਂ ਦੇ ਸਮਾਰਕ ਅਤੇ ਮੂਰਤੀਆਂ ਵੱਡੀ ਗਿਣਤੀ ਵਿਚ ਹਨ। ਇਸ ਦੇ ਇਲਾਵਾ ਇੱਥੇ ਉਨ੍ਹਾਂ ਦੇ ਚੇਲਿਆਂ ਵਿਚ ਇੱਥੋਂ ਦੇ ਵੈਟਰਨ ਨੇਤਾ ਵੀ ਸ਼ਾਮਲ ਹਨ। ਭਾਵੇਂਕਿ ਇਨ੍ਹਾਂ ਮੂਰਤੀਆਂ ਅਤੇ ਸਮਾਰਕਾਂ ਦੀ ਗਿਣਤੀ ਨੂੰ ਲੈ ਕੇ ਕੋਈ ਅਧਿਕਾਰਕ ਅੰਕੜਾ ਨਹੀਂ ਹੈ ਪਰ ਪੀ.ਟੀ.ਆਈ. ਨੇ ਉਪਲਬਧ ਸਰੋਤਾਂ ਦੇ ਹਵਾਲੇ ਨਾਲ ਜਾਣਕਾਰੀ ਇਕੱਠੀ ਕੀਤੀ ਹੈ। ਇਹ ਜਾਣਕਾਰੀ ਇਸ ਗੱਲ ਵੱਲ ਸੰਕੇਤ ਕਰਦੀ ਹੈ ਕਿ ਅਮਰੀਕਾ ਵਿਚ ਮਹਾਤਮਾ ਗਾਂਧੀ ਦੀਆਂ ਦੋ ਦਰਜਨ ਤੋਂ ਜ਼ਿਆਦਾ ਮੂਰਤੀਆਂ ਹਨ। ਇੱਥੇ ਇਕ ਦਰਜਨ ਤੋਂ ਵੱਧ ਸੋਸਾਇਟੀ ਅਤੇ ਸੰਗਠਨ ਗਾਂਧੀ ਨਾਲ ਜੁੜੇ ਹਨ। ਮਸ਼ਹੂਰ ਭਾਰਤੀ ਅਮਰੀਕੀ ਸੁਭਾਸ਼ ਰਾਜਦਾਨ ਨੇ ਪੀ.ਟੀ.ਆਈ. ਨੂੰ ਇਕ ਇੰਟਰਵਿਊ ਵਿਚ ਦੱਸਿਆ,"ਭਾਰਤ ਤੋਂ ਬਾਹਰ ਅਮਰੀਕਾ ਵਿਚ ਸਭ ਤੋਂ ਵੱਧ ਮਹਾਤਮਾ ਗਾਂਧੀ ਦੇ ਸਮਾਰਕ ਅਤੇ ਮੂਰਤੀਆਂ ਹਨ।" ਗਾਂਧੀ ਨਾਲ ਸਬੰਧਤ ਪਹਿਲਾ ਸਮਾਰਕ ਕੇਂਦਰ ਵਾਸ਼ਿੰਗਟਨ ਡੀ.ਸੀ. ਦੇ ਮੈਰੀਲੈਂਡ ਦੇ ਬੇਥਿਸਡਾ ਵਿਚ ਸਥਿਤ ਗਾਂਧੀ ਮੈਮੋਰੀਅਲ ਸੈਂਟਰ ਵਿਚ ਬਣਿਆ ਸੀ। ਇਹ ਹੁਣ ਵੀ ਕੰਮ ਕਰ ਰਿਹਾ ਹੈ ਅਤੇ ਗਾਂਧੀ ਦੇ ਵਿਚਾਰਾਂ ਅਤੇ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਕਰਨ ਵਿਚ ਲੱਗਾ ਹੋਇਆ ਹੈ। ਉੱਥੇ 2 ਅਕਤੂਬਰ, 1986 ਵਿਚ ਨਿਊਯਾਰਕ ਸਿਟੀ ਦੇ ਲੋਕਪ੍ਰਿਅ ਯੂਨੀਅਨ ਸਕਵਾਇਰ ਪਾਰਕ ਵਿਚ ਪਹਿਲੀ ਵਾਰ ਗਾਂਧੀ ਦੀ ਇੰਨੀ ਵੱਡੀ ਮੂਰਤੀ ਲੱਗੀ ਸੀ। ਅਟਲਾਂਟਾ ਦੇ 'ਦੀ ਗਾਂਧੀ ਫਾਊਂਡੇਸ਼ਨ ਆਫ ਯੂ.ਐੱਸ.ਏ.' ਦੇ ਪ੍ਰਧਾਨ ਰਾਜਦਾਨ ਅਮਰੀਕਾ ਵਿਚ ਗਾਂਧੀ ਦੀਆਂ ਕਈ ਮੂਰਤੀਆਂ ਨੂੰ ਸਥਾਪਿਤ ਕਰਨ ਦੇ ਕੰਮ ਵਿਚ ਲੱਗੇ ਹੋਏ ਹਨ। ਉਨ੍ਹਾਂ ਨੂੰ 2013 ਵਿਚ 'ਪ੍ਰਵਾਸੀ ਭਾਰਤੀ ਸਨਮਾਨ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ।

ਮੂਰਤੀਆਂ ਦੇ ਇਲਾਵਾ ਅਮਰੀਕਾ ਵਿਚ ਵੱਡੀ ਗਿਣਤੀ ਵਿਚ ਲੋਕ ਗਾਂਧੀ ਦੇ ਚੇਲੇ ਹਨ। ਇਨ੍ਹਾਂ ਵਿਚ ਗੈਰ ਗੋਰੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਮਾਰਟੀਨ ਲੂਥਰ ਜੂਨੀਅਰ ਕਿੰਗ ਸ਼ਾਮਲ ਹਨ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਕਈ ਹੋਰ ਨੇਤਾ ਮਹਾਤਮਾ ਗਾਂਧੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਸਨ। ਇਹੀ ਕਾਰਨ ਹੈ ਕਿ ਭਾਰਤ ਤੋਂ ਬਾਹਰ ਸਭ ਤੋਂ ਵੱਧ ਗਿਣਤੀ ਵਿਚ ਅਮਰੀਕਾ ਵਿਚ ਗਾਂਧੀ ਦੀਆਂ ਮੂਰਤੀਆਂ ਅਤੇ ਸਮਾਰਕ ਹਨ। ਮੌਜੂਦਾ ਸਮੇਂ ਵਿਚ ਮਹਾਤਮਾ ਗਾਂਧੀ ਦੀ ਮੂਰਤੀ ਸਾਰੇ ਮੁੱਖ ਸ਼ਹਿਰਾਂ ਵਿਚ ਹੈ। ਇਸ ਵਿਚ ਵਾਸ਼ਿੰਗਟਨ ਡੀ.ਸੀ. ਵੀ ਸ਼ਾਮਲ ਹੈ। ਇੱਥੇ ਭਾਰਤੀ ਦੂਤਾਵਾਸ ਦੇ ਸਾਹਮਣੇ ਉਨ੍ਹਾਂ ਦੀ ਮੂਰਤੀ ਹੈ। ਇਸ ਦਾ ਉਦਘਾਟਨ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪੇਈ ਅਤੇ ਅਮਰੀਕਾ ਦੇ ਉਸ ਸਮੇਂ ਦੇ ਰਾਸ਼ਟਰਪਤੀ ਬਿਲ ਕਲਿੰਟਨ ਨੇ 16 ਸਤੰਬਰ, 2000 ਵਿਚ ਕੀਤਾ ਸੀ। ਗਾਂਧੀ ਦੀ ਮੂਰਤੀ ਮਾਰਟੀਨ ਲੂਥਰ ਕਿੰਗ ਮੈਮੋਰੀਅਲ ਸਿਟੀ ਪਾਰਕ, ਡੈਨਵਰ ਕੋਲੋਰਾਡੋ, ਪੀਸ ਗਾਰਡਨ, ਫ੍ਰੇਸਨੋ ਸਟੇਟ ਯੂਨੀਵਰਸਿਟੀ, ਫ੍ਰੇਸਨੋ ਕੈਲੀਫੋਰਨੀਆ ਵਿਚ ਹੈ। ਮਹਾਤਮਾ ਗਾਂਧੀ ਦੀ 7 ਫੁੱਟ ਲੰਬੀ ਕਾਂਸੇ ਦੀ ਮੂਰਤੀ ਦਾ ਡੇਵੀ ਫਲੋਰੀਡਾ ਵਿਚ ਉਦਘਾਟਨ ਸਾਬਕਾ ਰਾਸ਼ਟਰਪਤੀ ਏ.ਪੀ.ਜੇ. ਅਬਦੁੱਲ ਕਲਾਮ ਨੇ 2012 ਵਿਚ ਕੀਤਾ ਸੀ। ਉੱਥੇ 2017 ਵਿਚ ਇਲੀਨੋਇਸ ਵਿਚ ਮਹਾਤਮਾ ਗਾਂਧੀ ਦੀ ਇਕ ਆਦਮਕੱਦ ਮੂਰਤੀ ਲੌਇਨਜ਼ ਇੰਟਰਨੈਸ਼ਨਲ ਦੇ ਹੈੱਡਕੁਆਰਟਰ ਵਿਚ ਲਗਾਈ ਗਈ ਸੀ।

## ਪੰਜਾਬੀ ਨੌਜਵਾਨ ਨੇ ਕੀਤੀ ਅਜਿਹੀ ਕਰਤੂਤ ਕਿ ਮਿਲੀ 17 ਸਾਲ ਦੀ ਕੈਦ



ਲੰਡਨ— ਬੀਤੇ ਦਿਨੀਂ ਇੰਗਲੈਂਡ ਦੀ ਅਦਾਲਤ ਨੇ ਇਕ ਪੰਜਾਬੀ ਨੂੰ 17 ਸਾਲਾਂ ਦੀ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਨੇ ਇਕ ਕੁੜੀ ਨਾਲ ਜਬਰ ਜਨਾਹ ਕੀਤਾ ਸੀ। ਵਿਅਕਤੀ ਦੀ ਪਛਾਣ ਗੁਰਪਾਲ ਸਿੰਘ ਗਿੱਲ ਵਜੋਂ ਕੀਤੀ ਗਈ ਹੈ। ਲੈਸਟਰ ਕਰਾਊਨ ਕੋਰਟ ਵਲੋਂ ਸਜ਼ਾ ਸੁਣਾਉਂਦਿਆਂ ਦੱਸਿਆ ਗਿਆ ਕਿ 23 ਮਈ ਨੂੰ ਉਸ ਨੇ ਸ਼ਾਮ ਸਮੇਂ ਇਕ 20 ਸਾਲਾ ਕੁੜੀ ਨਾਲ ਜਬਰ ਜਨਾਹ ਕੀਤਾ ਜੋ ਕਿ ਆਪਣੇ ਕੁੱਤੇ ਨੂੰ ਘੁੰਮਾਉਣ ਲਈ ਆਈ ਹੋਈ ਸੀ। ਕੁੜੀ ਨੇ ਦੱਸਿਆ ਕਿ ਉਹ ਆਪਣਾ ਕੁੱਤਾ ਘੁੰਮਾ ਰਹੀ ਸੀ ਤੇ ਉਸ ਨੇ ਹੈੱਡਫੋਨ ਲਗਾਏ ਸਨ। ਉਸ ਨੇ ਦੇਖਿਆ ਕਿ ਇਕ ਵਿਅਕਤੀ ਕੁੱਝ ਕਹਿ ਰਿਹਾ ਹੈ। ਉਸ ਨੂੰ ਲੱਗਾ ਕਿ ਉਹ ਉਸ ਕੋਲੋਂ ਰਸਤਾ ਪੁੱਛ ਰਿਹਾ ਹੈ ਪਰ ਨਸ਼ੇ 'ਚ ਧੁੱਤ ਗੁਰਪਾਲ ਕੁੜੀ ਨੂੰ ਸੰਘਣੇ ਜੰਗਲ 'ਚ ਖਿੱਚ ਕੇ ਲੈ ਗਿਆ ਜਿੱਥੇ ਉਸ ਨੇ ਉਸ ਨਾਲ ਜਬਰ ਜਨਾਹ ਕੀਤਾ। ਉਹ ਕੁੜੀ ਨੂੰ ਜਾਨੋਂ ਮਾਰਨ ਦੀ ਧਮਕੀ ਦੇ ਕੇ 3 ਦਿਨਾਂ ਤਕ ਲੁਕਿਆ ਰਿਹਾ ਤੇ ਫਿਰ ਉਸ ਨੇ ਆਤਮ-ਸਮਰਪਣ ਕਰ ਦਿੱਤਾ। ਹਾਲਾਂਕਿ ਉਸ ਦਾ ਕਹਿਣਾ ਸੀ ਕਿ ਉਸ ਨੇ ਕੁੜੀ ਦੀ ਮਰਜ਼ੀ ਨਾਲ ਸਬੰਧ ਬਣਾਏ ਸਨ ਪਰ ਕੁੜੀ ਨੇ ਪੁਲਸ ਨੂੰ ਸਾਰਾ ਸੱਚ ਦੱਸ ਦਿੱਤਾ ਸੀ। ਜ਼ਿਕਰਯੋਗ ਹੈ ਕਿ ਗੁਰਪਾਲ 'ਤੇ ਜਰਮਨੀ 'ਚ ਵੀ ਅਜਿਹੇ ਦੋ ਦੋਸ਼ ਲੱਗ ਚੁੱਕੇ ਹਨ ਤੇ ਉਸ ਦੀ ਭਾਲ ਕੀਤੀ ਜਾ ਰਹੀ ਸੀ। ਇਸ ਦੇ ਇਲਾਵਾ ਉਹ ਇੰਗਲੈਂਡ 'ਚ ਪਿਛਲੇ 7 ਸਾਲਾਂ ਤੋਂ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਸੀ। ਕਿਹਾ ਜਾ ਰਿਹਾ ਹੈ ਕਿ 17 ਸਾਲਾਂ ਦੀ ਸਜ਼ਾ ਭੁਗਤਣ ਮਗਰੋਂ ਉਸ ਨੂੰ ਦੇਸ਼ 'ਚੋਂ ਬਾਹਰ ਕੱਢਿਆ ਜਾ ਸਕਦਾ ਹੈ।

# ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲ ਹੁਣ ਅੰਗਰੇਜ਼ੀ ਵਿੱਚ ਵੀ ਉਪਲਬਧ




ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ) ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਬਾਰੇ ਕਿਸੇ ਪੰਜਾਬੀ ਮਾਂ ਬੋਲੀ ਦੇ ਪੁੱਤਰ ਨੂੰ ਦੱਸਣ ਦੀ ਲੋੜ ਨਹੀਂ। ਪੰਜਾਬੀ ਮਾਂ ਬੋਲੀ ਨਾਲ਼ ਮਾੜੀ-ਮੋਟੀ ਮੱਸ ਰੱਖਣ ਵਾਲ਼ਾ ਹਰ ਪੰਜਾਬੀ ਉਸ ਦੇ ਨਾਂ ਤੋਂ ਵਾਕਿਫ਼ ਹੋਵੇਗਾ। ਜਿਸ ਨੇ ਜੱਗੀ ਕੁੱਸਾ ਦੇ ਨਾਵਲ, ਪੁਰਜਾ ਪੁਰਜਾ ਕਟਿ ਮਰੈ, ਬਾਰ ੀ ਕੋਹੀਂ ਬਲ਼ਦਾ ਦੀਵਾ ਅਤੇ ਤਵੀ ਤੋਂ ਤਲਵਾਰ ਤੱਕ ਪੜ੍ਹੇ ਨੇ, ਉਹ ਭਲੀ-ਭਾਂਤ ਜਾਣਦੇ ਨੇ ਕਿ ਜੱਗੀ ਕੁੱਸਾ ਨੇ ਕਿੰਨੀ ਬੇਬਾਕੀ ਨਾਲ਼ ਲਿਖਿਆ ਹੈ। ਸੱਜਰੀ ਪੈੜ ਦਾ ਰੇਤਾ ਨਾਵਲ ਵਿੱਚ ਇੱਕ ਇੰਗਲੈਂਡ ਵਿੱਚ ਵਸਦੀ ਕੱਚੀ ਉਮਰ ਦੀ ਪੰਜਾਬਣ ਕੁੜੀ ਕਿਵੇਂ ਇੱਕ ਮੁਸਲਮਾਨ ਮੁੰਡੇ ਦੇ ਪ੍ਰੇਮ-ਜਾਲ਼ ਵਿੱਚ ਫ਼ਸ ਕੇ ਉਸ ਨਾਲ਼ ਵਿਆਹ ਕਰਵਾਉਣ ਲਈ ਪਾਕਿਸਤਾਨ ਚਲੀ ਜਾਂਦੀ ਹੈ, ਅਤੇ ਜਬਰੀ ਕਿਵੇਂ ਉਸ ਬੱਚੀ ਨੂੰ ਵੇਸਵਾਗਿਰੀ ਲਈ ਇੱਕ 'ਕੋਠੇ' ਉਪਰ ਬਿਠਾ ਦਿੱਤਾ ਜਾਂਦਾ ਹੈ, ਫ਼ਿਰ ਉਸ ਨੂੰ ਲੜਕੀ ਨੂੰ ਇੱਕ ਭਲਾ ਮੁਸਲਮਾਨ ਵਿਅਕਤੀ ਹੀ ਉਸ ਨਰਕ ਵਿੱਚੋਂ ਕਿਵੇਂ ਕੱਢ ਕੇ ਲਿਆਉਂਦਾ ਹੈ? ਸਮੁੱਚੇ ਘਟਨਾਕ੍ਰਮ ਨੂੰ ਬਿਆਨਦੇ ਪੰਜਾਬੀ ਨਾਵਲ ਸੱਜਰੀ ਪੈੜ ਦਾ ਰੇਤਾ ਦਾ ਅੰਗਰੇਜ਼ੀ ਅਨੁਵਾਦ ਦ ਲੌਸਟ ਫੁਟਪਰਿੰਟਸ ਵੀ ਤਿਆਰ ਹੋ ਚੁੱਕਾ ਹੈ। ਹੁਣ ਇੱਕ ਅੰਗਰੇਜ਼ੀ ਪਬਲਿਸ਼ਿੰਗ ਕੰਪਨੀ ਨੇ ਜੱਗੀ ਕੁੱਸਾ ਦੇ ਨਾਵਲਾਂ ਦੇ ਵਿਸ਼ਿਆਂ ਬਾਰੇ ਸੁਣ ਕੇ ਉਸ ਦੇ ਨਾਵਲਾਂ ਦੇ ਅੰਗਰੇਜ਼ੀ ਅਨੁਵਾਦ ਛਾਪਣੇ ਸ਼ੁਰੂ ਕੀਤੇ ਹਨ। ਜੱਗੀ ਕੁੱਸਾ ਦਾ ਕਹਿਣਾ ਹੈ ਕਿ ਜੇ ਤੁਸੀਂ ਵੀ ਆਪਣੇ ਬੱਚਿਆਂ ਨੂੰ 1984 ਦੇ ਤਮਾਮ ਮਸਲਿਆਂ ਬਾਰੇ ਜਾਣੂੰ ਕਰਵਾਉਣਾ ਚਾਹੁੰਦੇ ਹੋ, ਤਾਂ ਉਕਤ ਨਾਵਲ ਆਪਣੇ ਇੱਥੋਂ ਦੇ ਜੰਮਪਲ ਬੱਚਿਆਂ ਨੂੰ ਦ ਸਟਰਗਲ ਫਾਰ ਆਨਰ ਅਤੇ ਆਊਟਸਾਈਡ, ਸਮਵੇਅਰ ਏ ਲੈਂਪ ਬਰਨਜ਼ ਜ਼ੂਰ ਪੜ੍ਹਾਓ! ਇਹ ਨਾਵਲ ਹਰ ਦੇਸ਼ ਦੇ ਐਮਾਜ਼ੋਨ 'ਤੇ ਵੀ ਉਪਲਬਧ ਹਨ।

# ਖ਼ਾਲਿਸਤਾਨੀ ਸਾਜਨਪ੍ਰੀਤ ਨੂੰ 5 ਦਿਨ ਰਿੜਕੇਗੀ ਪੁਲਿਸ, ਐਸਐਸਓਸੀ ਨੇ ਕੀਤਾ ਸੀ ਗ੍ਰਿਫ਼ਤਾਰ



ਅੰਮ੍ਰਿਤਸਰ: ਪੰਜਾਬ ਪੁਲਿਸ ਦੇ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ) ਦੀ ਟੀਮ ਨੇ ਬੀਤੀ ਸ਼ਾਮ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਨੇੜਿਓਂ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇਜੇਐਫ) ਦੇ ਸਰਗਰਮ ਕਾਰਕੁਨ ਤੇ ਬੀਤੇ ਦਿਨੀਂ ਭਾਰੀ ਮਾਤਰਾ ਵਿੱਚ ਹਥਿਆਰਾਂ ਨਾਲ ਫੜ੍ਹੇ ਗਏ ਆਕਾਸ਼ਦੀਪ ਦੇ ਸਾਥੀ ਸਾਜਨਪ੍ਰੀਤ ਨੂੰ ਗ੍ਰਿਫਤਾਰ ਕੀਤਾ। ਸਖਤ ਸੁਰੱਖਿਆ ਪ੍ਰਬੰਧਾਂ ਦੇ ਅਧੀਨ ਉਸ ਨੂੰ ਅੱਜ ਅੰਮ੍ਰਿਤਸਰ ਵਿੱਚ ਡਿਊਟੀ ਮੈਜਿਸਟਰੇਟ ਦਵਿੰਦਰ ਸਿੰਘ ਜੇਐਮਆਈਸੀ ਦੀ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੇ ਅਦਾਲਤ ਨੇ ਸਾਜਨਪ੍ਰੀਤ ਨੂੰ ਪੰਜ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਹੁਣ ਸਾਜਨਪ੍ਰੀਤ ਨੂੰ ਸੱਤ ਅਕਤੂਬਰ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਸਾਜਨਪ੍ਰੀਤ ਆਕਾਸ਼ਦੀਪ ਦਾ ਕਰੀਬੀ ਸਾਥੀ ਦੱਸਿਆ ਜਾਂਦਾ ਹੈ। ਪੁਲਿਸ ਸੂਤਰਾਂ ਦੀ ਮੰਨੀਏ ਤਾਂ ਆਕਾਸ਼ਦੀਪ ਵੱਲੋਂ ਜੋ ਦੋ ਡਰੋਨ ਨਸ਼ਟ ਕੀਤੇ ਗਏ ਸੀ, ਉਨ੍ਹਾਂ ਦੇ ਪਿੱਛੇ ਸਾਜਨਪ੍ਰੀਤ ਦਾ ਵੀ ਹੱਥ ਸੀ, ਜਿਸ ਨੇ ਪਾਕਿਸਤਾਨ ਤੋਂ ਹਥਿਆਰ ਲੈ ਕੇ ਆਏ ਡਰੋਨ, ਜੋ ਭਾਰਤ ਦੇ ਖੇਤਰ ਵਿੱਚ ਕਰੈਸ਼ ਹੋ ਗਏ ਸਨ, ਦੇ ਰਹਿੰਦੇ ਪੁਰਜ਼ਿਆਂ ਨੂੰ ਨਸ਼ਟ ਕੀਤਾ ਸੀ। ਆਕਾਸ਼ ਵੀ ਪੁਲਿਸ ਰਿਮਾਂਡ ਵਿੱਚ ਹੈ। ਆਕਾਸ਼ਦੀਪ ਤੇ ਉਸ ਦੇ ਸਾਥੀਆਂ ਦੀ ਸਖ਼ਤੀ ਨਾਲ ਹੋਈ ਪੁੱਛਗਿਛ ਤੋਂ ਬਾਅਦ ਹੀ ਪੁਲਿਸ ਨੂੰ ਸਾਜਨਪ੍ਰੀਤ ਦਾ ਨਾਂ ਪਤਾ ਲੱਗਾ। ਹੁਣ ਪੁਲਿਸ ਸਾਜਨਪ੍ਰੀਤ ਦਾ ਪਿਛਲਾ ਸਾਰਾ ਰਿਕਾਰਡ ਫਰੋਲਣ ਵਿੱਚ ਲੱਗੀ ਹੋਈ ਹੈ। ਆਕਾਸ਼ਦੀਪ ਤੇ ਉਸ ਦੇ ਸਾਥੀਆਂ ਨੂੰ ਭਲਕੇ ਤਿੰਨ ਅਕਤੂਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਜਦਕਿ ਸਾਜਨਪ੍ਰੀਤ ਨੂੰ 7 ਅਕਤੂਬਰ ਨੂੰ ਪੇਸ਼ ਕੀਤਾ ਜਾਵੇਗਾ।

# ਜਹਾਜ਼ ਦੇ ਬਾਥਰੂਮ ਚ ਫਸੀ ਔਰਤ, ਮੁਸ਼ਕਲ ਨਾਲ ਕੱਢੀ ਗਈ ਬਾਹਰ




ਨਿਊਯਾਰਕ— ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋ ਰਹੀ ਹੈ, ਜਿਸ ਨੂੰ ਦੇਖ ਕੇ ਜਹਾਜ਼ 'ਚ ਸਫਰ ਕਰਨ ਵਾਲੇ ਲੋਕ ਹੈਰਾਨ ਤੇ ਪ੍ਰੇਸ਼ਾਨ ਹੋ ਗਏ। ਅਸਲ 'ਚ ਇਕ ਅਮਰੀਕੀ ਜਹਾਜ਼ ਦੇ ਬਾਥਰੂਮ 'ਚ ਮਹਿਲਾ ਯਾਤਰੀ ਫਸ ਗਈ ਤੇ ਉਸ ਨੂੰ ਕਾਫੀ ਮੁਸ਼ਕਲ ਨਾਲ ਬਾਹਰ ਕੱਢਿਆ ਜਾ ਸਕਿਆ। ਯੁਨਾਈਟਡ ਏਅਰਲਾਈਨਜ਼ ਦੀ ਫਲਾਈਟ 1554 ਜੋ ਵਾਸ਼ਿੰਗਟਨ ਡੀ.ਸੀ. ਤੋਂ ਸੈਨ ਫਰਾਂਸਿਸਕੋ ਜਾ ਰਹੀ ਸੀ, ਦੇ ਬਾਥਰੂਮ 'ਚ ਇਕ ਮਹਿਲਾ ਯਾਤਰੀ ਫਸ ਗਈ। ਕੰਪਨੀ ਵਲੋਂ ਜਾਰੀ ਕੀਤੇ ਗਏ ਬਿਆਨ 'ਚ ਕਿਹਾ ਗਿਆ ਹੈ ਕਿ ਬਾਥਰੂਮ ਦਾ ਦਰਵਾਜ਼ਾ ਸਹੀ ਤਰ੍ਹਾਂ ਕੰਮ ਨਹੀਂ ਕਰ ਰਿਹਾ ਸੀ, ਜਿਸ ਕਾਰਨ ਯਾਤਰੀ ਔਰਤ ਇੱਥੇ ਫਸ ਗਈ। ਡੇਨਿਵਰ 'ਚ ਹੀ ਜਹਾਜ਼ ਦੀ ਲੈਂਡਿੰਗ ਕਰਵਾਈ ਗਈ ਤੇ ਇਸ ਦੇ ਬਾਅਦ ਔਰਤ ਨੂੰ ਜਹਾਜ਼ ਦੇ ਬਾਥਰੂਮ 'ਚੋਂ ਸੁਰੱਖਿਅਤ ਤਰੀਕੇ ਨਾਲ ਬਾਹਰ ਕੱਢਿਆ ਗਿਆ। ਜਹਾਜ਼ ਨੇ ਸੈਨ ਫਰਾਂਸਿਸਕੋ 'ਚ ਰਾਤ ਦੇ 8.30 ਵਜੇ ਪੁੱਜਣਾ ਸੀ ਪਰ ਦੇਰੀ ਹੋਣ ਕਾਰਨ ਇਹ 11 ਕੁ ਵਜੇ ਪੁੱਜਾ। ਇਸ ਮਗਰੋਂ ਕੰਪਨੀ ਨੇ ਜਹਾਜ਼ 'ਚ ਸਵਾਰ ਲੋਕਾਂ ਕੋਲੋਂ ਮੁਆਫੀ ਮੰਗੀ। ਏਅਰਲਾਈਨਜ਼ ਨੇ ਕਿਹਾ,"ਔਰਤ ਨੂੰ ਲੈਂਡਿੰਗ ਦੇ ਬਾਅਦ ਸੁਰੱਖਿਅਤ ਢੰਗ ਨਾਲ ਕੱਢ ਲਿਆ ਗਿਆ ਅਤੇ ਯਾਤਰੀਆਂ ਨੇ ਆਪਣੀ ਯਾਤਰਾ ਜਾਰੀ ਰੱਖੀ। ਅਸੀਂ ਸਾਰਿਆਂ ਨੇ ਇਸ ਗਲਤੀ ਦੀ ਮੁਆਫੀ ਮੰਗੀ ਹੈ। ਇਹ ਵੀਡੀਓ ਟਵਿੱਟਰ 'ਤੇ ਟੇਲਰ ਕਿੰਬਰ ਵਲੋਂ ਸਾਂਝੀ ਕੀਤੀ ਗਈ ਤੇ ਕਾਫੀ ਵਾਇਰਲ ਹੋ ਰਹੀ ਹੈ।

# SANJHA PUNJAB



Founders - Gurinderpal SIngh Josan // Alamdhar Shah

# EAST AND WEST PUNJAB CULTURAL DAY!!!

## Friday - October 4th, 2019

**LOTS OF FUN!**

**Punjabi Dress Contest**

**Bhangra / Gidha**

**Free Entry!!**

## BEING HELD AT -

Nassau County Legislator Chamber
1550 Franklin Avenue Mineola, NY 11501
Event - 6PM - 8:30PM // Food - 5:30PM - 6:30PM

**Chairman** - Satnam Singh Parhar
**Vice Chairman** - Zamir Khan
**Event Secretary** - Neelu Bedi
**Cordinator & Hospitality** - Amita Karwal / Sushil Khanna

**Board of Directors & Host Committe**
- Avtar Singh Tinna
- Alia Siddiqa
- Fayaz Nawaz
- Gurjit Singh Gill
- Harjinder Kaur Jammu
- Harpal Kaur
- Kulwant Singh Deol
- Iqbal Khokhar
- Miriam Chadhari



**R.S.V.P**
- **Gurinderpal Singh Josan - 516-885-7758**
- **Satnam Singh Parhar - 917-440-3543**
- **Miriam Chadhari - 516-996 - 3372**
- **Neelu Bedi - 718-223-0326**

Designed by -
Japleen Kaur Josan

# ਪੰਜਾਬੀ ਗਾਇਕੀ ਵੀ ਬਣੀ ਵੱਡਾ ਵਪਾਰਕ ਅਦਾਰਾ: ਦੇਵ ਥਰੀਕੇ ਵਾਲਾ

☛ਗੁਰਦਾਸ ਮਾਨ ਨੂੰ ਭੱਦੀ ਸ਼ਬਦਾਵਲੀ ਲਈ ਮੰਗ ਲੈਣੀ ਚਾਹੀਦੀ ਸੀ ਮੁਆਫ਼ੀ

☛ਸਿੱਖ ਕੌਮ ਦੇ ਨਾਇਕਾਂ ਦੀ ਲੱਚਰਤਾ ਨਾਲ ਤੁਲਣਾ ਮੰਦਭਾਗਾ



ਵੈਨਕੂਵਰ, (ਬਰਾੜ-ਭਗਤਾ ਭਾਈ ਕਾ) : ਪੰਜਾਬੀ ਦੇ ਸੁਪ੍ਰਸਿੱਧ ਗੀਤਕਾਰ ਦੇਵ ਥਰੀਕੇ ਵਾਲਾ ਨੇ ਪੰਜਾਬੀ ਗਾਇਕੀ ਦੀ ਗੱਲ ਕਰਦਿਆਂ ਚਿੰਤਾ ਪ੍ਰਗਟ ਕੀਤੀ ਹੈ ਕਿ ਪੰਜਾਬੀ ਗਾਇਕੀ ਵੀ ਅੱਜ-ਕੱਲ ਇੱਕ ਵੱਡਾ ਵਪਾਰਕ ਅਦਾਰਾ ਬਣ ਚੁੱਕਾ ਹੈ। ਕੈਨੇਡਾ ਵਿੱਚ ਗੁਰਦਾਸ ਮਾਨ ਖ਼ਿਲਾਫ਼ ਪੰਜਾਬੀ ਬੋਲੀ ਨੂੰ ਲੈ ਕੇ ਐਬਟਸਫੋਰਡ ਅਤੇ ਐਡਮਿੰਟਨ 'ਚ ਹੋਏ ਜ਼ਬਰਦਸਤ ਮੁਜ਼ਾਹਰੇ ਬਾਰੇ ਪੁੱਛੇ ਜਾਣ 'ਤੇ ਦੇਵ ਥਰੀਕੇ ਵਾਲਾ ਨੇ ਕਿਹਾ ਕਿ ਗੁਰਦਾਸ ਮਾਨ ਨੇ ਜੋ ਭੱਦੀ ਸ਼ਬਦਾਵਲੀ ਸਟੇਜ ਤੋਂ ਬੋਲੀ ਹੈ ਉਹ ਨਿੰਦਣਯੋਗ ਹੈ ਅਤੇ ਉਸ ਨੂੰ ਉਸੇ ਵਿਅਕਤੀ ਕੋਲੋਂ ਉਸੇ ਵਕਤ ਹੀ ਮੁਅਫ਼ੀ ਮੰਗ ਲੈਣੀ ਚਾਹੀਦੀ ਸੀ ਜਿਸ ਸਮੇਂ ਚੱਲਦੇ ਪ੍ਰੋਗਰਾਮ 'ਚ ਭੱਦੀ ਸ਼ਬਦਾਵਲੀ ਬੋਲੀ ਗਈ ਸੀ। ਦੇਵ ਨੇ ਕਿਹਾ ਕਿ ਪੰਜਾਬੀ ਗਾਇਕੀ ਵਿੱਚ ਦਿਨ-ਬ-ਦਿਨ ਨਿਘਾਰ ਆਉਂਦਾ ਜਾ ਰਿਹਾ ਹੈ ਅਤੇ ਅੱਜ ਦੀ ਗਾਇਕੀ ਨੇ ਵਪਾਰ ਨੂੰ ਅਪਣਾਅ ਲਿਆ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਗਾਇਕੀ ਵਿੱਚ ਗੰਦ ਪੈ ਜਾਣ ਕਾਰਨ ਲੱਚਰਤਾ ਝਲਕਦੀ ਸੁਣਾਈ ਦਿੰਦੀ ਹੈ। ਉਨ੍ਹਾਂ ਨੇ ਗਾਇਕਾਂ, ਗੀਤਕਾਰਾਂ ਅਤੇ ਸਰੋਤਿਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਲੱਚਰ ਗੀਤ ਗਾਉਣ ਵਾਲਿਆਂ ਨਾਲੋ ਸੁਣਨ ਵਾਲਿਆਂ ਦਾ ਵੀ ਕਸੂਰ ਵੱਧ ਹੈ ਕਿਉਂਕਿ ਲੱਚਰਤਾ ਸੁਣਨ ਵਾਲੇ ਥੋੜ੍ਹੇ ਹੀ ਸਰੋਤੇ ਹੁੰਦੇ ਹਨ, ਜਿਸ ਕਰਕੇ ਗਾਇਕ ਗੀਤਕਾਰਾਂ ਨੂੰ ਉਹ ਕਲਮ ਵਹਾਉਣ ਲਈ ਮਜਬੂਰ ਕਰਦੇ ਹਨ ਜਿਹੜੀ ਕਲਮ 'ਚੋਂ ਲੱਚਰਤਾ ਝਲਕੇ ਤਾਂ ਕਿ ਉਹ ਲੱਚਰਤਾ ਪਸੰਦ ਕਰਨ ਵਾਲੇ ਸਰੋਤਿਆਂ ਨੂੰ ਖੁਸ਼ ਕਰਕੇ ਆਪਣੇ ਵਪਾਰ ਵਿੱਚ ਵਾਧਾ ਕਰ ਸਕਣ।

ਪੁਰਾਣੇ ਗੀਤਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਦਹਾਕੇ ਪਹਿਲਾਂ ਦਿਉਰ ਭਾਬੀਆਂ, ਜੇਠ ਭਰਜਾਈਆਂ, ਜੀਜੇ ਸਾਲੀਆਂ ਅਤੇ ਉਹ ਗੀਤਾਂ ਦਾ ਬੋਲਬਾਲਾ ਸੀ ਜਿਹੜੇ ਗੀਤ ਪਰਿਵਾਰ ਵਿੱਚ ਵੀ ਬਹਿ ਕੇ ਸੁਣੇ ਜਾ ਸਕਦੇ ਸਨ, ਪਰ ਅੱਜ ਦੇ ਗੀਤ ਸੁਣਨ 'ਚ ਇਕੱਲੇ ਮਨੁੱਖ ਨੂੰ ਵੀ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ। ਕਿਸੇ ਗਾਇਕ ਦਾ ਨਾਂ ਲਏ ਬਿਨਾਂ ਦੇਵ ਥਰੀਕਿਆਂ ਵਾਲੇ ਨੇ ਕਿਹਾ ਕਿ ਅੱਜ ਦੇ ਗਾਇਕ ਸਿੱਖ ਕੌਮ ਦੇ ਨਾਇਕਾਂ ਦੀ ਪੰਜਾਬੀ ਸੱਭਿਆਚਾਰ ਤੋਂ ਦੂਰ ਹੋਏ ਲੱਚਰਤਾ ਪਸੰਦ ਲੋਕਾਂ ਨਾਲ ਤੁਲਣਾ ਕਰਕੇ ਪੰਜਾਬੀ ਗਾਇਕੀ ਅਤੇ ਗੀਤਕਾਰੀ ਨੂੰ ਢਾਹ ਲਾ ਰਹੇ ਹਨ। ਸਤੰਬਰ ਮਹੀਨੇ ਦੇ ਆਖ਼ਰੀ ਹਫ਼ਤੇ ਉਮਰ ਦਾ ਅੱਠਵਾਂ ਦਹਾਕਾ ਪਾਰ ਕਰਦਿਆਂ ਦੇਵ ਥਰੀਕਿਆਂ ਵਾਲੇ ਨੇ ਕਿਹਾ ਕਿ ਅੱਜ ਦੇ ਗਾਇਕ ਅਤੇ ਗੀਤਕਾਰ ਸਮਾਜ ਨੂੰ ਸੇਧ ਦੇਣ ਵਾਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਬਣਾਈ ਰੱਖਣ ਵਾਲੀ ਕਲਮ ਤੋਂ ਦੂਰ ਹੁੰਦੇ ਜਾ ਰਹੇ ਹਨ ਜਿਸ ਕਰਕੇ ਪੰਜਾਬੀ ਸਭਿਆਚਾਰ ਨੂੰ ਵੱਡੀ ਮਾਰ ਪੈ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਦੇ ਗੁਆਚ ਚੁੱਕੇ ਜਾਂ ਗੁਆਚ ਰਹੇ ਸ਼ਬਦਾਂ ਨੂੰ ਮੁੜ ਤੋਂ ਸੁਰਜੀਤ ਕਰਨ ਦੀ ਲੋੜ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਪੰਜਾਬੀ ਵਿਰਸੇ ਦੀ ਸਦਾ ਹੀ ਵਕਾਲਤ ਕਰਦੀਆਂ ਰਹਿਣ।

ਆਖ਼ਰ ਵਿੱਚ ਦੇਵ ਥਰੀਕੇ ਨੇ ਗਾਇਕਾਂ ਅਤੇ ਗੀਤਕਾਰਾਂ ਨੂੰ ਬੇਨਤੀ ਵੀ ਕੀਤੀ ਹੈ ਅਤੇ ਸੁਝਾਅ ਵੀ ਦਿੱਤਾ ਹੈ ਕਿ ਉਹ ਪੰਜਾਬੀ ਸਭਿਆਚਾਰ ਨੂੰ ਬਣਾਈ ਰੱਖਣ ਲਈ ਪੰਜਾਬੀ ਗਾਇਕੀ ਅਤੇ ਗੀਤਕਾਰੀ ਨੂੰ ਮੈਲ਼ੀ ਹੋਣ ਤੋਂ ਬਚਾਈ ਰੱਖਣ ਤਾਂ ਕਿ ਸਾਡਾ ਅਮੀਰ ਪੰਜਾਬੀ ਸਭਿਆਚਾਰ ਸਦਾ ਹੀ ਅਮੀਰ ਰਹੇ।

# ਹੁਣ ਗਾਇਕ ਕੇ.ਐਸ. ਮੱਖਣ ਦੇ ਅੰਮ੍ਰਿਤ ਭੰਗ 'ਤੇ ਵਿਵਾਦ, ਸ਼੍ਰੋਮਣੀ ਕਮੇਟੀ ਵੱਲੋਂ ਅਫਸੋਸ



ਫਤਿਹਗੜ੍ਹ ਸਾਹਿਬ : ਪੰਜਾਬੀ ਗਾਇਕ ਕੇਐਸ ਮੱਖਣ ਵੱਲੋਂ ਅੰਮ੍ਰਿਤ ਭੰਗ ਕਰਨ ਮਗਰੋਂ ਮੁੜ ਵਿਵਾਦ ਸ਼ੁਰੂ ਹੋ ਗਿਆ ਹੈ। ਕੁਝ ਲੋਕ ਉਸ ਦੀ ਅਲੋਚਨਾ ਕਰ ਰਹੇ ਹਨ ਤੇ ਕਈ ਇਸ ਲਈ ਸਹੀ ਕਦਮ ਕਹਿ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ 'ਤੇ ਅਫਸੋਸ ਜ਼ਾਹਰ ਕੀਤਾ ਹੈ। ਲੌਂਗੋਵਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਨੇ ਕਕਾਰਾਂ ਦੀ ਰੱਖਿਆ ਲਈ ਕੁਰਬਾਨੀ ਕੀਤੀ ਸੀ। ਦਰਅਸਲ ਗਾਇਕ ਕੇਐਸ ਮੱਖਣ ਨੂੰ ਗੁਰਦਾਸ ਮਾਨ ਦੇ ਹੱਕ ਵਿੱਚ ਖੜ੍ਹਨ ਕਰਕੇ ਕੁਝ ਜਥੇਬੰਦੀਆਂ ਵੱਲੋਂ ਧਮਕੀਆਂ ਮਿਲੀਆਂ ਹਨ। ਇਸ ਤੋਂ ਬਾਅਦ ਉਸ ਵੱਲੋ ਕਕਾਰ ਉਤਾਰ ਕੇ ਗੁਰਦੁਆਰਾ ਸਾਹਿਬ ਰੱਖ ਦਿੱਤੇ ਗਏ ਹਨ। ਇਸ 'ਤੇ ਅਫਸੋਸ ਪ੍ਰਗਟ ਕਰਦਿਆਂ ਲੌਂਗੋਵਾਲ ਨੇ ਕਿਹਾ ਕਿ ਇਹ ਬਹੁਤ ਹੀ ਦੁੱਖ ਵਾਲੀ ਗੱਲ ਹੈ ਕਿਉਂਕਿ ਗੁਰੂ ਸਾਹਿਬਾਨ ਤੇ ਸਿੱਖ ਕੌਮ ਨੇ ਕਕਾਰਾਂ ਦੀ ਰੱਖਿਆ ਵਾਸਤੇ ਕੁਰਬਾਨੀਆਂ ਦਿੱਤੀਆਂ। ਲੌਂਗੋਵਾਲ ਨੇ ਕੁਝ ਦਿਨ ਪਹਿਲਾਂ ਪੰਜਾਬੀ ਗਾਇਕ ਗੁਰਦਾਸ ਮਾਨ ਵੱਲੋਂ ਬੋਲੀ ਸ਼ਬਦਾਵਲੀ 'ਤੇ ਵੀ ਆਪਣੀ ਪ੍ਰਤੀਕ੍ਰਿਆ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਗੁਰਦਾਸ ਮਾਨ ਦੀ ਚੜ੍ਹਤ ਅੱਜ ਪੰਜਾਬੀ ਬੋਲੀ ਕਰਕੇ ਹੈ।

# ਵਿਸ਼ਵ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ 'ਚ ਭਾਰਤ ਦਾ ਚੌਥਾ ਸਥਾਨ



ਨਵੀਂ ਦਿੱਲੀ : ਦੁਨੀਆ ਦੀਆਂ ਸਭ ਤੋਂ ਸ਼ਕਤੀਸ਼ਾਲੀ ਫੌਜਾਂ ਵਿਚ ਭਾਰਤੀ ਫੌਜ ਚੌਥੇ ਨੰਬਰ ਉੱਤੇ ਹੈ। ਪਾਕਿਸਤਾਨੀ ਫੌਜ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਫੌਜਾਂ ਦੀ ਸੂਚੀ ਵਿਚ ਪੰਦਰਵੇਂ ਸਥਾਨ ਉੱਤੇ ਹੈ। ਪਾਕਿਸਤਾਨੀ ਮੀਡੀਆ ਵਿਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਇਹ ਖੁਲਾਸਾ 'ਗਲੋਬਲ ਫਾਇਰਪਾਵਰਜ਼ 2019' ਦੀ ਫੌਜ ਸ਼ਕਤੀ ਨਾਲ ਸਬੰਧਤ ਰਿਪੋਰਟ ਵਿਚ ਹੋਇਆ ਹੈ। ਇਸ ਵਿਚ ਦੱਸਿਆ ਗਿਆ ਹੈ ਕਿ ਵਿਸ਼ਵ ਦੀ ਸਭ ਤੋਂ ਜ਼ਿਆਦਾ ਸ਼ਕਤੀਸ਼ਾਲੀ ਫੌਜਾਂ ਵਿਚ ਪਹਿਲੇ ਸਥਾਨ ਉਤੇ ਅਮਰੀਕਾ ਦੀ ਫੌਜ ਹੈ। ਦੂਜੇ ਨੰਬਰ ਉਤੇ ਰੂਸ ਤੇ ਤੀਜੇ ਨੰਬਰ ਉਤੇ ਚੀਨ ਹੈ। ਭਾਰਤ ਦਾ ਸਥਾਨ ਚੌਥਾ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਗਲੋਬਲ ਫਾਯਰਪਾਵਰ ਨੇ ਇਸ ਸੂਚੀ ਵਿਚ 137 ਦੇਸ਼ਾਂ ਦੀਆਂ ਫੌਜਾਂ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਦੀ ਰੈਂਕਿੰਗ ਇਨ੍ਹਾਂ ਕੋਲ ਮੌਜੂਦ ਹਥਿਆਰਾਂ ਅਤੇ ਫੌਜਾਂ ਦੀ ਗਿਣਤੀ ਨਾਲ ਨਹੀਂ ਕੀਤੀ ਗਈ, ਸਗੋਂ ਇਸ ਗੱਲ ਨੂੰ ਆਂਕਿਆ ਗਿਆ ਹੈ ਕਿ ਹਥਿਆਰ ਕਿੰਨੇ ਤਰ੍ਹਾਂ ਦੇ ਹਨ, ਫੌਜ ਦੀ ਕੁਲ ਮਨੁਖ ਸ਼ਕਤੀ ਕਿੰਨੀ ਹੈ, ਉਸ ਦੇਸ਼ ਦੀ ਜਨ ਸੰਖਿਆ, ਭੂਗੋਲ ਤੇ ਵਿਕਾਸ ਦੇ ਸੰਦਰਭ ਵਿਚ ਫੌਜ ਸ਼ਕਤੀ ਦਾ ਕੀ ਸਵਰੂਤ ਹੈ। ਰੈਂਕਿੰਗ ਵਿਚ ਪ੍ਰਮਾਣੂ ਹਥਿਆਰ ਸੰਪਨ ਦੇਸ਼ਾਂ ਨੂੰ ਬੋਨਸ ਅੰਕ ਦਿੱਤਾ ਗਿਆ ਹੈ, ਪ੍ਰੰਤੂ ਅੰਤਿਮ ਰੈਂਕਿੰਗ ਵਿਚ ਇਨ੍ਹਾਂ ਅੰਕਾਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਵੱਖ ਵੱਖ ਪੈਮਾਨੇ ਦੇ ਆਧਾਰ ਉੱਤੇ ਸਭ ਤੋਂ ਜ਼ਿਆਦਾ 25 ਸ਼ਕਤੀਸ਼ਾਲੀ ਫੌਜਾਂ ਨੂੰ ਸੂਚੀ ਵਿਚ ਥਾਂ ਦਿੱਤੀ ਗਈ ਹੈ। ਰੈਂਕਿੰਗ ਅਨੁਸਾਰ ਭਾਰਤ ਕੋਲ ਕੁਲ 3462500 ਫੌਜੀ ਹਨ। ਕੁਲ 2082 ਜਹਾਜ਼ ਅਤੇ 4184 ਲੜਾਕੂ ਟੈਂਕ ਹਨ। ਇਕ ਜਹਾਜ਼ ਚਾਲਕ ਪੋਤ ਅਤੇ ਕੁਲ 295 ਨੌ ਸੈਨਾ ਸੰਪਤੀਆਂ ਹਨ। ਭਾਰਤ ਦਾ ਕੁਲ ਰੱਖਿਆ ਬਜਟ 55.2 ਅਰਬ ਡਾਲਰ ਦਾ ਹੈ। ਰੈਂਕਿੰਗ ਅਨੁਸਾਰ ਪਾਕਿਸਤਾਨ ਕੋਲ ਕੁਲ 1204000 ਫੌਜੀ ਹਨ। ਫੌਜ ਕੋਲ ਕੁਲ 1342 ਜਹਾਜ਼ ਹਨ ਇਨ੍ਹਾਂ ਵਿਚ 348 ਲੜਾਕੂ ਜਹਾਜ਼ ਹਨ। ਦੇਸ਼ ਦਾ ਰੱਖਿਆ ਬਜਟ ਸੱਤ ਅਰਬ ਡਾਲਰ ਦਾ ਹੈ। ਗਲੋਬਲ ਫਾਇਰਪਾਵਰ ਅਨੁਸਾਰ ਵਿਸ਼ਵ ਦੀ ਪੰਦਰਾਂ ਸ਼ਕਤੀਸ਼ਾਲੀ ਫੌਜਾਂ ਵਿਚ ਕ੍ਰਮਵਾਰ : ਅਮਰੀਕਾ, ਰੂਸ, ਚੀਨ, ਭਾਰਤ, ਫਰਾਂਸ, ਜਾਪਾਨ, ਦੱਖਣੀ ਕੋਰੀਆ, ਯੂਨਾਈਟਿਡ ਕਿੰਗਡਮ, ਤੁਕੀਰ, ਜਰਮਨੀ, ਇਟਲੀ, ਮਿਸਰ, ਬ੍ਰਾਜੀਲ, ਇਰਾਨ ਅਤੇ ਪਾਕਿਸਤਾਨ ਸ਼ਾਮਲ ਹਨ।

# ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਬਦਲਣ ਦਾ ਵਿਰੋਧ ਕਰਨ 'ਤੇ ਸਿਰਸਾ ਵੱਲੋਂ ਕਾਂਗਰਸ ਦੀ ਜ਼ੋਰਦਾਰ ਨਿਖੇਧੀ

## ਪੰਜਾਬੀਆਂ ਨੇ ਫੈਸਲੇ ਦਾ ਖੁਲ੍ਹਦਿਲੀ ਨਾਲ ਸਵਾਗਤ ਕੀਤਾ : ਸਿਰਸਾ

ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਬੁਲਾਰੇ ਸ੍ਰੀ ਮਨਜਿੰਦਰ ਸਿੰਘ ਸਿਰਸਾ ਨੇ ਕਾਂਗਰਸ ਪਾਰਟੀ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦੇ ਫੈਸਲੇ ਦਾ ਵਿਰੋਧ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ ਅਤੇ ਕਿਹਾ ਹੈ ਕਿ ਕਾਂਗਰਸ ਭਾਵੇਂ ਜੋ ਮਰਜ਼ੀ ਬਿਆਨਬਾਜੀ ਕਰੇ, ਸ਼੍ਰੋਮਣੀ ਅਕਾਲੀ ਦਲ ਦੀ ਪਹਿਲਕਦਮੀ 'ਤੇ ਲਏ ਗਏ ਇਸ ਫੈਸਲੇ ਦਾ ਪੰਜਾਬੀਆਂ ਨੇ ਖੁੱਲ੍ਹਦਿਲੀ ਨਾਲ ਸਵਾਗਤ ਕੀਤਾ। ਇਥੇ ਜਾਰੀ ਕੀਤੇ ਇੱਕ ਬਿਆਨ ਵਿਚ ਸ੍ਰੀ ਸਿਰਸਾ ਨੇ ਕਿਹਾ ਕਿ ਭਾਈ ਰਾਜੋਆਣਾ ਦੇ ਮਾਮਲੇ 'ਤੇ ਕਾਂਗਰਸ ਪਾਰਟੀ ਵੱਲੋਂ ਦਿੱਤੇ ਬਿਆਨ 'ਤੇ ਪੰਜਾਬੀ ਹੈਰਾਨ ਹਨ ਕਿਉਂਕਿ ਇਸੇ ਕਾਂਗਰਸ ਪਾਰਟੀ ਨੇ ਪਹਿਲਾਂ ਰਾਜੀਵ ਗਾਂਧੀ ਦੇ ਹੱਤਿਆਰਿਆਂ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦਾ ਸਵਾਗਤ ਕੀਤਾ ਸੀ ਤੇ ਯੂ.ਪੀ. ਸਰਕਾਰ ਦਾ ਧੰਨਵਾਦ ਕੀਤਾ ਸੀ। ਉਹਨਾਂ ਕਿਹਾ ਕਿ ਇਹ ਫੈਸਲਾ ਉਹਨਾਂ ਪੰਜਾਬੀਆਂ ਨੂੰ ਮੁੱਖਧਾਰਾ ਵਿਚ ਵਾਪਸ ਲਿਆਉਣ ਵਿਚ ਮਦਦ ਵਾਸਤੇ ਲਿਆ ਗਿਆ ਹੈ ਕਿਉਂਕਿ ਉਹਨਾਂ ਨੇ ਪੰਜਾਬ ਵਿਚ ਸੰਤਾਪ ਹੰਢਾਇਆ ਹੈ। ਉਹਨਾਂ ਕਿਹਾ ਕਿ ਕਾਂਗਰਸ ਸਰਕਾਰਾਂ ਦੇ ਰਾਜਕਾਲ ਦੌਰਾਨ ਪੰਜਾਬ ਵਿਚ 25 ਹਜ਼ਾਰ ਨੌਜਵਾਨ ਅੱਜ ਤੱਕ ਲਾਪਤਾ ਹੋਏ ਜੋ ਅੱਜ ਤੱਕ ਨਹੀਂ ਲੱਭੇ ਅਤੇ 50 ਹਜ਼ਾਰ ਤੋਂ ਵੱਧ ਨੌਜਵਾਨਾਂ ਨੇ ਪੰਜਾਬ ਵਿਚ ਆਪਣੀ ਜਾਨ ਗੁਆਈ ਜਦਕਿ 10 ਹਜ਼ਾਰ ਨੇ ਪੰਜਾਬ ਤੋਂ ਬਾਹਰ ਆਪਣੀ ਜਾਨ ਗੁਆਈ। ਉਹਨਾਂ ਕਿਹਾ ਕਿ ਜਦੋਂ ਸ਼੍ਰੋਮਣੀ ਅਕਾਲੀ ਦਲ ਇਹਨਾਂ ਨੌਜਵਾਨਾਂ ਨੂੰ ਇਨਸਾਫ ਦੁਆਉਣ ਵਾਸਤੇ ਯਤਨ ਕਰ ਰਿਹਾ ਹੈ, ਉਦੋਂ ਕਾਂਗਰਸ ਪਾਰਟੀ ਨੇ ਇਸਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਇਹ ਭੁੱਲ ਗਈ ਹੈ ਕਿ ਇਸਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਸੀ ਅਤੇ ਹਜ਼ਾਰਾਂ ਮਾਸੂਮ ਸ਼ਰਧਾਲੂਆਂ ਦੀ ਹੱਤਿਆ ਕਰ ਦਿੱਤੀ ਸੀ। ਅਕਾਲੀ ਦਲ ਦੇ ਬੁਲਾਰੇ ਨੇ ਕਿਹਾ ਕਿ ਇਹ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਮਾਮਲਾ ਹੈ ਜਿਹਨਾਂ ਨੇ 1984 ਤੋਂ 1995 ਦਰਮਿਆਨ ਦਿੱਲੀ ਅਤੇ ਪੰਜਾਬ ਵਿਚ ਸੰਤਾਪ ਹੰਢਾਇਆ। ਸ੍ਰੀ ਸਿਰਸਾ ਨੇ ਕਿਹਾ ਕਿ ਇਹ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦਾ ਪਵਿੱਤਰ ਮੌਕਾ ਹੈ ਜਦੋਂ ਕੇਂਦਰ ਵਿਚ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸ੍ਰ ਪ੍ਰਕਾਸ਼ ਸਿੰਘ ਬਾਦਲ, ਇਸਦੇ ਪ੍ਰਧਾਨ ਸ੍ਰ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਵੱਲੋਂ ਕੀਤੇ ਸੰਜੀਦਾ ਯਤਨਾਂ ਨਾਲ ਅਜਿਹੇ ਫੈਸਲੇ ਲੈ ਰਹੇ ਹਨ ਜਿਸ ਨਾਲ ਕਾਂਗਰਸ ਪਾਰਟੀ ਵੱਲੋਂ ਦਿੱਤੇ ਜ਼ਖ਼ਮ ਭਰ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਫੈਸਲਿਆਂ ਦਾ ਵਿਰੋਧ ਕਰਨ ਦੀ ਥਾਂ ਕਾਂਗਰਸ ਪਾਰਟੀ ਨੂੰ ਪੰਜਾਬੀਆਂ ਨੂੰ ਕਾਲੇ ਦੌਰ ਵਿਚ ਧੱਕਣ ਬਦਲੇ ਉਹਨਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਪਾਕਿ ਦੇ ਸਿੰਧ 'ਚ ਸੀ ਹਿੰਦੂ ਸਮਾਜ 'ਚ ਡਰ ਪੈਦਾ ਕਰਨ ਦੀ ਸਾਜਿਸ਼

ਇਸਲਾਮਾਬਾਦ : ਪਾਕਿਸਤਾਨ ਦੇ ਸਿੰਧ ਸੂਬੇ ਦੇ ਘੋਟਕੀ ਵਿਚ ਹੋਈ ਹਿੰਦੂ ਵਿਰੋਧੀ ਹਿੰਸਾ ਇਲਾਕੇ ਵਿਚ ਸੰਪ੍ਰਦਾਇਕ ਦੰਗੇ ਕਰਵਾਉਣ ਅਤੇ ਹਿੰਦੂ ਸਮਾਜ ਨੂੰ ਭੈਅਭੀਤ ਕਰਨ ਲਈ ਕੀਤੀ ਗਈ ਇਕ ਸਾਜਿਸ਼ ਦਾ ਹਿੱਸਾ ਸੀ। ਇਹ ਦਾਅਵਾ ਘਟਨਾ ਦੀ ਜਾਂਚ ਲਈ ਨਿਯੁਕਤ ਇਕ ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਬੀਤੇ 15 ਸਤੰਬਰ ਨੂੰ ਸਿੰਧ ਪ੍ਰਾਂਤ ਦੇ ਘੋਟਕੀ ਵਿਚ ਹਿੰਦੂ ਵਿਰੋਧੀ ਹਿੰਸਾ ਹੋਈ ਸੀ। ਦੰਗਾਈਆਂ ਨੇ ਹਿੰਦੂ ਭਾਈਚਾਰੇ ਦੀ ਕਈ ਦੁਕਾਨਾਂ ਨੂੰ ਨੁਕਸਾਨ ਪਹੁੰਚਾਇਆ ਸੀ ਅਤੇ ਲੁੱਟ ਕੀਤੀ ਸੀ। ਮੰਦਰ ਉਤੇ ਵੀ ਹਮਲਾ ਕੀਤਾ ਗਿਆ ਸੀ। ਹਿੰਦੂ ਭਾਈਚਾਰੇ ਦੇ ਘਰਾਂ ਨੂੰ ਵੀ ਨਿਸ਼ਾਨਿਆ ਬਣਾਇਆ ਗਿਆ ਸੀ। ਇਸ ਮਾਮਲੇ ਵਿਚ ਕਰੀਬ ਦੋ ਸੌ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਇਹ ਹਿੰਸਾ ਉਦੋਂ ਭੜਕੀ ਜਦੋਂ ਇਕ ਵਿਦਿਆਰਥੀ ਨੇ ਆਪਣੇ ਹਿੰਦੂ ਅਧਿਆਪਕ ਉਤੇ ਈਸ਼ ਨਿੰਦਾ ਦਾ ਦੋਸ਼ ਲਗਾਇਆ। ਅਧਿਆਪਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਹਿੰਸਾ ਭੜਕਣ ਬਾਅਦ ਵਿਦਿਆਰਥੀਆਂ ਨੇ ਦੱਸਿਆ ਕਿ ਅਧਿਆਪਕ ਨੇ ਉਸ ਨੂੰ ਡਾਂਟਿਆ ਸੀ ਜਿਸ ਨਾਲ ਉਹ ਨਾਰਾਜ਼ ਹੋ ਗਿਆ ਸੀ ਅਤੇ ਉਸਨੇ ਝੂਠਾ ਦੋਸ ਲਗਾ ਦਿੱਤਾ। ਉਸਨੇ ਆਪਣੇ ਅਧਿਆਪਕ ਤੋਂ ਮੁਆਫੀ ਵੀ ਮੰਗੀ ਸੀ। ਇਸ ਘਟਨਾ ਦੀ ਜਾਂਚ ਲਈ ਪਾਕਿਸਤਾਨ ਦੇ ਮਨੁੱਖੀ ਅਧਿਕਾਰ ਮੰਤਰਾਲੇ ਨੇ ਇਕ ਕਮੇਟੀ ਦਾ ਗਠਨ ਕੀਤਾ ਸੀ ਜਿਸ ਵਿਚ ਹਿੰਦੂ ਸੰਸਦਾਂ ਸਮੇਤ ਹੋਰ ਜਨ ਪ੍ਰਤੀਨਿਧੀ, ਵਕੀਲ, ਮਨੁੱਖੀ ਅਧਿਕਾਰ ਤੇ ਸਮਾਜਿਕ ਕਾਰਜਕਰਤਾ ਸ਼ਾਮਲ ਸਨ। ਇਸ ਟੀਮ ਨੇ ਘੋਟਕੀ ਜਾ ਕੇ ਲੋਕਾਂ ਨਾਲ ਗੱਲਬਾਤ ਕੀਤੀ ਸੀ ਅਤੇ ਹਾਲਾਤ ਦਾ ਜਾਇਜ਼ਾ ਲਿਆ ਸੀ। ਟੀਮ ਨੇ ਮੰਤਰਾਲੇ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਕਿਹਾ ਕਿ ਘੋਟਕੀ ਦੀ ਘਟਨਾ ਹਿੰਦੂ ਭਾਈਚਾਰੇ ਵਿਚ ਭੈਅ ਪੈਦਾ ਕਰਨ ਅਤੇ ਇਲਾਕੇ ਵਿਚ ਸੰਪਰਦਾਇਕ ਦੰਗੇ ਕਰਵਾਉਣ ਲਈ ਰਚੀ ਗਈ ਸਾਜਿਸ਼ ਦਾ ਹਿੱਸਾ ਸੀ।




# ਸਿੱਖ ਕੈਦੀਆਂ ਦੀ ਰਿਹਾਈ ਦੇ ਫੈਸਲੇ ਦਾ ਸਿੱਖਸ ਆਫ ਅਮਰੀਕਾ ਨੇ ਕੀਤਾ ਸਵਾਗਤ

## ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜੇਸੀ ਸਿੰਘ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ

ਵਾਸ਼ਿੰਗਟਨ : ਸਿੱਖ ਭਾਈਚਾਰੇ ਦੀ ਸਿਰਮੌਰ ਸੰਸਥਾ ਸਿੱਖਸ ਆਫ ਅਮਰੀਕਾ ਵੱਲੋਂ ਭਾਰਤ ਸਰਕਾਰ ਦੇ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ । ਇਸ ਫੈਸਲੇ ਦਾ ਸਵਾਗਤ ਕਰਦਿਆਂ ਸਿੱਖਸ ਆਫ ਅਮਰੀਕਾ ਦੇ ਚੇਅਰਮੈਨ ਜੇਸੀ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ । ਉਨ੍ਹਾਂ ਕਿਹਾ ਕਿ ਜਦੋਂ ਅਸੀਂ ਹਿਊਸਟਨ ਵਿੱਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਨੇ ਸਾਨੂੰ ਕਿਹਾ ਸੀ ਕਿ ਸਿੱਖਾਂ ਦੁਆਰਾ 2014 ਦੇ ਮੈਮੋਰੰਡਮ 'ਚੋਂ ਇੱਕ ਮੰਗ ਦਾ ਜਲਦੀ ਹੀ ਜਵਾਬ ਦਿੱਤਾ ਜਾਵੇਗਾ । ਜੋ ਕਿ ਉਨ੍ਹਾਂ ਦਿਨਾਂ ਦੀ ਇਕੋ ਇਕ ਬਾਕੀ ਮੰਗ ਜੇਲ੍ਹਾਂ ਵਿਚੋਂ ਸਿੱਖ ਕੈਦੀਆਂ ਦੀ ਰਿਹਾਈ ਸੀ ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕੱਲ੍ਹ, ਭਾਰਤ ਸਰਕਾਰ ਨੇ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਅੱਠ ਸਿੱਖ ਕੈਦੀਆਂ ਨੂੰ ਰਿਹਾਅ ਕਰਨ ਦਾ ਐਲਾਨ ਕੀਤਾ । ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਅਜਿਹਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਹੈ । ਸਿੱਖਸ ਆਫ ਅਮਰੀਕਾ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ ਅਤੇ ਬਲਜਿੰਦਰ ਸਿੰਘ ਨੇ ਭਾਰਤੀ ਗ੍ਰਹਿ ਮੰਤਰਾਲੇ ਦਾ ਧੰਨਵਾਦ ਕੀਤਾ ਕਿ ਮੰਤਰਾਲੇ ਨੇ ਇਕ ਹੋਰ ਸਿੱਖ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲ ਦਿੱਤਾ ਹੈ ।

# ਅਮਰੀਕਾ ਦੇ ਟੈਕਸਸ 'ਚ ਇਹ ਪੰਜਾਬੀ ਮੁੰਡਾ ਭੁੱਖ ਹੜਤਾਲ 'ਤੇ ਕਿਉਂ


JESSICA MILES


LINDA CORCHADO

74 ਦਿਨਾਂ ਤੋਂ ਟੈਕਸਸ ਦੇ ਐਲ ਪਾਸੋ ਸ਼ਹਿਰ ਵਿੱਚ ਭੁੱਖ ਹੜਤਾਲ 'ਤੇ ਬੈਠੇ ਦੋ ਭਾਰਤੀਆਂ ਨੂੰ ਪਰਵਾਸੀਆਂ ਲਈ ਬਣਾਏ ਗਏ ਹਿਰਾਸਤ ਕੇਂਦਰ 'ਚੋਂ ਛੇਤੀ ਰਿਹਾਅ ਕੀਤਾ ਜਾ ਸਕਦਾ ਹੈ। 33 ਸਾਲਾ ਅਜੇ ਕੁਮਾਰ ਅਤੇ 24 ਸਾਲਾ ਗੁਰਜੰਟ ਸਿੰਘ ਨੂੰ ਦੱਖਣੀ ਸੀਮਾ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ ਅਤੇ ਉਹ ਦੋਵੇਂ ਇੱਕ ਸਾਲ ਤੋਂ ਹਿਰਾਸਤ ਵਿੱਚ ਹਨ। ਭਾਰਤ ਤੋਂ ਉਨ੍ਹਾਂ ਨੂੰ ਇੱਥੇ ਪਹੁੰਚਣ ਵਿੱਚ ਪੂਰੇ ਦੋ ਮਹੀਨੇ ਲੱਗੇ ਸਨ, ਉਹ ਉਹ ਦੋਵੇਂ ਹਵਾਈ, ਸਮੁੰਦਰੀ ਅਤੇ ਜ਼ਮੀਨੀ ਮਾਰਗ ਰਾਹੀਂ ਇੱਥੇ ਪਹੁੰਚੇ ਸਨ। ਉਨ੍ਹਾਂ ਨੇ ਇਹ ਕਹਿੰਦਿਆਂ ਸ਼ਰਨ ਮੰਗੀ ਸੀ ਕਿ ਜੇਕਰ ਉਹ ਘਰ ਵਾਪਸ ਗਏ ਤਾਂ ਉਨ੍ਹਾਂ ਦੇ ਸਿਆਸੀ ਵਿਰੋਧੀ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰਨਗੇ। ਅਜੇ ਦੀ ਪਟੀਸ਼ਨ ਅਮਰੀਕੀ ਇਮੀਗ੍ਰੇਸ਼ਨ ਅਪੀਲ ਬੋਰਡ ਕੋਲ ਲਟਕੀ ਹੋਈ ਹੈ। ਉੱਥੇ ਹੀ ਗੁਰਜੰਟ ਸਿੰਘ ਦੀ ਪਟੀਸ਼ਨ ਇਮੀਗ੍ਰੇਸ਼ਨ ਜੱਜ ਨੇ ਖਾਰਜ ਕਰ ਦਿੱਤੀ ਹੈ, ਜਿਸ ਨੂੰ ਉਹ ਚੁਣੌਤੀ ਦੇ ਰਿਹਾ ਹੈ। ਗੁਰਜੰਟ ਦੀ ਮੰਗ ਹੈ ਹੈ ਕਿ ਉਸ ਦੀ ਪਟੀਸ਼ਨ ਦੀ ਸੁਣਵਾਈ 'ਨਿਰਪੱਖ ਜੱਜ' ਕਰੇ।ਪਿਛਲੇ ਹਫ਼ਤੇ ਤੱਕ ਦੋਵੇਂ ਭਾਰਤੀ ਆਪਣੀ ਹਿਰਾਸਤ ਨੂੰ ਲੈ ਭੁੱਖ ਹੜਤਾਲ 'ਤੇ ਸਨ, ਉਨ੍ਹਾਂ ਦੀ ਮੰਗ ਸੀ ਕਿ ਜਦੋਂ ਤੱਕ ਇਮੀਗ੍ਰੇਸ਼ਨ ਜੱਜ ਉਨ੍ਹਾਂ ਨੇ ਮਾਮਲੇ ਦੀ ਸੁਣਵਾਈ ਕਰ ਰਹੇ ਹਨ ਉਦੋਂ ਤੱਕ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਕੋਲ ਇਹ ਸ਼ਕਤੀ ਹੈ ਕਿ ਉਹ ਸ਼ਰਨ ਮੰਗਣ ਵਾਲਿਆਂ ਦੇ ਮਾਮਲੇ ਦੀ ਸੁਣਵਾਈ ਤੱਕ ਉਨ੍ਹਾਂ ਨੂੰ ਰਿਹਾਅ ਜਾਂ ਹਿਰਾਸਤ ਵਿੱਚ ਰੱਖਣ ਦਾ ਫ਼ੈਸਲਾ ਲੈ ਸਕਦੇ ਹਨ।

**ਨਾਲੀ ਨਾਲ ਖਾਣਾ ਦੇਣਾ ਖ਼ਤਰਨਾਕ**

ਗੁਰਜੰਟ ਸਿੰਘ ਦੀ ਵਕੀਲ ਜੇਸਿਕਾ ਮਾਈਲਸ ਨੇ ਕਿਹਾ, "ਮੇਰੇ ਮੁਵੱਕਿਲ ਨੇ ਦੱਸਿਆ ਹੈ ਕਿ ਇਹ ਪ੍ਰਕਿਰਿਆ ਤਸੀਹੇ ਦੇਣ ਵਾਲੀ ਹੈ। ਇਹ ਪ੍ਰਕਿਰਿਆ ਭੁੱਖ ਹੜਤਾਲ ਕਰਨ ਵਾਲਿਆਂ ਦੇ ਸਾਹਮਣੇ ਕੀਤੀ ਗਈ ਇਹ ਹੋਰ ਬੇਇੱਜ਼ਤ ਕਰਨ ਵਾਲੀ ਸੀ।"

"ਕਈ ਹਫ਼ਤਿਆਂ ਲਈ ਇਹ ਟਿਊਬ ਲੱਗੀ ਛੱਡ ਦਿੱਤੀ ਗਈ ਜਿਸ ਕਾਰਨ ਬੇਚੈਨੀ ਅਤੇ ਦਰਦ ਸੀ। ਮੇਰੇ ਮੁਵੱਕਿਲ ਟਿਊਬ ਦੇ ਦਰਦ ਅਤੇ ਭੁੱਖ ਹੜਤਾਲ ਕਾਰਨ ਕਈ ਹਫ਼ਤਿਆਂ ਤੱਕ ਸੌਂ ਨਹੀਂ ਸਕਿਆ।"

"ਮੈਂ ਪਹਿਲਾ ਵੀ ਭੁੱਖ ਹੜਤਾਲ ਕਰਨ ਵਾਲਿਆਂ ਦੀ ਪੈਰਵੀ ਕੀਤੀ ਹੈ ਅਤੇ ਮੈਂ ਹੈਰਾਨ ਹਾਂ ਕਿ ਗੁਰਜੰਟ ਸਿੰਘ ਦੀ ਹਾਲਤ ਚਿੰਤਾਜਨਕ ਸੀ ਮੈਂ ਡਾਕਟਰਾਂ ਨੂੰ ਉਸ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਕਿਹਾ ਤਾਂ ਉਨ੍ਹਾਂ ਨੇ ਦੱਸਿਆ ਕਿ ਉਸ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਸਕਦੀ ਹੈ।"

ਵਕੀਲਾਂ ਦਾ ਕਹਿਣਾ ਹੈ ਕਿ ਜ਼ਬਰਦਸਤੀ ਕੁਝ ਖੁਆਉਣ ਨਾਲ ਨੱਕ ਵਿਚੋਂ ਖ਼ੂਨ ਨਿਕਲਦਾ ਹੈ ਅਤੇ ਉਲਟੀ ਵੀ ਆ ਸਕਦੀ ਹੈ। ਇਥੇ ਹੀ, ਸੰਯੁਕਤ ਰਾਸ਼ਟਰ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਨੂੰ ਤਸੀਹੇ ਵਾਂਗ ਮੰਨਿਆ ਜਾ ਸਕਦਾ ਹੈ ਅਤੇ ਮੈਡੀਕਲ ਵਜੋਂ ਅਨੈਤਿਕ ਵੀ ਹੈ।

ਇਮੀਗ੍ਰੇਸ਼ਨ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਬਰਦਸਤੀ ਖਾਣਾ ਪਰਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਲਈ ਦਿੱਤਾ ਜਾਂਦਾ ਹੈ।

ਲੰਬੇ ਸਮੇਂ ਤੱਕ ਭੁੱਖੇ ਰਹਿਣ ਨਾਲ ਲੋਕਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਖ਼ਤਰਾ ਰਹਿੰਦਾ ਹੈ।

ਅਜੇ ਕੁਮਾਰ ਦਾ ਕਹਿਣਾ ਹੈ ਕਿ ਉਹ ਹਰਿਆਣਾ ਦੇ ਇੱਕ ਕਿਸਾਨ ਪਰਿਵਾਰ ਤੋਂ ਹੈ ਅਤੇ ਉਹ ਸੂਬੇ ਦੀ ਮੁੱਖ ਵਿਰੋਧੀ ਪਾਰਟੀ 'ਚ ਹੈ।

ਅਜੇ ਦੀ ਵਕੀਲ ਲਿੰਡਾ ਕੋਰਸ਼ਾਡੋ ਨੇ ਕਿਹਾ, "ਉਸ ਦਾ ਕਹਿਣਾ ਹੈ ਕਿ ਸਿਆਸੀ ਵਿਰੋਧੀਆਂ ਨੇ ਉਸ ਦੀ ਭੈਣ 'ਤੇ ਤੇਜ਼ਾਬ ਨਾਲ ਹਮਲਾ ਕੀਤਾ ਸੀ ਅਤੇ ਅਮਰੀਕਾ ਹਿਰਾਸਤ ਕੇਂਦਰ ਵਿੱਚ ਰਹਿਣ ਦੌਰਾਨ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ।"

"ਜਦੋਂ ਹਿਰਾਸਤ ਕੇਂਦਰ ਵਿੱਚ ਹੁੰਦੇ ਹੋ ਤਾਂ ਤੁਹਾਡੇ ਦਾਅਵਿਆਂ ਦੀ ਪੁਸ਼ਟੀ ਕਰ ਸਕਣਾ ਮੁਸ਼ਕਿਲ ਹੁੰਦਾ ਹੈ।"

ਗੁਰਜੰਟ ਦਾ ਕਹਿਣਾ ਹੈ ਕਿ ਉਹ ਪੰਜਾਬ ਤੋਂ ਹੈ ਅਤੇ ਉਸ ਨੇ ਆਪਣੇ ਵਕੀਲ ਨੂੰ ਕਿਹਾ ਸੀ, " ਮੈਂ ਇੱਕ ਸਿਆਸੀ ਪਾਰਟੀ ਨਾਲ ਜੁੜਿਆ ਸੀ ਅਤੇ ਉਨ੍ਹਾਂ ਦੀਆਂ ਸਿਆਸੀ ਗਤੀਵਿਧੀਆਂ ਕਾਰਨ ਉਸ ਨੂੰ ਕਈ ਵਾਰ ਕੁੱਟਿਆ ਗਿਆ ਸੀ, ਧਮਕੀਆਂ ਦਿੱਤੀਆਂ ਗਈਆਂ ਸਨ ਕਿ ਜੇਕਰ ਮੈਂ ਮੁੱਖ ਵਿਰੋਧੀ ਦਲ ਵਿੱਚ ਸ਼ਾਮਿਲ ਨਹੀਂ ਹੋਇਆ ਤਾਂ ਮੇਰਾ ਕਤਲ ਕਰ ਦਿੱਤਾ ਜਾਵੇਗਾ।"



GETTY IMAGES

ਇਹ ਹਾਲੇ ਤੱਕ ਸਾਫ਼ ਨਹੀਂ ਹੈ ਕਿ ਐਲ ਪਾਸੋ ਦੇ ਹਿਰਾਸਤ ਕੇਂਦਰ ਵਿੱਚ ਕਿੰਨੇ ਭਾਰਤੀ ਹਨ ਪਰ ਫਰਵਰੀ ਵਿੱਚ ਵਕੀਲਾਂ ਨੇ ਖੇਤਰ ਦਾ ਦੌਰਾ ਕੀਤਾ ਸੀ ਤਾਂ ਉਨ੍ਹਾਂ ਨੇ ਦੇਖਿਆ ਕਿ 200 ਅਜਿਹੇ ਲੋਕ ਹਿਰਾਸਤ ਵਿੱਚ ਹਨ ਜਿਨ੍ਹਾਂ ਦੇ ਉਪ-ਨਾਮ ਭਾਰਤੀ ਹਨ।

ਨਿਊਯਾਰਕ ਸਥਿਤ ਦੱਖਣੀ ਏਸ਼ੀਆ ਅਮਰੀਕੀ 'ਲੀਡਿੰਗ ਟੂਗੈਦਰ' ਸਮੂਹ ਦੀ ਲਕਸ਼ਮੀ ਸ਼੍ਰੀਧਰਨ ਦਾ ਕਹਿਣਾ ਹੈ, "ਹਿਰਾਸਤ ਕੇਂਦਰਾਂ ਵਿੱਚ ਰਹਿ ਰਹੇ ਸ਼ਰਨ ਮੰਗਣ ਵਾਲੇ ਲੋਕਾਂ ਦੀਆਂ ਕਈ ਸਮੱਸਿਆਵਾਂ ਹਨ, ਜਿਵੇਂ ਭਾਸ਼ਾ, ਧਰਮ ਸਥਾਨ ਦਾ ਨਾ ਮਿਲਣਾ, ਮੈਡੀਕਲ ਸਹੂਲਤਾਂ ਤੋਂ ਵਾਂਝੇ ਰੱਖਣਾ, ਇਕੱਲੇ ਕੈਦ, ਜ਼ਬਰਦਸਤੀ ਖਾਣਾ ਖੁਆਉਣਾ ਅਤੇ ਸ਼ਰਨ ਦੀ ਮੰਗ ਦੀ ਪ੍ਰਕਿਰਿਆ ਵਿੱਚ ਦੇਰੀ ਸ਼ਾਮਿਲ ਹੈ।"

**ਕਿਊਬਾ, ਬੰਗਲਾਦੇਸ਼ ਦੇ ਲੋਕਾਂ ਨੇ ਕੀਤੀ ਭੁੱਖ ਹੜਤਾਲ**

ਐਲ ਪਾਸੋ ਵਿੱਚ ਇਮੀਗ੍ਰੇਸ਼ਨ ਵਕੀਲਾਂ ਨੇ ਕਿਹਾ ਹੈ ਕਿ ਭੁੱਖ ਹੜਤਾਲ ਹੁਣ ਆਮ ਗੱਲ ਹੋ ਰਹੀ ਹੈ।

ਵਕੀਲਾਂ ਅਤੇ ਵਰਕਰਾਂ ਦਾ ਕਹਿਣਾ ਹੈ ਕਿ ਇਸ ਸਾਲ ਸਰਹੱਦ ਤੋਂ ਹਿਰਾਸਤ ਵਿੱਚ ਲਏ ਗਏ 13 ਭਾਰਤੀਆਂ ਨੇ ਖਾਣਾ ਖਾਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਜ਼ਬਰਦਸਤੀ ਨਾਲੀ ਰਾਹੀਂ ਖਾਣਾ ਦਿੱਤਾ ਗਿਆ ਹੈ। ਮੈਡੀਕਲ ਖੇਤਰ ਵਿੱਚ ਨੈਤਿਕਤਾ ਦੀ ਗੱਲ ਨੂੰ ਲੈ ਕੇ ਇਸ ਦਾ ਵਿਰੋਧ ਵੀ ਹੋਇਆ।

'ਐਡਵੋਕੇਟ ਵਿਜ਼ੀਟਰਜ਼ ਵਿਦ ਇਮੀਗ੍ਰੇਂਟਸ ਇਨ ਡਿਟੈਂਸ਼ਨ' ਨਾਮ ਦੇ ਸਮੂਹ ਦੀ ਇੱਕ ਸਵੈਮ-ਸੇਵਕ ਮਾਰਗ੍ਰੇਟ ਬ੍ਰਾਊਨ ਵੇਗਾ ਨੇ ਕਿਹਾ, "ਰਿਹਾਈ ਦੀ ਕੋਈ ਸੰਭਾਵਨਾ ਨਾ ਨਜ਼ਰ ਆਉਣ ਕਾਰਨ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਭੁੱਖ ਹੜਤਾਲ ਦਾ ਰੁਝਾਨ ਵਧਿਆ ਹੈ।"

ਮੂਰ ਕਹਿੰਦੇ ਹਨ, "ਇਨ੍ਹਾਂ ਲੋਕਾਂ ਦੇ ਪ੍ਰਦਰਸ਼ਨ ਨੂੰ ਕੌਮਾਂਤਰੀ ਪੱਧਰ 'ਤੇ ਪਛਾਣ ਮਿਲੀ। ਖ਼ਾਸ ਕਰਕੇ ਉਦੋਂ ਜਦੋਂ ਫੈਡਰਲ ਜੱਜਾਂ ਨੇ ਹਿਰਾਸਤ ਵਿੱਚ ਲਏ ਗਏ ਲੋਕਾਂ ਨੂੰ ਟਿਊਬ ਰਾਹੀਂ ਖਾਣਾ ਖੁਆਉਣ ਦਾ ਆਦੇਸ਼ ਦਿੱਤਾ।"

22 ਸਾਲਾ ਜਸਵੀਰ ਸਿੰਘ ਅਤੇ 23 ਸਾਲਾ ਰਾਜਨਦੀਪ ਸਿੰਘ ਦੱਸਦੇ ਹਨ ਕਿ ਦਿਨ 'ਚ ਤਿੰਨ ਵਾਰ ਜ਼ਬਰਦਸਤੀ ਕੁਝ ਖੁਆਉਣਾ 'ਦਰਦਨਾਕ ਅਤੇ ਅਣਮਨੁੱਖੀ ਕਾਰਾ' ਹੈ।

ਮੈਡੀਕਲ ਤੌਰ 'ਤੇ ਸਿਹਤਮੰਦ ਹੋਣ ਤੋਂ ਬਾਅਦ ਅਜੇ ਕੁਮਾਰ ਅਤੇ ਗੁਰਜੰਟ ਸਿੰਘ ਨੂੰ ਐਲ ਪਾਸੋ ਵਿੱਚ ਸਥਾਨਕ ਸਪਾਂਸਰਸ਼ਿਪ ਦੇ ਨਾਲ ਰਹਿਣ ਦੀ ਆਗਿਆ ਦੇ ਦਿੱਤੀ ਜਾਵੇਗੀ।

ਹਾਲਾਂਕਿ, ਉਨ੍ਹਾਂ ਦੀ ਆਵਾਜਾਈ 'ਤੇ ਪਾਬੰਦੀ ਰਹੇਗੀ ਅਤੇ ਉਨ੍ਹਾਂ ਦੇ ਪੈਰ ਵਿੱਚ ਇਲੈਕਟ੍ਰਾਨਿਕ ਮੌਨੀਟਰਿੰਗ ਮਸ਼ੀਨ ਲਗਾ ਦਿੱਤੀ ਜਾਵੇਗੀ ਜਿਸ ਨਾਲ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਆਵਾਜਾਈ 'ਤੇ ਨਜ਼ਰ ਰੱਖੀ ਜਾ ਸਕੇਗੀ। ਇੱਕ ਸਪਾਂਸਰਸ਼ਿਪ ਦੇਣ ਵਾਲੇ ਨੇ ਦੱਸਿਆ, "ਉਹ ਜਦੋਂ ਤੱਕ ਉਥੇ ਰਹਿਣਾ ਚਾਹੁਣ ਉਨ੍ਹਾਂ ਦਾ ਸੁਆਗਤ ਹੈ। ਅਸੀਂ ਉਨ੍ਹਾਂ ਲਈ ਇੱਕ ਡਾਕਟਰ ਲੱਭਿਆ ਹੈ, ਜੋ ਉਨ੍ਹਾਂ ਦੀ ਸਿਹਤ ਦੀ ਜਾਂਚ ਕਰੇਗਾ।" ਕੋਰਡਸ਼ੀ ਕਹਿੰਦੀ ਹੈ, "ਅਜੇ ਆਪਣੀ ਅਪੀਲ 'ਤੇ ਧਿਆਨ ਕੇਂਦਰਿਤ ਕਰਕੇ ਬੈਠੇ ਹਨ ਅਤੇ ਚੰਗਾ ਮਹਿਸੂਸ ਕਰ ਰਹੇ ਹਨ ਪਰ ਇਸ ਨਾਲ ਹੀ ਉਹ ਬਹੁਤ ਚਿੰਤਾ ਵੀ ਕਰਦੇ ਹਨ। ਉਹ ਭਾਰਤ ਵਾਪਸ ਜਾਣ ਨੂੰ ਲੈ ਕੇ ਡਰੇ ਹੋਏ ਹਨ।"

## 7 ਹਜ਼ਾਰ ਭਾਰਤੀਆਂ ਨੂੰ ਭੇਜਿਆ ਗਿਆ ਵਾਪਸ

ਅਮਰੀਕੀ ਬਾਰਡਰ ਪੈਟਰੋਲ ਨੇ ਇਨ੍ਹਾਂ ਦੋਵਾਂ ਸਣੇ 9 ਹਜ਼ਾਰ ਭਾਰਤੀਆਂ ਨੂੰ ਹਿਰਾਸਤ ਵਿੱਚ ਲਿਆ ਸੀ। ਸਾਲ 2017 ਦੇ ਮੁਕਾਬਲੇ ਇਹ ਗਿਣਤੀ ਤਿੰਨ ਗੁਣਾ ਸੀ। ਇਸ ਵਿੱਚ ਵਧੇਰੇ ਲੋਕ ਉੱਤਰ ਭਾਰਤ ਦੇ ਪੰਜਾਬ ਅਤੇ ਹਰਿਆਣਾ ਸੂਬੇ ਤੋਂ ਸਨ ਜਦ ਕਿ ਕੁਝ ਗੁਜਰਾਤ ਦੇ ਵੀ ਸਨ। ਸ਼ਰਨ ਮੰਗਣ ਵਾਲਿਆਂ ਵਿੱਚ ਵਧੇਰੇ ਗਿਣਤੀ ਭਾਰਤੀਆਂ ਦੀ ਹੈ ਪਰ ਉਨ੍ਹਾਂ ਦੀ ਮੰਗ ਰੱਦ ਕਰ ਦਿੱਤੀ ਗਈ ਹੈ। ਅੰਦਰੂਨੀ ਸੁਰੱਖਿਆ ਵਿਭਾਗ ਮੁਤਾਬਕ 2015 ਤੋਂ 2017 ਵਿਚਾਲੇ 7 ਹਜ਼ਾਰ ਭਾਰਤੀਆਂ ਨੂੰ ਅਮਰੀਕਾ ਤੋਂ ਵਾਪਸ ਭੇਜਿਆ ਗਿਆ ਹੈ। ਇਨ੍ਹਾਂ ਮਾਮਲਿਆਂ 'ਤੇ ਨੇੜਿਓਂ ਨਜ਼ਰ ਰੱਖਣ ਵਾਲੇ ਐਲ ਪਾਸੋ ਟਾਈਮਜ਼ ਦੇ ਸਾਬਕਾ ਸੰਪਾਦਕ ਰੌਬਰਟ ਮੂਰ ਮੁਤਾਬਕ ਡਿਟੈਂਸ਼ਨ ਕੇਂਦਰ ਵਿੱਚ ਐਲ ਪਾਸੋ 'ਤੇ ਇਮੀਗ੍ਰੇਸ਼ਨ ਅਤੇ ਡਿਊਟੀ ਅਫ਼ਸਰ ਲਗਾਤਾਰ ਵਿਤਕਰਾ ਕਰਦੇ ਹਨ, ਪਰ ਅਧਿਕਾਰੀਆਂ ਨੇ ਇਨ੍ਹਾਂ ਇਲਜ਼ਾਮਾਂ ਨੂੰ ਖਾਰਜ ਕੀਤਾ। ਇੱਕ ਮਹੀਨੇ ਬਾਅਦ ਅਜੇ ਅਤੇ ਗੁਰਜੰਟ ਸਿੰਘ ਨੇ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਇੱਕ ਕੋਰਟ ਨੇ ਆਦੇਸ਼ ਦਿੱਤਾ ਸੀ ਕਿ ਦੋਵਾਂ ਨੂੰ ਜ਼ਿੰਦਾ ਰੱਖਣ ਲਈ ਉਨ੍ਹਾਂ ਨੂੰ ਜ਼ਬਰਦਸਤੀ ਖਾਣਾ ਖੁਆਇਆ ਜਾਵੇ। ਅਜੇ ਕੁਮਾਰ ਨੇ ਅਦਾਲਤ ਨੂੰ ਕਿਹਾ ਸੀ, "ਇੱਕ ਨਰਸ ਲੰਬੀ ਟਿਊਬ ਲੈ ਆਈ ਅਤੇ ਡਾਕਟਰ ਨੇ ਕਿਹਾ ਕਿ ਖਾਓ ਨਹੀਂ ਤਾਂ ਅਸੀਂ ਤੁਹਾਡੇ ਨੱਕ 'ਚ ਪਾ ਦਿਆਂਗੇ। ਮੈਂ ਮਨਾਂ ਕਰ ਦਿੱਤਾ ਤਾਂ ਉਹ ਟਿਊਬ ਪਾਉਣ ਲੱਗੇ। ਜਦੋਂ ਤੱਕ ਮੇਰੀ ਨੱਕ ਸੁੱਜ ਨਹੀਂ ਗਈ ਉਦੋਂ ਤੱਕ ਉਨ੍ਹਾਂ ਨੇ ਤਿੰਨ ਵਾਰ ਅਜਿਹਾ ਕੀਤਾ।" ਗੁਰਜੰਟ ਦਾ ਹਿਰਾਸਤ ਕੇਂਦਰ ਵਿੱਚ 17 ਕਿਲੋ ਭਾਰ ਘੱਟ ਗਿਆ ਹੈ ਅਤੇ ਉਸ ਨੇ ਕਿਹਾ ਹੈ ਕਿ ਉਸ ਨੂੰ ਜ਼ਬਰਦਸਤੀ ਖਾਣਾ ਖੁਆਇਆ ਗਿਆ ਹੈ, ਜੋ ਬੇਹੱਦ ਦਰਦਨਾਕ ਅਤੇ ਬੇਇੱਜ਼ਤ ਕਰਨ ਵਾਲਾ ਸੀ।



20 ਸਾਲ ਦਾ ਮਹਾਨ ਅਨੁਭਵ
ਮਾਤਾਵਾਂ ਅਤੇ ਭੈਣਾਂ ਦੀ ਸੱਚੀ ਹਮਦਰਦ
ਲਾਟਰੀ ਅਤੇ ਵਸ਼ਿਕਕਰਨ ਸੁਪਰ ਸਪੈਸ਼ਲਿਸਟ ਗਾਰੰਟੀ ਨਾਲ ਸਟਾਂਪ ਪੇਪਰ ਤੇ ਲਿਖ ਕੇ 2 ਘੰਟੇ ਵਿਚ ਸਮਾਧਾਨ । ਜੇ ਤੁਸੀਂ ਆਪਣੀਆਂ ਕਿਸੇ ਵੀ ਸਮੱਸਿਆ ਕਾਰਨ ਪਰੇਸ਼ਾਨ ਹੋ, ਤਾਂ ਇਕ ਵਾਰ ਕਾਲ ਕਰੋ. ਜੇ ਤੁਹਾਡੀ ਧੀ ਤੁਹਾਡੇ ਜਵਾਈ ਜਾਂ ਸੱਸ-ਸਹੁਰੇ ਬਾਰੇ ਚਿੰਤਤ ਹੈ ਤਾਂ ਇਕ ਵਾਰ ਫੋਨ ਕਰੋ. ਸਥਾਈ ਐਡਰੈਸ - ਹਾਊਸ ਨੰ .101, ਖੁਡਾ ਅਲੀ ਸ਼ੇਰ ਚੰਡੀਗੜ੍ਹ , ਯੂ ਟੀ
ਜੋ ਮਾਂ ਭੈਣ ਅਤੇ ਭਰਾ ਮਿਲਣਾ ਚਾਹੁੰਦੇ ਹਨ ਤੁਸੀਂ ਭਾਰਤ ਵਿੱਚ ਵੀ ਮਿਲ ਸਕਦੇ ਹੋ
Astrologer Purnima Devi
ਜਿਮੇਂ: ਪ੍ਰੇਮ ਵਿਆਹ, ਨੌਕਰੀ, ਕਾਰੋਬਾਰ, ਵਸ਼ੀਕਰਨ, ਗ੍ਰਹ ਕਲੇਸ਼, ਸੰਤਾਨਹੀਨ, ਕੰਮ ਵਿੱਚ ਮਨ ਨਾ ਲਗਣਾ, ਸੋਤਨ ਤੋਂ ਛੁਟਕਾਰਾ, ਪਿਆਰ ਮੁਹੱਬਤ, ਕੀਤਾ ਕਰਾਇਆ, ਵੀਜ਼ਾ ਵਿੱਚ ਦੇਰੀ, ਕੋਰਟ ਵਿੱਚ ਜਿਤੱ
ਸਪੈਸ਼ਲਿਸਟ : ਵਸ਼ੀਕਰਨ, ਲੱਕੀ ਲਾਟਰੀ ਨੰਬਰ ਅਤੇ ਇੰਟਰਕਾਸਟ ਲਵਮੈਰਿਜ, ਬਲੈਕ ਮੈਜਿਕ
+91-98728-37340

ਹਰ ਜਗ੍ਹਾ ਤੋਂ ਨਿਰਾਸ਼ ਇਕ ਵਾਰ ਜਰੂਰ ਫੋਨ ਕਰੋ, ਕੰਮ ਨਾ ਹੋਣ ਤੇ ਪੂਰਾ ਪੈਸਾ ਵਾਪਿਸ
ਜਿਸਤਰ੍ਹਾ ਦੁਆ ਵੀ ਤਕਦੀਰ ਬਦਲ ਦਿੰਦੀ ਹੈ। ਉਸ ਤਰ੍ਹਾਂ ਕੋਸ਼ਿਸ਼ ਵੀ ਬੰਦ ਦਰਵਾਜਾ ਖੋਲ ਦਿੰਦੀ ਹੈ।
ਇਕ ਔਰਤ ਹੀ ਔਰਤ ਦਾ ਦਰਦ ਸਮਝ ਸਕਦੀ ਹੈ
ਇਹ ਇਸ਼ਤਿਹਾਰ ਮੇਰੇ ਦੁੱਖੀ ਅਤੇ ਪ੍ਰੇਸ਼ਾਨ ਭੈਣਾ ਅਤੇ ਭਰਾਵਾਂ ਲਈ ਹੈ
ਬੀਬੀ ਹਰਜੀਤ ਕੌਰ
ਇਨ੍ਹਾ ਕੋਲੋਂ ਕਈ ਦੁੱਖੀ ਭੈਣ ਅਤੇ ਭਰਾ ਫਾਇਦਾ ਉਠਾ ਚੁੱਕੇ ਹਨ।

ਪੀੜੀ ਦਰ ਪੀੜੀ 75 ਸਾਲਾਂ ਦਾ ਤਜੁਰਬਾ
Specialist: ਵਿਛੜਿਆ ਸਾਥੀ ਵਾਪਿਸ ਮਿਲਾਨਾ, ਪਤੀ/ਪ੍ਰੇਮੀ/ਪੁੱਤਰ ਨੂੰ ਵੱਸ ਵਿਚ ਕਰਨਾ, ਸੌਤਨ ਦੁਸ਼ਮਣਾ ਨੂੰ ਸਬਕ ਸਿਖਾਉਣਾ। ਹਰ ਤਰ੍ਹਾਂ ਦੇ ਇਲਮ ਓਪਰੀ ਸਾਏ, ਜਾਦੂ-ਟੋਣੇ ਦੀ ਕਾਟ ਸਾਡੇ ਕੋਲ। ਲੱਕੀ ਲਾਟਰੀ ਨੰਬਰ, ਕਿਸਮਤ ਵਿਚ ਧੰਨ ਹੈ ਜਾਂ ਨਹੀਂ ਮੇਰੇ ਤੋ ਜਾਣੋ।
ਇੱਕ ਫੋਨ ਕਾਲ ਹੀ ਤੁਹਾਡੀ ਜਿੰਦਗੀ ਬਦਲ ਸਕਦੀ ਹੈ
ਤੁਹਾਡੇ ਪਤੀ/ਔਲਾਦ ਨੂੰ ਨਸ਼ੇ ਤੋ ਮੁਕੱਤੀ ਦਿਲਾਉਣਾ
100% Privacy Guaranteed
ਨੋਟ- ਝੂਠੇ ਅਤੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਪੰਡਿਤਾਂ ਦੁਆਰਾ ਕੀਤੇ ਗਏ ਝੂਠੇ ਦਾਵਿਆਂ ਤੋਂ ਸਾਵਧਾਨ। ਇਹ ਕੰਮ ਨਹੀਂ ਤੁਹਾਡਾ ਪੈਸਾ ਬਰਬਾਦ ਕਰਦੇ ਹਨ।
0091-82642-03051

# ਹਰ ਸਾਲ ਤਿੰਨ ਲੱਖ ਬੱਚੇ ਹੋ ਰਹੇ ਹਨ ਕੈਂਸਰ ਦਾ ਸ਼ਿਕਾਰ

ਨਵੀਂ ਦਿੱਲੀ : ਹਰ ਸਾਲ ਕਰੀਬ ਤਿੰਨ ਲੱਖ ਬੱਚੇ ਕੈਂਸਰ ਦੀ ਲਪੇਟ ਵਿੱਚ ਆਉਂਦੇ ਹਨ, ਜਿਨ੍ਹਾਂ ਵਿੱਚੋਂ 78 ਹਜ਼ਾਰ ਤੋਂ ਜ਼ਿਆਦਾ ਸਿਰਫ਼ ਭਾਰਤ ਵਿੱਚੋਂ ਹੀ ਹਨ। ਜਦਕਿ ਵਿਕਸਿਤ ਦੇਸ਼ਾਂ ਵਿੱਚ 80 ਫ਼ੀਸਦ ਬੱਚੇ ਠੀਕ ਹੋ ਜਾਂਦੇ ਹਨ ਅਤੇ ਭਾਰਤ ਵਿੱਚ ਡਾਕਟਰ ਸਿਰਫ਼ 30 ਫ਼ੀਸਦ ਕੈਂਸਰ ਪੀੜਤ ਬੱਚਿਆਂ ਨੂੰ ਹੀ ਬਚਾ ਪਾਉਂਦੇ ਹਨ। ਵਿਸ਼ਵ ਸਿਹਤ ਸੰਗਠਨ ਨੇ 2030 ਤੱਕ 60 ਫ਼ੀਸਦ ਕੈਂਸਰ ਪੀੜਤ ਬੱਚਿਆਂ ਨੂੰ ਜ਼ਿੰਦਗੀ ਦੀ ਜੰਗ ਵਿੱਚ ਜਿਤਾਉਣ ਦਾ ਟੀਚਾ ਨਿਰਧਾਰਤ ਕੀਤਾ ਹੈ। ਇਸ ਖੇਤਰ ਵਿੱਚ ਕਾਰਜਸ਼ੀਲ ਗੈਰ ਸਰਕਾਰੀ ਸੰਗਠਨ 'ਕੈਨਕਿਡ' ਦੀ ਸੰਸਥਾਪਕ ਤੇ ਕੈਂਸਰ ਜਿਹੀ ਬਿਮਾਰੀ 'ਤੇ ਜਿੱਤ ਪ੍ਰਾਪਤ ਕਰਨ ਵਾਲੀ ਪੂਨਮ ਬਗਈ ਦਾ ਕਹਿਣਾ ਹੈ ਕਿ ਦਿਹਾਤੀ ਇਲਾਕਿਆਂ ਵਿੱਚ ਕੈਂਸਰ ਪੀੜਤ ਬੱਚਿਆਂ ਦੇ ਹਸਪਤਾਲ ਅਤੇ ਆਧੁਨਿਕ ਸਿਹਤ ਸੇਵਾਵਾਂ ਪਹੁੰਚਾਉਣ ਦੀ ਦਰ ਸਿਰਫ਼ 15 ਫ਼ੀਸਦ ਹੀ ਹੈ। ਉਨ੍ਹਾਂ 2004 ਵਿੱਚ ਆਪਣੀ ਨੌਕਰੀ ਛੱਡ ਇਸ ਸੰਗਠਨ ਦੀ ਸਥਾਪਨਾ ਕੀਤੀ ਸੀ ਤੇ ਅੱਜ ਉਹ ਦੇਸ਼ ਦੇ 69 ਹਸਪਤਾਲਾਂ ਨਾਲ ਕੰਮ ਕਰਦੇ ਹੋਏ 42 ਹਜ਼ਾਰ ਤੋਂ ਜ਼ਿਆਦਾ ਬੱਚਿਆਂ ਨਾਲ ਸਿਹਤ ਸੁਵਿਧਾਵਾਂ ਦੇਣ ਵਿਚ ਸਫ਼ਲ ਰਹੀ ਹੈ। ਉਸ ਨੇ ਦੱਸਿਆ ਕਿ ਉਨ੍ਹਾਂ ਦਾ ਸੰਗਠਨ 42 ਸ਼ਹਿਰਾਂ ਵਿੱਚ 69 ਕੈਂਸਰ ਕੇਂਦਰਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰ ਰਿਹਾ ਹੈ ਅਤੇ ਪੰਜਾਬ ਅਤੇ ਮਹਾਰਾਸ਼ਟਰ ਸਰਕਾਰ ਦੇ ਨਾਲ ਨਾਲ ਪਾਰਟਨਰ ਵਜੋਂ ਸਹਿਮਤੀ ਪੱਤਰਾਂ 'ਤੇ ਦਸਤਖਤ ਕੀਤੇ ਹਨ।

# ਗ੍ਰੇਟਾ ਥਨਬਰਗ ਸਵੀਡਿਸ਼ ਅਧਿਕਾਰ ਪੁਰਸਕਾਰ ਨਾਲ ਸਨਮਾਨਿਤ




ਸਟਾਕਹੋਲਮ : ਜਲਵਾਯੂ ਤਬਦੀਲੀ ਦਾ ਮੁਕਾਬਲਾ ਕਰਨ ਲਈ ਨੌਜਵਾਨ ਅੰਦੋਲਨ ਦੀ ਆਵਾਜ਼ ਬਣ ਚੁੱਕੀ ਸਵੀਡਿਸ਼ ਕੁੜੀ ਗ੍ਰੇਟਾ ਥਨਬਰਗ ਨੂੰ 'ਰਾਈਟ ਲਾਈਵਲੀਹੁੱਡ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਪੁਰਸਕਾਰ ਨੂੰ 'ਵਿਕਲਪਿਕ ਨੋਬਲ ਪੁਰਸਕਾਰ' ਵੀ ਕਿਹਾ ਜਾਂਦਾ ਹੈ। ਰਾਈਟ ਲਾਈਵਲੀਹੁੱਡ ਫਾਊਂਡੇਸ਼ਨ ਨੇ ਇਕ ਬਿਆਨ ਵਿਚ ਦੱਸਿਆ ਕਿ ਥਨਬਰਗ ਨੂੰ ਜਲਵਾਯੂ ਪਰਿਵਰਤਨ ਨਾਲ ਨਿਪਟਾਰੇ ਲਈ ਤੁਰੰਤ ਕਾਰਵਾਈ ਦੀ ਰਾਜਨੀਤਕ ਮੰਗ ਨੂੰ ਤੇਜ਼ ਕਰਨ ਅਤੇ ਲੋਕਾਂ ਨੂੰ ਪ੍ਰੇਰਿਤ ਕਰਨ ਲਈ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਕਿਹਾ, ਜਲਵਾਯੂ ਪਰਿਵਰਤਨ ਦੇ ਕਾਰਨ ਵੱਧਦੇ ਸੰਕਟ ਨੂੰ ਬਰਦਾਸ਼ਤ ਨਹੀਂ ਨਾ ਕਰਨ ਦੇ ਉਸ ਦੇ ਸੰਕਲਪ ਨੇ ਲੱਖਾਂ ਲੋਕਾਂ ਨੂੰ ਆਵਾਜ਼ ਚੁੱਕਣ ਅਤੇ ਇਸ ਸੰਕਟ ਦੇ ਨਿਪਟਾਰੇ ਲਈ ਤੁਰੰਤ ਕਦਮ ਚੁੱਕਣ ਦੀ ਮੰਗ ਕਰਨ ਲਈ ਪ੍ਰੇਰਿਤ ਕੀਤਾ ਹੈ। ਜਲਵਾਯੂ ਪਰਿਵਰਤਨ ਦੇ ਨਿਪਟਾਰੇ ਨੂੰ ਲੈ ਕੇ ਥਨਬਰਗ ਦੀ ਮੁਹਿੰਮ 'ਫ੍ਰਾਈਡੇ ਫੌਰ ਫਿਊਚਰ' ਅਗਸਤ 2018 ਵਿਚ ਉਸ ਸਮੇਂ ਸ਼ੁਰੂ ਹੋਈ ਸੀ ਜਦੋਂ ਉਸ ਨੇ ਸਵੀਡਨ ਦੀ ਸੰਸਦ ਦੇ ਸਾਹਮਣੇ 'ਜਲਵਾਯੂ ਲਈ ਸਕੂਲ ਹੜਤਾਲ' ਦੇ ਬੋਰਡ ਨਾਲ ਇਕੱਲੇ ਬੈਠ ਕੇ ਪ੍ਰਦਰਸ਼ਨ ਕਰਨਾ ਸ਼ੁਰੂ ਕੀਤਾ ਸੀ। ਉਸ ਦੇ ਇਸ ਸੰਦੇਸ਼ ਨੇ ਦੁਨੀਆ ਭਰ ਦੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ।

ਉਸ ਤੋਂ ਪ੍ਰੇਰਿਤ ਹੋ ਕੇ 150 ਤੋਂ ਵੱਧ ਦੇਸ਼ਾਂ ਦੇ ਕਰੀਬ 40 ਲੱਖ ਤੋਂ ਵੱਧ ਲੋਕਾਂ ਨੇ ਪਿਛਲੇ ਸ਼ੁੱਕਰਵਾਰ 'ਗਲੋਬਲ ਜਲਵਾਯੂ ਹੜਤਾਲ' ਵਿਚ ਹਿੱਸਾ ਲਿਆ ਅਤੇ ਨੇਤਾਵਾਂ ਨੂੰ ਜਲਵਾਯੂ ਮੁਸੀਬਤ ਦੇ ਨਿਪਟਾਰੇ ਲਈ ਕਾਰਵਾਈ ਕਰਨ ਦੀ ਮੰਗ ਕੀਤੀ। ਇਸ ਸਾਲ ਦੇ 'ਰਾਈਟ ਲਾਈਵਲੀਹੁੱਡ' ਪੁਰਸਕਾਰ ਨਾਲ ਸਹਿਰਾਵੀ ਮਨੁੱਖੀ ਅਧਿਕਾਰ ਕਾਰਕੁੰਨ ਅਮਿਨੇਤੋਊ ਹੈਦਰ, ਵਕੀਲ ਗੌਉ ਜਿਆਨਮੇਈ ਅਤੇ ਬ੍ਰਾਜ਼ੀਲ ਦੇ ਹੁਤੁਕਾਰਾ ਯਾਨੋਮਾਮੀ ਐਸੋਸੀਏਸ਼ਨ ਤੇ ਉਸ ਦੇ ਨੇਤਾ ਦਾਵੀ ਕੋਪੇਨਾਵਾ ਨੂੰ ਵੀ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੁਰਸਕਾਰ ਜੇਤੂ ਦੇ ਕੰਮ ਨੂੰ ਸਮਰਥਨ ਦੇਣ ਲਈ ਜੇਤੂ ਨੂੰ 10 ਲੱਖ ਸਵੀਡਿਸ਼ ਕ੍ਰੋਨਰ ਦੀ ਇਨਾਮੀ ਰਾਸ਼ੀ ਪ੍ਰਦਾਨ ਕੀਤੀ ਜਾਂਦੀ ਹੈ। ਜਲਵਾਯੂ ਪਰਿਵਰਤਨ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਦੁਨੀਆ ਭਰ ਦੇ ਵੱਡੇ ਨੇਤਾਵਾਂ ਦੇ ਸੰਯੁਕਤ ਰਾਸ਼ਟਰ 'ਚ ਭਾਸ਼ਨ ਦੇਣ ਤੋਂ ਪਹਿਲਾਂ 16 ਸਾਲ ਦੀ ਵਾਤਾਵਰਨ ਪ੍ਰੇਮੀ ਗ੍ਰੇਟਾ ਥਨਬਰਗ ਨੇ ਆਪਣੇ ਭਾਸ਼ਨ ਨਾਲ ਇਨ੍ਹਾਂ ਨੇਤਾਵਾਂ ਨੂੰ ਜਲਵਾਯੂ ਸਬੰਧੀ ਸ਼ੀਸ਼ਾ ਦਿਖਾਉਂਦੇ ਹੋਏ ਫਿਟਕਾਰ ਲਗਾਈ . ਸਵੀਡਨ ਦੀ 16 ਸਾਲ ਦੀ ਵਾਤਾਵਰਨ ਪ੍ਰੇਮੀ ਗ੍ਰੇਟਾ ਨੇ ਸੰਯੁਕਤ ਰਾਸ਼ਟਰ ਦੇ ਉੱਚ ਪੱਧਰੀ ਜਲਵਾਯੂ ਸੰਮੇਲਨ ਦੌਰਾਨ ਸੋਮਵਾਰ ਨੂੰ ਆਪਣੇ ਭਾਸ਼ਨ 'ਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟਰੇਸ ਸਮੇਤ ਦੁਨੀਆ ਦੇ ਵੱਡੇ ਨੇਤਾਵਾਂ ਨੂੰ ਜਲਵਾਯੂ ਸਬੰਧੀ ਉਨ੍ਹਾਂ ਵਲੋਂ ਕੀਤੇ ਜਾ ਰਹੇ ਕੰਮਾਂ ਲਈ ਫਿਟਕਾਰ ਲਗਾਈ . ਗ੍ਰੇਟਾ ਨੇ ਆਪਣੇ ਭਾਸ਼ਨ ਦੀ ਸ਼ੁਰੂਆਤ 'ਤੁਹਾਡੀ ਹਿੰਮਤ ਕਿਵੇਂ ਹੋਈ' ਸ਼ਬਦਾਂ ਨਾਲ ਕੀਤੀ . ਉਸ ਨੇ ਕਿਹਾ ਕਿ ਤੁਸੀਂ ਸਾਡੇ ਸੁਪਨੇ, ਸਾਡਾ ਬਚਪਨ, ਆਪਣੇ ਖੋਖਲੇ ਸ਼ਬਦਾਂ ਨਾਲ ਖੋਹ ਲਿਆ . ਉਸ ਨੇ ਅੱਗੇ ਕਿਹਾ ਕਿ ਹਾਲਾਂ ਕਿ ਮੈਂ ਖ਼ੁਸ਼ਕਿਸਮਤ ਹਾਂ ਪਰ ਜਿਆਦਾਤਰ ਲੋਕ ਇਸ ਨੂੰ ਝੱਲ ਰਹੇ ਹਨ, ਮਰ ਰਹੇ ਹਨ, ਪੂਰਾ ਈਕੋ ਸਿਸਟਮ ਬਰਬਾਦ ਹੋ ਰਿਹਾ ਹੈ . ਉਸ ਨੇ ਕਿਹਾ ਕਿ ਸਾਨੂੰ ਅਜੇ ਇਕ ਲੰਬਾ ਪੈਂਡਾ ਤੈਅ ਕਰਨਾ ਹੈ . ਆਪਣੇ ਸੰਬੋਧਨ ਦੌਰਾਨ ਗ੍ਰੇਟਾ ਨੇ ਭਾਵੁਕ ਹੁੰਦੇ ਕਿਹਾ ਕਿ ਤੁਸੀਂ ਸਾਨੂੰ ਅਸਫ਼ਲ ਕਰ ਦਿੱਤਾ . ਨੌਜਵਾਨ ਸਮਝਦੇ ਹਨ ਕਿ ਤੁਸੀਂ ਸਾਨੂੰ ਠੱਗਿਆ ਹੈ, ਨੌਜਵਾਨਾਂ ਦੀਆਂ ਨਜ਼ਰਾਂ ਤੁਹਾਡੇ 'ਤੇ ਹਨ ਅਤੇ ਜੇਕਰ ਤੁਸੀਂ ਸਾਨੂੰ ਫਿਰ ਅਸਫ਼ਲ ਕੀਤਾ ਤਾਂ ਅਸੀਂ ਤੁਹਾਨੂੰ ਕਦੇ ਮੁਆਫ਼ ਨਹੀਂ ਕਰਾਂਗੇ . ਗ੍ਰੇਟਾ ਨੇ ਕਿਹਾ ਕਿ ਦੁਨੀਆ ਅਜੇ ਵੀ ਗ੍ਰੀਨ ਹਾਊਸ ਗੈਸ ਦੇ ਨਿਕਾਸ ਨੂੰ ਘਟਾ ਕੇ ਅਤੇ ਊਰਜਾ ਦੀਆਂ ਨਵੀਆਂ ਤਕਨੀਕਾਂ ਤੇ ਸਰੋਤਾਂ ਦਾ ਵਿਕਾਸ ਕਰਕੇ ਜਲਵਾਯੂ ਪਰਿਵਰਤਨ 'ਤੇ ਪੈ ਰਹੇ ਬੁਰੇ ਪ੍ਰਭਾਵ ਨੂੰ ਘਟਾ ਸਕਦੀ ਹੈ . ਆਪਣੇ ਇਸ ਤਿੰਨ ਮਿੰਟ ਦੇ ਭਾਸ਼ਨ ਵਿਚ ਗ੍ਰੇਟਾ ਦੁਨੀਆ ਭਰ ਦੇ ਵੱਡੇ ਨੇਤਾਵਾਂ ਨੂੰ ਵਾਰ-ਵਾਰ ਇਹੀ ਕਹਿ ਰਹੀ ਸੀ ਕਿ ਤੁਹਾਡੀ ਏਨੀ ਹਿੰਮਤ ਕਿਵੇਂ ਹੋਈ।

# ਪਾਕਿ ਨੂੰ ਲੰਦਨ ਦੀ ਅਦਾਲਤ ਤੋਂ ਵੱਡਾ ਝਟਕਾ, ਭਾਰਤ ਦੇ ਹੱਕ 'ਚ ਆਇਆ ਹੈਦਰਾਬਾਦ ਨਿਜ਼ਾਮ ਦੇ ਖ਼ਜ਼ਾਨੇ ਦਾ ਫੈਸਲਾ

ਨਵੀਂ ਦਿੱਲੀ: ਬ੍ਰਿਟੇਨ ਦੀ ਅਦਾਲਤ ਤੋਂ ਭਾਰਤ ਦੇ ਹੱਕ ਵਿੱਚ ਇੱਕ ਵੱਡਾ ਫੈਸਲਾ ਆਇਆ ਹੈ। ਬ੍ਰਿਟੇਨ ਦੀ ਅਦਾਲਤ ਨੇ 70 ਸਾਲ ਪੁਰਾਣੇ 35 ਮਿਲੀਅਨ ਪਾਊਂਡ ਯਾਨੀ ਤਕਰੀਬਨ 306.25 ਕਰੋੜ ਰੁਪਏ ਹੈਦਰਾਬਾਦ ਫੰਡ ਮਾਮਲੇ ਵਿੱਚ ਭਾਰਤ ਦੇ ਹੱਕ 'ਚ ਫੈਸਲਾ ਸੁਣਾਇਆ ਹੈ। ਅਦਾਲਤ ਨੇ ਪਾਕਿਸਤਾਨ ਦੇ ਦਾਅਵਿਆਂ ਨੂੰ ਰੱਦ ਕਰਦਿਆਂ ਇਸ ਨੂੰ ਪ੍ਰਕਿਰਿਆ ਦੀ ਦੁਰਵਰਤੋਂ ਕਰਾਰ ਦਿੱਤਾ।ਅਦਾਲਤ ਨੇ ਕਿਹਾ ਹੈ ਕਿ ਇਸ ਖ਼ਜ਼ਾਨੇ ਉੱਤੇ ਹੈਦਰਾਬਾਦ ਨਿਜ਼ਾਮ ਦੇ ਵਾਰਸਾਂ ਤੇ ਭਾਰਤ ਦਾ ਹੱਕ ਹੈ। ਲੰਡਨ ਦੀ ਅਦਾਲਤ ਵਿੱਚ ਇਹ ਕੇਸ ਪਾਕਿਸਤਾਨ ਸਰਕਾਰ ਬਨਾਮ ਹੋਰਾਂ ਦੇ ਨਾਮ 'ਤੇ ਹੈ। ਇਸ ਮਾਮਲੇ ਵਿੱਚ ਮੁੱਖ ਪੱਖ ਹੈਦਰਾਬਾਦ ਦੇ ਆਖਰੀ ਨਿਜ਼ਾਮ ਮੀਰ ਉਸਮਾਨ ਅਲੀ ਖ਼ਾਨ ਦੇ ਵੰਸ਼ਜ਼, ਭਾਰਤ ਸਰਕਾਰ ਤੇ ਭਾਰਤ ਦੇ ਰਾਸ਼ਟਰਪਤੀ ਹਨ। 1948 ਵਿੱਚ, ਹੈਦਰਾਬਾਦ ਦੇ ਆਖ਼ਰੀ ਨਿਜ਼ਾਮ ਨੇ ਲੰਡਨ ਦੇ ਨੈਟਵੈਸਟ ਬੈਂਕ ਵਿੱਚ 10 ਲੱਖ ਪਾਊਂਡ, ਉਸ ਵੇਲੇ ਦੇ ਕਰੀਬ 8 ਕਰੋੜ 87 ਲੱਖ ਜਮ੍ਹਾ ਕਰਵਾਏ ਸੀ। ਇਹ ਰਕਮ ਅੱਜ ਵਧ ਕੇ 306.25 ਕਰੋੜ ਰੁਪਏ ਹੋ ਗਈ ਹੈ। ਇਸ ਕੇਸ ਵਿੱਚ, ਨਿਜ਼ਾਮ ਦੇ ਉੱਤਰਾਧਿਕਾਰੀਆਂ ਦਾ ਕਹਿਣਾ ਹੈ ਕਿ 1948 'ਚ ਹੈਦਰਾਬਾਦ ਦੇ ਅੰਤਮ ਨਿਜ਼ਾਮ ਮੀਰ ਉਸਮਾਨਾਲੀ ਖ਼ਾਨ ਦੇ ਵਿੱਤ ਮੰਤਰਾਲੇ ਦਾ ਕੰਮ ਸੰਭਾਲਣ ਵਾਲੇ ਮੀਰ ਵਨਾਜ ਜੰਗ ਨੇ ਨਿਜ਼ਾਮ ਦੀ ਇਜਾਜ਼ਤ ਤੋਂ ਬਿਨਾਂ ਲੰਡਨ ਵਿੱਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਬੈਂਕ ਖਾਤੇ ਵਿੱਚ 10 ਲੱਖ ਪਾਊਂਡ ਜਮ੍ਹਾ ਕਰਵਾਏ ਸੀ। ਇਸੇ ਵਜ੍ਹਾ ਕਰਕੇ ਪਾਕਿਸਤਾਨ ਅੱਜ ਇਸ ਰਕਮ 'ਤੇ ਆਪਣਾ ਦਾਅਵਾ ਠੋਕ ਰਿਹਾ ਸੀ।



# ਦੁਨੀਆ 'ਚ 1.75 ਕਰੋੜ ਪ੍ਰਵਾਸੀ ਸਿਰ.ਫ ਭਾਰਤ ਦੇ

ਸੰਯੁਕਤ ਰਾਸ਼ਟਰ : ਭਾਰਤ 2019 'ਚ 1.75 ਕਰੋੜ ਦੀ ਪ੍ਰਵਾਸੀ ਆਬਾਦੀ ਦੇ ਨਾਲ ਅੰਤਰਰਾਸ਼ਟਰੀ ਪ੍ਰਵਾਸੀਆਂ ਦੇ ਮਾਮਲੇ 'ਚ ਸਭ ਤੋਂ ਉਪਰ ਸੀ। ਸੰਯੁਕਤ ਰਾਸ਼ਟਰ ਵਲੋਂ ਜਾਰੀ ਨਵੇਂ ਅਨੁਮਾਨ 'ਚ ਜਿਸ ਵਿਚ ਕਿਹਾ ਗਿਆ ਹੈ ਕਿ ਗਲੋਬਲ ਪ੍ਰਵਾਸੀਆਂ ਦੀ ਗਿਣਤੀ ਕਰੀਬ 27.2 ਕਰੋੜ ਤਕ ਪਹੁੰਚ ਗਈ ਹੈ। ਸੰਯੁਕਤ ਰਾਸ਼ਟਰ ਦੇ ਆਰਥਕ ਤੇ ਸਮਾਜਕ ਕਾਰਜ ਵਿਭਾਗ ਦੇ ਆਬਾਦੀ ਡਿਪਾਰਟਮੈਂਟ ਵਲੋਂ ਮੰਗਲਵਾਰ ਨੂੰ ਜਾਰੀ ਲੇਖ 'ਦ ਇੰਟਰਨੈਸ਼ਨਲ ਮਾਈਗ੍ਰੇਂਟ ਸਟਾਕ 2019' 'ਚ ਅੰਤਰਰਾਸ਼ਟਰੀ ਪਰਵਾਸੀਆਂ ਦੀ ਉਮਰਵਾਰ, ਲਿੰਗਵਾਰ, ਮੂਲ ਦੇਸ਼ ਤੇ ਵਿਸ਼ਵ ਦੇ ਸਾਰੇ ਹਿੱਸਿਆਂ ਦੇ ਆਧਾਰ 'ਤੇ ਗਿਣਤੀ ਦੱਸੀ ਗਈ ਹੈ। ਰੀਪੋਰਟ 'ਚ ਕਿਹਾ ਗਿਆ ਹੈ ਕਿ ਚੋਟੀ ਦੇ 10 ਮੂਲ ਦੇਸ਼ਾਂ ਦੇ ਪਰਵਾਸੀ ਸਾਰੇ ਅੰਤਰਰਾਸ਼ਟਰੀ ਪ੍ਰਵਾਸੀਆਂ ਦੀ ਗਿਣਤੀ ਦਾ ਇਕ ਤਿਹਾਈ ਹੈ। 2019 'ਚ ਵਿਦੇਸ਼ਾਂ 'ਚ ਰਹਿਣ ਵਾਲੇ 1.75 ਕਰੋੜ ਲੋਕਾਂ ਦੇ ਨਾਲ ਪਰਵਾਸੀਆਂ ਦੀ ਗਿਣਤੀ ਦੇ ਮਾਮਲੇ 'ਚ ਭਾਰਤ ਚੋਟੀ 'ਤੇ ਸੀ। ਇਸ ਤੋਂ ਬਾਅਦ ਦੂਜੇ ਨੰਬਰ 'ਤੇ ਮੈਕਸੀਕੋ (1.18 ਕਰੋੜ), ਤੀਜੇ 'ਤੇ ਚੀਨ (1.07 ਕਰੋੜ), ਫਿਰ ਰੂਸ (1.05 ਕਰੋੜ), ਸੀਰੀਆ (82 ਲੱਖ), ਬੰਗਲਾਦੇਸ਼ (78 ਲੱਖ), ਪਾਕਿਸਤਾਨ (63 ਲੱਖ), ਯੂਕ੍ਰੇਨ (59 ਲੱਖ), ਫਿਲੀਪੀਨ (54 ਲੱਖ) ਤੇ ਅਫਗਾਨਿਸਤਾਨ (51 ਲੱਖ) ਹਨ। ਭਾਰਤ ਨੇ 2019 'ਚ 51 ਲੱਖ ਅੰਤਰਰਾਸ਼ਟਰੀ ਪ੍ਰਵਾਸੀਆਂ ਨੂੰ ਦੇਸ਼ 'ਚ ਥਾਂ ਦਿਤੀ। ਹਾਲਾਂਕਿ ਇਹ 2015 ਦੇ 52 ਲੱਖ ਦੇ ਅੰਕੜੇ ਤੋਂ ਘੱਟ ਸੀ। ਅੰਤਰਰਾਸ਼ਟਰੀ ਪ੍ਰਵਾਸੀਆਂ ਨੂੰ ਅਪਣੇ ਦੇਸ਼ ਪਨਾਹ ਦੇਣ ਵਾਲੇ ਮੁਲਕਾਂ 'ਚ ਸਭ ਤੋਂ ਉਪਰ ਯੂਰਪ ਤੇ ਉੱਤਰੀ ਅਮਰੀਕਾ ਹੈ। ਰੀਪੋਰਟ ਤੋਂ ਪਤਾ ਲੱਗਿਆ ਹੈ ਕਿ 2019 'ਚ ਯੂਰਪ 'ਚ 8.2 ਕਰੋੜ ਤੇ ਉੱਤਰੀ ਅਮਰੀਕਾ 'ਚ 5.9 ਕਰੋੜ ਪ੍ਰਵਾਸੀ ਰਹਿ ਰਹੇ ਹਨ। ਨਾਲ ਹੀ ਇਸ 'ਚ ਪਤਾ ਲੱਗਿਆ ਕਿ 2010 ਦੇ ਮੁਕਾਬਲੇ 2019 'ਚ ਪ੍ਰਵਾਸੀਆਂ ਦੀ ਗਿਣਤੀ 5.1 ਕਰੋੜ ਹੋ ਗਈ ਜੋ ਕਿ 23 ਫ਼ੀ ਸਦੀ ਦੇ ਵਾਧੇ ਨੂੰ ਦਰਸ਼ਾਉਂਦੀ ਹੈ।

















PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# ਕਸ਼ਮੀਰੀਆਂ ਨਾਲ ਇੰਨੀਂ ਨ਼ਫਰਤ ਕਿਉਂ ?

ਆਪਣੇ ਹੱਕਾਂ ਖ਼ਾਤਰ ਸੰਘਰਸ਼ ਕਰਨਾ, ਹਰ ਕਿਸੇ ਨੂੰ ਅਧਿਕਾਰ ਮਿਲਿਆ ਹੋਇਆ ਹੈ। ਪਰ ਭਾਰਤ ਦੀਆਂ ਸਰਕਾਰਾਂ ਦੇ ਵੱਲੋਂ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲਿਆਂ ਨੂੰ ਜੇਲ੍ਹਾਂ ਦੇ ਅੰਦਰ ਡੱਕਣ ਦਾ ਕੰਮ ਆਰੰਭ ਕਰ ਦਿੱਤਾ ਗਿਆ ਹੈ। ਭਾਵੇਂ ਹੀ ਲੋਕਾਂ ਦੇ ਹੱਕਾਂ ਵਿੱਚ ਸੰਘਰਸ਼ ਕਰਨ ਵਾਲੇ ਕਈ ਰਾਜਨੀਤਿਕ ਆਗੂ ਵੀ ਹੁੰਦੇ ਹਨ, ਪਰ ਸਰਕਾਰ ਦੇ ਵੱਲੋਂ ਉਕਤ ਰਾਜਨੀਤਿਕ ਆਗੂਆਂ ਨੂੰ ਛੱਡ ਕੇ ਇਨਕਲਾਬੀ ਧਿਰਾਂ ਨੂੰ ਚੁੱਕ ਕੇ ਜੇਲ੍ਹਾਂ ਦੇ ਅੰਦਰ ਸੁੱਟ ਦਿੱਤਾ ਜਾਂਦਾ ਹੈ ਅਤੇ ਨਜ਼ਰਬੰਦ ਕਰਕੇ ਉਨ੍ਹਾਂ ਨੂੰ ਤਸੀਹੇ ਦਿੱਤੇ ਜਾਂਦੇ ਹਨ। ਕੁਲ ਮਿਲਾ ਕੇ ਲੋਕਾਂ ਦੇ ਹੱਕਾਂ 'ਤੇ ਡਾਕਾ ਸਰਕਾਰ ਦੀ ਸ਼ਹਿ 'ਤੇ ਹੀ ਵੱਜਦਾ ਹੈ। ਪਿਛਲੇ ਮਹੀਨੇ ਜੰਮੂ ਕਸ਼ਮੀਰ ਦੇ ਵਿੱਚੋਂ ਕੇਂਦਰ ਦੀ ਮੋਦੀ ਸਰਕਾਰ ਦੇ ਵੱਲੋਂ ਧਾਰਾ 370 ਅਤੇ 35-ਏ ਨੂੰ ਹਟਾ ਦਿੱਤਾ ਗਿਆ ਸੀ, ਜਿਸ ਨੂੰ ਲੈ ਕੇ ਪੰਜਾਬ ਸਮੇਤ ਹੋਰਨਾਂ ਰਾਜਾਂ ਦੇ ਵਿੱਚ ਵੱਡੇ ਪੱਧਰ 'ਤੇ ਇਨਕਲਾਬੀ ਜੱਥੇਬੰਦੀਆਂ ਦੇ ਵੱਲੋਂ ਸੰਘਰਸ਼ ਕੀਤਾ ਜਾ ਰਿਹਾ ਸੀ। ਦਰਅਸਲ, ਜੰਮੂ ਕਸ਼ਮੀਰ ਦੇ ਵਿੱਚੋਂ ਧਾਰਾ 370 ਅਤੇ 35-ਏ ਹਟਾਏ ਜਾਣਾ, ਸਿੱਧਾ ਸਿੱਧਾ ਕਸ਼ਮੀਰੀ ਲੋਕਾਂ ਦੇ ਹੱਕਾਂ ਉਪਰ ਡਾਕਾ ਮਾਰਨ ਦਾ ਕੰਮ ਕੇਂਦਰ ਦੀ ਮੋਦੀ ਸਰਕਾਰ ਨੇ ਕੀਤਾ। ਦੱਸ ਦਈਏ ਕਿ ਕੇਂਦਰ ਦੀ ਮੋਦੀ ਸਰਕਾਰ ਦੇ ਵੱਲੋਂ ਪਹਿਲੋਂ ਜਿੱਥੇ ਹਰ ਕਸ਼ਮੀਰੀ ਨੂੰ ਅੱਤਵਾਦੀ ਕਹਿ ਕੇ ਪੁਰਾਕਿਆ ਜਾਂਦਾ ਸੀ, ਉੱਥੇ ਹੀ ਪਿਛਲੇ ਦਿਨੀਂ ਭਾਰਤੀ ਜਨਤਾ ਪਾਰਟੀ ਦੇ ਉੱਚ ਲੀਡਰਾਂ ਦੇ ਵੱਲੋਂ ਕਸ਼ਮੀਰੀ ਕੁੜੀਆਂ 'ਤੇ ਅਜਿਹੀਆਂ ਅਸ਼ਲੀਲ ਟਿੱਪਣੀਆਂ ਕੀਤੀਆਂ, ਜਿਸ ਦਾ ਪੂਰੇ ਭਾਰਤ ਸਮੇਤ ਵਿਦੇਸ਼ਾਂ ਦੇ ਵਿੱਚ ਵੀ ਵਿਰੋਧ ਹੋਇਆ। ਦੱਸ ਇਹ ਵੀ ਦਈਏ ਕਿ ਮੋਦੀ ਸਰਕਾਰ ਦੀ ਸ਼ਹਿ 'ਤੇ ਜਿੱਥੇ ਜੰਮੂ ਕਸ਼ਮੀਰ ਦੇ ਵਿੱਚ ਕਸ਼ਮੀਰੀਆਂ ਨੂੰ ਕੁਚਲਿਆ ਜਾ ਰਿਹਾ ਹੈ, ਉੱਥੇ ਹੀ ਫੌਜੀ ਰਾਜ ਲਾਗੂ ਕਰਕੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਬੀਤੇ ਕੱਲ੍ਹ ਕਸ਼ਮੀਰੀ ਲੋਕਾਂ ਦੇ ਹੱਕ, ਉਨ੍ਹਾਂ ਨੂੰ ਵਾਪਸ ਦਿਵਾਉਣ ਦੇ ਲਈ ਪੰਜਾਬ ਦੀਆਂ ਇਨਕਲਾਬੀ ਧਿਰਾਂ, ਜਿਨ੍ਹਾਂ ਦੇ ਵਿੱਚ ਕਿਰਤੀ, ਕਿਸਾਨ, ਪੇਂਡੂ/ਖੇਤ ਮਜ਼ਦੂਰ, ਸਨਅਤੀ ਮਜ਼ਦੂਰ ਅਤੇ ਨੌਜਵਾਨ, ਵਿਦਿਆਰਥੀਆਂ ਤੋਂ ਇਲਾਵਾ ਕਸ਼ਮੀਰੀ ਕੌਮੀ ਸੰਘਰਸ਼ ਹਮਾਇਤ ਕਮੇਟੀ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

Pakistan army continued ceasefire violation by resorting to heavy mortar shelling and heavy firing targeting civilian areas along the Indo-Pak border in Rajouri, Poonch and Kathua districts of Jammu and Kashmir, officials said on Thursday.

Pakistan army resorted to heavy weaponry firing and mortar shelling targeting dozens of villages and forward posts along the Line of Control (LoC) in Shahpur and Gotriya areas Wednesday night which continued till Thursday morning, they said.

The shelling caused damage to a shop while a cowshed was gutted, the officials said.

The mortar shelling and small arms firing from across the border was intense in Shahpur, where a number of shells also fell in the close vicinity of revered shrine of famous Sufi saint Sain Baba Miran Bakash, they said. A shop was damaged, they added.

The officials added that the firing and shelling continued for about nine hours.

In many places, the shells hit and exploded in mountainous areas triggering landslides which blocked roads, the officials said.

Panic gripped the border residents as Pakistani mortar shelling continued throughout the night. The sounds of the explosions were also heard in Poonch town, they said.

Pakistan troops also shelled forward areas of Keri along the LoC in Rajouri district overnight triggering panic and fear among the residents, the officials said.

Pakistan rangers also resorted to firing and shelling targeting hamlets of Manyari and other villages in Hiranagar sector along the International border (IB) in Kathua district late Wednesday night and continued till Thursday morning, they said.

A cowshed was damaged after it caught it fire. A few houses also suffered damages, they said.

People living in Manyari hamlet spent life in the jaws of death as bullets pierced through windows and doors of their houses, the officials said. However, no one was injured, they added. People held anti-Pakistan protests and demanded that people living along the borderline should be shifted to a safer place. Pakistan should be given a strong and befitting reply, they said.



# ਧਰਮ, ਵਿਰਸਾ ਸਭਿਆਚਾਰ

**ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ।**



## ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਕੀਤਾ ਹੈ ਕਿ ਜੇ ਮਨੁੱਖ ਸਿਰਫ਼ ਰੁੱਖੇ ਹੀ ਬਚਨ ਬੋਲਦਾ ਰਹੇ ਤਾਂ ਉਸ ਦਾ ਤਨ ਤੇ ਮਨ ਦੋਵੇਂ ਰੁੱਖੇ ਹੋ ਜਾਂਦੇ ਹਨ ਤੇ ਅਜਿਹਾ ਮਨੁੱਖ ਰੁੱਖਾ ਹੀ ਮਸ਼ਹੂਰ ਹੋ ਜਾਂਦਾ ਹੈ। ਪ੍ਰੇਮ ਵਿਹੂਣਾ ਅਜਿਹਾ ਮਨੁੱਖ ਯਾਦ ਵੀ ਰੁੱਖੇ ਬਚਨਾਂ ਨਾਲ ਹੀ ਕੀਤਾ ਜਾਂਦਾ ਹੈ। ਦਰਗਾਹ ਤੋਂ ਤਾਂ ਰੱਦ ਹੋ ਹੀ ਜਾਂਦਾ ਹੈ ਪਰ ਇਸ ਤਰ੍ਹਾਂ ਦੇ ਮਨੁੱਖ ਦੇ ਮੂੰਹ ਉੱਤੇ ਵੀ ਥੁੱਕਾਂ ਤੇ ਫਿਟਕਾਰਾਂ ਪੈਂਦੀਆਂ ਹਨ। ਪ੍ਰੇਮ ਹੀਣ ਰੁੱਖੇ ਮਨੁੱਖ ਨੂੰ ਮੂਰਖ ਆਖਣਾ ਚਾਹੀਦਾ ਹੈ ਕਿਉਂਕਿ ਉਸ ਦੀ ਸਦਾ ਹੀ ਬੇਇੱਜ਼ਤੀ ਹੁੰਦੀ ਹੈ ਤੇ ਜੁੱਤੀਆਂ ਦੀ ਮਾਰ ਪੈਂਦੀ ਹੈ।

ਓਹੀਓ ਸਟੇਟ ਯੂਨੀਵਰਸਿਟੀ ਵਿਚ ਜੋਨ ਕੇਸੀਓਪੋ ਨੇ ਖੋਜ ਰਾਹੀਂ ਇਹ ਤੱਥ ਲੱਭੇ ਕਿ ਇਨਸਾਨੀ ਮਨ ਮਾੜਾ ਸੁਣ ਕੇ ਵੱਧ ਖਿੱਚਿਆ ਜਾਂਦਾ ਹੈ। ਇਸੇ ਲਈ ਜਿਹੜੇ ਸਿਆਸਤਦਾਨ ਦੂਜੇ ਨੂੰ ਭੰਡਦੇ ਹੋਣ, ਉਹ ਵੱਧ ਮਕਬੂਲ ਹੁੰਦੇ ਹਨ ਪਰ ਜਿਹੜੇ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦੇ ਹੋਣ, ਉਹ ਬਹੁਤਾ ਧਿਆਨ ਨਹੀਂ ਖਿੱਚਦੇ।

ਕਿਸੇ ਬਾਰੇ ਮਾੜਾ ਸੁਣ ਕੇ, ਬੁਰੀ ਖ਼ਬਰ ਪੜ੍ਹ ਕੇ ਜਾਂ ਮਾੜੀ ਘਟਨਾ ਵੇਖ ਕੇ ਦਿਮਾਗ਼ ਦੀ ਬਿਜਲਈ ਹਰਕਤ ਵਿਚ ਤੂਫ਼ਾਨ ਆ ਜਾਂਦਾ ਹੈ।

ਅਜਿਹਾ ਚੰਗੀ ਖ਼ਬਰ ਪੜ੍ਹ ਕੇ ਨਹੀਂ ਹੁੰਦਾ। ਪੱਥਰ ਯੁੱਗ ਸਮੇਂ ਤੋਂ ਹੀ ਖ਼ਤਰਾ ਭਾਂਪ ਕੇ ਨਵੀਂ ਚੀਜ਼ ਈਜਾਦ ਕੀਤੀ ਜਾਂਦੀ ਰਹੀ ਹੈ। ਸਭ ਕੁੱਝ ਚੰਗਾ ਵੇਖ ਸੋਚ ਕੇ ਹੌਲੀ-ਹੌਲੀ ਮਨ ਢਿੱਲਾ ਪੈ ਜਾਂਦਾ ਹੈ।

ਵਿਆਹੁਤਾ ਜ਼ਿੰਦਗੀ ਵਿਚ ਵੀ ਨਿੱਘੇ ਰਿਸ਼ਤੇ ਉਹੀ ਹੁੰਦੇ ਹਨ ਜਿਨ੍ਹਾਂ ਵਿਚ ਸਭ ਕੁੱਝ 'ਠੀਕ' ਨਾ ਹੋਵੇ ਬਲਕਿ ਨਿੱਕੀ ਮੋਟੀ 'ਖਟਪਟ' ਚੱਲਦੀ ਰਹੇ। ਇਹ 'ਖਟਪਟ' ਰਿਸ਼ਤਿਆਂ ਦਾ 'ਥਰਮੋਸਟੈਟ' ਸਾਬਤ ਹੋ ਚੁੱਕੀ ਹੈ। ਜੇ ਖਟਪਟ ਲੜਾਈ ਵਿਚ ਜਾਂ ਮੰਦੀ ਸ਼ਬਦਾਵਲੀ ਵਿਚ ਤਬਦੀਲ ਹੋ ਜਾਏ ਤਾਂ ਰਿਸ਼ਤੇ ਵਿਚ ਫਿੱਕ ਪੈ ਜਾਂਦੀ ਹੈ। ਇਸ ਦਾ ਮਤਲਬ ਇਹ ਹੈ ਕਿ ਖਟਪਟ ਨੂੰ ਲੜਾਈ ਵਿਚ ਤਬਦੀਲ ਹੋਣ ਤੋਂ ਪਹਿਲਾਂ ਹੀ ਰੋਕ ਲੈਣਾ ਚਾਹੀਦਾ ਹੈ।

ਇਹ ਹੀ ਸਭ ਤੋਂ ਗੁੰਝਲਦਾਰ ਨੁਕਤਾ ਹੈ ਕਿ ਕਿਸ ਗੱਲ ਉੱਤੇ ਰਿਸ਼ਤੇ ਵਿਚ ਫਿੱਕ ਪੈਣ ਤੋਂ ਰੋਕਣ ਦੀ ਲੋੜ ਹੁੰਦੀ ਹੈ। ਮਨੋਵਿਗਿਆਨੀਆਂ ਅਨੁਸਾਰ ਇਹ 5:1 ਅਨੁਪਾਤ ਨਾਲ ਠੀਕ ਰਹਿੰਦਾ ਹੈ। ਯਾਨੀ 5 ਚੰਗੀਆਂ ਸਾਂਝ ਵਾਲੀਆਂ ਗੱਲਾਂ ਤੇ ਇੱਕ ਅਣਬਣ, ਵਿਅੰਗ ਜਾਂ ਝਗੜੇ ਵਾਲੀ। ਜੇ ਇਹ ਅਨੁਪਾਤ 2:3 ਹੋ ਜਾਏ ਤੇ ਅਣਬਣ ਤਿੰਨ ਤੱਕ ਪਹੁੰਚ ਜਾਏ ਤਾਂ ਰਿਸ਼ਤੇ ਦਾ ਅਗਾਂਹ ਤੁਰਨਾ ਨਾਮੁਮਕਿਨ ਹੋ ਜਾਂਦਾ ਹੈ। ਲੰਬੇ ਸਮੇਂ ਤਕ ਨਿਭਣ ਵਾਲੀਆਂ ਦੋਸਤੀਆਂ ਵਿਚ ਵੀ ਇਹੀ ਕੁੱਝ ਸਹੀ ਸਾਬਤ ਹੋਇਆ ਹੈ। ਜੇ ਦੋਸਤਾਂ ਵਿਚ ਉੱਕਾ ਹੀ ਅਣਬਣ ਨਾ ਹੋਵੇ ਤਾਂ ਰਿਸ਼ਤਾ ਨਿੱਘਾ ਹੁੰਦਾ ਹੀ ਨਹੀਂ ਕਿਉਂਕਿ ਹਰ ਜਣਾ ਗਲ ਦਿਲ ਵਿਚ ਹੀ ਲੁਕਾਉਂਦਾ ਸਿਰਫ਼ ਆਪਣਾ ਚੰਗਾ ਪੱਖ ਉਜਾਗਰ ਕਰਦਾ ਰਹਿੰਦਾ ਹੈ ਜੋ ਰਿਸ਼ਤੇ ਵਿਚਲੀ ਖਿੱਚ ਖ਼ਤਮ ਕਰ ਦਿੰਦਾ ਹੈ।

ਜੇ ਅਨੁਪਾਤ ਵਿਗੜ ਰਿਹਾ ਹੋਵੇ ਤਾਂ ਰਿਸ਼ਤਾ ਟਿਕਾਊ ਕਰਨ ਲਈ ਸਾਰਥਕ ਕਦਮ ਪੁੱਟਣ ਦੀ ਲੋੜ ਹੁੰਦੀ ਹੈ। ਇਸ ਵਾਸਤੇ ਆਪਣੇ ਮਨ ਅੰਦਰ ਭਰੀ ਕੌੜ ਨੂੰ ਕਿਸੇ ਹੋਰ ਢੰਗ ਨਾਲ ਬਾਹਰ ਕੱਢਣ ਤੇ ਦੋਸਤ ਨੂੰ ਨਿੱਘੀ ਜੱਫੀ ਜਾਂ ਕੁੱਝ ਚੰਗੇ ਸੁਨੇਹੇ ਭੇਜਣ ਨਾਲ ਰਿਸ਼ਤੇ ਵਿਚ ਨਿੱਘ ਭਰਿਆ ਜਾ ਸਕਦਾ ਹੈ।

ਅਜਿਹਾ ਉਦੋਂ ਤੱਕ ਕਰਦੇ ਰਹਿਣਾ ਚਾਹੀਦਾ ਹੈ ਜਦੋਂ ਤਕ ਅਨੁਪਾਤ 5:1 ਨਾ ਹੋ ਜਾਵੇ। ਹੁਣ ਗੱਲ ਕਰੀਏ ਸਿਫਰ ਨਕਾਰਾਤਮਕ ਸੋਚ ਵਾਲੇ ਮਨੁੱਖ ਦੀ ਜੋ ਅਲੋਚਨਾ ਤੋਂ ਇਲਾਵਾ ਕੁੱਝ ਜਾਣਦਾ ਹੀ ਨਾ ਹੋਵੇ ਤੇ ਕਦੇ ਵੀ ਸਾਰਥਕ ਗੱਲ ਨਾ ਕਰਦਾ ਹੋਵੇ। ਅਜਿਹਾ ਮਨੁੱਖ ਆਪਣੇ ਮਨ ਨੂੰ ਇਹ ਸਮਝਾ ਲੈਂਦਾ ਹੈ ਕਿ ਰੁੱਖਾ ਬੋਲਣਾ ਉਸ ਦਾ ਖਾਸ ਗੁਣ ਹੈ ਤੇ ਇੰਜ ਹੀ ਉਹ ਆਪਣੇ ਆਪ ਨੂੰ ਬਾਕੀਆਂ ਤੋਂ ਵੱਖ ਤੇ ਉੱਚਾ ਸਮਝਣ ਲੱਗ ਪੈਂਦਾ ਹੈ। ਹੌਲੀ-ਹੌਲੀ ਅਜਿਹੇ ਮਨੁੱਖ ਦੀ ਸੋਚ ਹੀ ਤਬਦੀਲ ਹੋ ਜਾਂਦੀ ਹੈ ਤੇ ਹਉਮੈ ਉਸ ਨੂੰ ਜਕੜ ਲੈਂਦੀ ਹੈ। ਉਸ ਨੂੰ ਆਪਣੇ ਸਾਹਮਣੇ ਸਾਰੇ ਬੌਣੇ ਜਾਪਣ ਲੱਗ ਪੈਂਦੇ ਹਨ। ਦੂਜੇ ਦੀ ਚੀਸ ਨਾ ਸਮਝਣਾ ਤੇ ਦੂਜੇ ਨੂੰ ਨੀਵਾਂ ਵਿਖਾ ਕੇ ਖ਼ੁਸ਼ ਮਹਿਸੂਸ ਹੋਣਾ ਹੀ ਕਿਸੇ ਕਿਸੇ ਦਾ ਸੁਭਾਓ ਬਣ ਜਾਂਦਾ ਹੈ।

ਅਜਿਹਾ ਮਨੁੱਖ ਰੁੱਖਾ ਹੋਣ ਦੇ ਨਾਲ ਅੜਬ ਤੇ ਆਪਣੇ ਆਲੇ-ਦੁਆਲੇ ਭੇਦ ਨਾ ਸਕਣ ਵਾਲਾ ਚੱਕਰਵਿਊ ਸਿਰਜ ਲੈਂਦਾ ਹੈ ਜਿਸ ਨੂੰ ਪਾਰ ਨਾ ਕਰ ਸਕਣ ਵਾਲਾ ਕਿਨਾਰਾ ਕਰਨ ਲੱਗ ਪੈਂਦਾ ਹੈ ਤੇ 'ਅੰਗੂਰ ਖੱਟੇ ਹਨ' ਵਾਂਗ ਹੀ ਉਸ ਬਾਰੇ ਮਾੜੀ ਸ਼ਬਦਾਵਲੀ ਵਰਤ ਕੇ ਪਰ੍ਹਾਂ ਹੋ ਜਾਂਦਾ ਹੈ। ਇਹੋ ਨਿੰਦਾ ਅਗਾਂਹ ਤੁਰਦੀ ਹੋਈ ਉਸ ਮਨੁੱਖ ਨੂੰ ਰੁੱਖਾ ਤੇ ਨਕਾਰਾਤਮਕ ਸਾਬਤ ਕਰ ਦਿੰਦੀ ਹੈ ਤੇ ਲੋਕਾਂ ਵਿਚ ਅਜਿਹੇ ਮਨੁੱਖ ਦੇ ਜ਼ਿਕਰ ਨਾਲ ਹੀ ਉਸ ਨੂੰ ਭੰਡਿਆ ਜਾਣ ਲੱਗ ਪੈਂਦਾ ਹੈ। ਇਹ ਸਾਰੀ ਖੋਜ ਮਨੋਵਿਗਿਆਨੀਆਂ ਨੇ ਸਿਰਫ਼ ਇਸ ਨੁਕਤੇ ਨੂੰ ਸਾਬਤ ਕਰਨ ਉੱਤੇ ਲਾਈ ਹੈ ਕਿ ਇਨਸਾਨੀ ਮਨ ਨਿੰਦਿਆ ਵੱਲ ਛੇਤੀ ਖਿੱਚਿਆ ਜਾਂਦਾ ਹੈ ਤੇ ਆਪ ਵੀ ਸੁਣੀ ਸੁਣਾਈ ਨਿੰਦਿਆ ਦਾ ਹਿੱਸਾ ਅਚੇਤ ਮਨ ਰਾਹੀਂ ਬਣ ਜਾਂਦਾ ਹੈ। ਪਰ, ਲਗਾਤਾਰ ਸੁਣੀ ਜਾ ਰਹੀ ਨਿੰਦਿਆ ਤੋਂ ਅਕੇਵਾਂ ਹੁੰਦੇ ਸਾਰ ਮਨੁੱਖੀ ਮਨ ਸਹਿਜ ਹੋਣ ਲਈ ਕੁੱਝ ਸੁਖਾਵੇਂ ਸ਼ਬਦ ਭਾਲਣ ਲੱਗ ਪੈਂਦਾ ਹੈ। ਯਾਨੀ ਬਹੁਤੀ ਦੇਰ ਰੁੱਖਾਪਨ ਸੁਣਿਆ ਨਹੀਂ ਜਾਂਦਾ ਤੇ ਦਿਮਾਗ਼ ਵਿਚਲੀਆਂ ਬਿਜਲਈ ਤਰੰਗਾਂ ਨੂੰ ਸ਼ਾਂਤ ਕਰਨ ਲਈ ਕੁੱਝ ਚੰਗਾ ਸੁਣਨਾ ਇਨਸਾਨੀ ਮਨ ਦੀ ਫਿਤਰਤ ਹੈ। ਜਿਹੜਾ ਮਨੁੱਖ ਸਦਾ ਹੀ ਰੁੱਖੇ ਬਚਨ ਉਚਾਰਦਾ ਰਹੇ, ਉਸ ਦੀ ਬਾਕੀਆਂ ਨਾਲ ਸਾਂਝ ਹੌਲੀ-ਹੌਲੀ ਟੁੱਟਣ ਲੱਗ ਪੈਂਦੀ ਹੈ ਤੇ ਲੋਕ ਉਸ ਤੋਂ ਪਾਸਾ ਵੱਟਣ ਲੱਗ ਪੈਂਦੇ ਹਨ।

ਹੁਣ ਤਾਂ ਸੌਖਿਆਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਸਮਝ ਆ ਸਕਦਾ ਹੈ-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।
ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।
ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ।
ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ।
(ਅੰਗ 473)

ਅੱਗੇ ਤੋਂ ਜਿਹੜਾ ਜਣਾ ਸਿਰਫ਼ ਹੀ ਸਿਫ਼ਤ ਕਰਦਾ ਮਿਲੇ ਤਾਂ ਉਸ ਉੱਪਰ ਝੂਠ ਦੇ ਚੜ੍ਹੇ ਮੁਖੌਟੇ ਬਾਰੇ ਸਮਝ ਲੈਣਾ ਚਾਹੀਦਾ ਹੈ ਤੇ ਇਸ 'ਫੂਕ ਸ਼ਸਤਰ' ਤੋਂ ਬਚਾਓ ਹੀ ਬਿਹਤਰ ਹੁੰਦਾ ਹੈ। ਕਿਸੇ ਅੰਦਰ ਸਿਰਫ਼ ਹੀ ਗੁਣ ਹੋਣ, ਇਹ ਸੰਭਵ ਨਹੀਂ ਪਰ ਸਿਰਫ਼ ਔਗੁਣ ਹੋਣ, ਇਹ ਵੀ ਸਹੀ ਨਹੀਂ ਹੈ। ਰਿਸ਼ਤਿਆਂ ਨੂੰ ਲੰਮੇ ਸਮੇਂ ਤੱਕ ਚੱਲਦੇ ਰੱਖਣ ਲਈ 5:1 ਦੀ ਸਹੀ ਮਿਕਦਾਰ ਜ਼ਰੂਰ ਚਾਹੀਦੀ ਹੈ।

**ਡਾ. ਹਰਸ਼ਿੰਦਰ ਕੌਰ**

## ਸਿਰ ਤੋਂ ਪਰ੍ਹੇ ਇਸ਼ਕ ਦਾ ਡੇਰਾ ਜਦੋਂ ਸ਼ਹੀਦੀਆਂ ਦਾ ਹੜ੍ਹ ਆਇਆ

ਸਦੀਆਂ ਦੀ ਗੁਲਾਮੀ ਨੇ ਹਿੰਦੁਸਤਾਨ ਦੀ ਆਬਰੂ ਨੂੰ ਰੋਲ ਦਿੱਤਾ ਸੀ। ਵਿਦੇਸ਼ੀ ਹਮਲਾਵਰ ਆ ਕੇ ਇਸ ਦੇਸ਼ ਦਾ ਧਨ-ਦੌਲਤ ਲੁੱਟਦੇ, ਮੰਦਰਾਂ ਨੂੰ ਢਾਹੁੰਦੇ, ਬਹੂ-ਬੇਟੀਆਂ ਨੂੰ ਬੰਨ੍ਹ ਕੇ ਲੈ ਜਾਂਦੇ ਰਹੇ ਪਰ ਉਨ੍ਹਾਂ ਦਾ ਰਾਹ ਰੋਕਣ ਦੀ ਹਿੰਮਤ ਕੇਵਲ ਮਰਜ਼ੀਵੜੇ ਖ਼ਾਲਸੇ ਨੇ ਕੀਤੀ। ਅਹਿਮਦ ਸ਼ਾਹ ਅਬਦਾਲੀ ਨੇ ਸਿੰਘਾਂ ਦਾ ਖ਼ਾਤਮਾ ਕਰਨ ਲਈ ਐਸੀ ਸੱਟ ਮਾਰੀ ਕਿ ਇਕ ਦਿਨ ਵਿਚ ਹੀ ਅੱਧੀ ਕੌਮ ਸ਼ਹੀਦ ਹੋ ਗਈ। ਫਿਰ ਵੀ ਸ਼ਾਮ ਨੂੰ ਸਿੰਘਾਂ ਨੇ ਪਾਠ ਕਰਕੇ ਜੈਕਾਰੇ ਛੱਡੇ ਅਤੇ ਪਰਮਾਤਮਾ ਦਾ ਸ਼ੁਕਰ ਕੀਤਾ। ਇਹ ਇਤਿਹਾਸ ਦੀ ਬੇਮਿਸਾਲ ਅਤੇ ਬਾਕਮਾਲ ਘਟਨਾ ਹੈ। ਅਬਦਾਲੀ ਨੇ ਇਸ ਦੇਸ਼ ਦਾ ਧਨ-ਮਾਲ ਅਤੇ ਕੀਮਤੀ ਜਵਾਨੀ ਲੁੱਟ ਕੇ ਜਦੋਂ ਆਪਣੇ ਦੇਸ਼ ਜਾਣਾ ਚਾਹਿਆ ਤਾਂ ਸਿੰਘਾਂ ਨੇ ਉਹਦਾ ਪਿੱਛਾ ਕਰਕੇ ਅਟਕ ਤੱਕ ਉਹਨੂੰ ਵਖਤ ਪਾਈ ਰੱਖਿਆ। ਇਸ ਗੱਲੋਂ ਚਿੜ ਕੇ ਉਸ ਨੇ ਸਾਰੀ ਸ਼ਕਤੀ ਇਕੱਠੀ ਕਰਕੇ ਸਿੰਘਾਂ 'ਤੇ ਅਜਿਹਾ ਹਮਲਾ ਕੀਤਾ ਕਿ ਉਨ੍ਹਾਂ ਨੂੰ ਚਾਰੇ ਪਾਸਿਓਂ ਘੇਰ ਲਿਆ ਅਤੇ ਤਿਆਰੀ ਦਾ ਕੋਈ ਸਮਾਂ ਨਾ ਦਿੱਤਾ। ਉਸ ਸਮੇਂ ਖ਼ਾਲਸੇ ਦੀ ਵੱਡੀ ਵਹੀਰ ਨੇ ਕੁੱਪ ਰਹੀੜੇ ਦੇ ਥੇਹ ਵਿਚ ਪਰਿਵਾਰਾਂ ਸਮੇਤ ਡੇਰਾ ਕੀਤਾ ਹੋਇਆ ਸੀ। 5 ਫਰਵਰੀ, 1762 ਦੀ ਸਵੇਰ ਨੂੰ ਖ਼ਾਲਸੇ ਨੂੰ ਘੇਰ ਲਿਆ ਗਿਆ। ਸਿੰਘਾਂ ਨੇ ਬੀਬੀਆਂ, ਬਜ਼ੁਰਗਾਂ ਅਤੇ ਬੱਚਿਆਂ ਨੂੰ ਘੇਰੇ ਵਿਚ ਲੈ ਕੇ ਜੂਝਣਾ ਸ਼ੁਰੂ ਕੀਤਾ। ਘੱਟ-ਗਿਣਤੀ ਅਤੇ ਦਾਰੂ-ਸਿੱਕੇ ਦੀ ਥੁੜ੍ਹ ਦੇ ਬਾਵਜੂਦ ਸਿੰਘ ਇਸ ਤਰ੍ਹਾਂ ਜਾਨਾਂ ਹੂਲ ਕੇ ਲੜੇ ਕਿ ਅਬਦਾਲੀ ਹੈਰਾਨ-ਪ੍ਰੇਸ਼ਾਨ ਹੋ ਗਿਆ।

ਜਦੋਂ ਸਿੰਘ ਲੜਦੇ-ਲੜਦੇ ਦੂਰ ਨਿਕਲ ਗਏ ਤਾਂ ਅੱਗੇ ਬਾਜਰੇ ਦੇ ਖੇਤ ਆਏ, ਜਿਨ੍ਹਾਂ ਵਿਚ ਤਕਰੀਬਨ 10 ਹਜ਼ਾਰ ਥੱਕੇ, ਬਿਮਾਰ, ਨਿਰਬਲ ਬਜ਼ੁਰਗਾਂ, ਬੱਚਿਆਂ ਅਤੇ ਬੀਬੀਆਂ ਨੂੰ ਛੁਪਾ ਦਿੱਤਾ ਗਿਆ ਪਰ ਅਬਦਾਲੀ ਨੇ ਖੇਤਾਂ ਨੂੰ ਅੱਗ ਲਗਵਾ ਦਿੱਤੀ ਅਤੇ ਮਾਸੂਮ ਜਿੰਦਾਂ ਅੱਗ ਵਿਚ ਝੁਲਸ ਗਈਆਂ। ਲੜਦਿਆਂ-ਲੜਦਿਆਂ ਰਾਤ ਪੈਣ ਤੱਕ ਸਿੰਘਾਂ ਨੇ 20 ਕੁ ਮੀਲ ਦਾ ਪੈਂਡਾ ਤੈਅ ਕਰ ਲਿਆ। ਇਸ ਘੱਲੂਘਾਰੇ ਵਿਚ 30-35 ਹਜ਼ਾਰ ਸਿੰਘ ਸ਼ਹੀਦ ਹੋ ਗਏ। ਅਬਦਾਲੀ ਦੇ ਲਸ਼ਕਰ ਦਾ ਵੀ ਭਾਰੀ ਜਾਨੀ ਨੁਕਸਾਨ ਹੋਇਆ। ਉਹ ਖਿਝ ਕੇ ਵਾਪਸ ਜਾਂਦਿਆਂ ਸ੍ਰੀ ਹਰਿਮੰਦਰ ਸਾਹਿਬ ਨੂੰ ਢਹਿ-ਢੇਰੀ ਕਰ ਗਿਆ ਅਤੇ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਗੱਡੇ ਭਰ ਕੇ ਲਾਹੌਰ ਦੇ ਮੁੱਖ ਦਰਵਾਜ਼ਿਆਂ ਵਿਚ ਚਿਣਵਾ ਦਿੱਤੇ। ਖ਼ਾਲਸਾ ਜਰਨੈਲਾਂ ਨੇ ਕਮਾਲ ਦੀ ਬੀਰਤਾ ਦਿਖਾਈ। ਸ: ਜੱਸਾ ਸਿੰਘ ਆਹਲੂਵਾਲੀਏ ਦੇ ਸਰੀਰ 'ਤੇ 22 ਜ਼ਖ਼ਮ ਅਤੇ ਸ: ਚੜ੍ਹਤ ਸਿੰਘ ਸ਼ੁਕਰਚੱਕੀਏ ਨੂੰ 19 ਜ਼ਖ਼ਮ ਆਏ। ਆਪ ਜ਼ੁਲਮ ਦਾ ਸ਼ਿਕਾਰ ਹੋਣ ਦੇ ਬਾਵਜੂਦ ਖ਼ਾਲਸਾ ਹਮੇਸ਼ਾ ਮਜ਼ਲੂਮਾਂ ਦੀ ਰਾਖੀ ਕਰਦਾ ਰਿਹਾ।

20 ਮਾਰਚ, 1761 ਨੂੰ ਅਬਦਾਲੀ 2200 ਹਿੰਦੁਸਤਾਨੀ ਲੜਕੀਆਂ ਨੂੰ ਬੰਨ੍ਹ ਕੇ ਲਿਜਾ ਰਿਹਾ ਸੀ ਤਾਂ ਇਨ੍ਹਾਂ ਅਬਲਾਵਾਂ ਦੀਆਂ ਚੀਕਾਂ ਅਤੇ ਤਰਲੇ ਸੁਣਨ ਲਈ ਕੋਈ ਨਾ ਉੱਠਿਆ। ਵਿਸਾਖੀ ਵਾਲੇ ਦਿਨ ਹਿੰਦੂ ਮੁਖੀਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜਾ ਕੇ ਖ਼ਾਲਸੇ ਨੂੰ ਬੇਨਤੀ ਕੀਤੀ ਤਾਂ ਸ: ਜੱਸਾ ਸਿੰਘ ਆਹਲੂਵਾਲੀਏ ਦੀ ਕਮਾਨ ਹੇਠ ਇਨ੍ਹਾਂ ਹਿੰਦੂ ਲੜਕੀਆਂ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾਇਆ ਗਿਆ। ਇਸ ਗੱਲ ਤੋਂ ਖਾਰ ਖਾ ਕੇ ਅਬਦਾਲੀ ਨੇ ਸਿੰਘਾਂ ਤੋਂ ਬਦਲਾ ਲਿਆ। ਪਰਉਪਕਾਰ ਲਈ ਇਕ ਦਿਨ ਵਿਚ ਅੱਧੀ ਸਿੱਖ ਕੌਮ ਸ਼ਹੀਦ ਹੋ ਗਈ ਪਰ ਉਸ ਨੇ ਇਕ ਰੱਬੀ ਇਮਤਿਹਾਨ ਸਮਝ ਕੇ ਭਾਣਾ ਮੰਨਿਆ। 3 ਮਹੀਨਿਆਂ ਬਾਅਦ ਹੀ ਜੈਨ ਖਾਨ 'ਤੇ ਹਮਲਾ ਕਰਕੇ ਉਸ ਨੂੰ ਦਬਾਇਆ ਅਤੇ 9 ਮਹੀਨਿਆਂ ਬਾਅਦ ਹੀ ਸਿੱਖ ਮੁੜ ਜਥੇਬੰਦ ਹੋ ਗਏ। ਆਪਣੀਆਂ ਵਡਮੁੱਲੀਆਂ ਜਾਨਾਂ ਵਾਰ ਕੇ ਹਿੰਦੁਸਤਾਨ ਦੀ ਅਣਖ-ਆਬਰੂ ਬਚਾਉਣ ਵਾਲੇ ਖ਼ਾਲਸੇ ਦਾ ਜੀਵਨ ਇਕ ਚਾਨਣ-ਮੁਨਾਰਾ ਹੈ। ਇਨ੍ਹਾਂ ਸ਼ਹੀਦੀਆਂ ਦੀ ਯਾਦ ਵਿਚ ਇਥੇ ਵਿਸ਼ਾਲ ਸ਼ਹੀਦੀ ਸਮਾਰਕ, ਸ਼ਹੀਦੀ ਅਜਾਇਬ ਘਰ, ਨਿਸ਼ਾਨ-ਏ-ਖ਼ਾਲਸਾ ਅਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।



## ਪ੍ਰਾਚੀਨ ਸ਼ਿਵ ਮੰਦਰ ਹਾਜੀਪੁਰ

ਪ੍ਰਾਚੀਨ ਸ਼ਿਵ ਮੰਦਰ ਹਾਜੀਪੁਰ, ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਹਾਜੀਪੁਰ ਵਿਚ ਡਾਕਖਾਨਾ ਚੌਕ ਵਿਚ ਸਥਿਤ ਹੈ। ਮੁਕੇਰੀਆਂ ਤੋਂ ਤਲਵਾੜਾ ਸੜਕ 'ਤੇ ਮੁਕੇਰੀਆਂ ਤੋਂ ਲਗਪਗ 14-15 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪ੍ਰਾਚੀਨ ਮੰਦਰ ਦਾ ਨਿਰਮਾਣ ਬਾਬਾ ਨਕੋਦਰ ਦਾਸ ਨੇ 150 ਸਾਲ ਪਹਿਲਾਂ ਕਰਵਾਇਆ ਸੀ। ਇਹ ਮੰਦਰ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਧਰਮਸ਼ਾਲਾ ਸ਼ਹਿਰ ਦੀ ਮਹੰਦ ਗੱਦੀ ਨਾਲ ਸਬੰਧਿਤ ਹੈ। ਸਾਲ 1981 ਵਿਚ ਹਾਜੀਪੁਰ ਕਸਬੇ ਦੇ ਨੌਜਵਾਨਾਂ ਨੇ ਹਾਜੀਪੁਰ ਨਿਵਾਸੀਆਂ ਦੀ ਸ਼ਰਧਾ ਤੇ ਲਗਨ ਨੂੰ ਮੁੱਖ ਰੱਖਦੇ ਹੋਏ ਇਸ ਮੰਦਰ ਦਾ ਪੁਨਰ-ਨਿਰਮਾਣ ਕਰਵਾਇਆ ਸੀ ਅਤੇ ਇਸ ਮੰਦਰ ਦੇ ਨਾਲ ਹੀ ਸਨਤੌਂਗੀ ਮਾਤਾ ਦਾ ਮੰਦਰ ਵੀ ਬਣਵਾਇਆ ਸੀ।



ਇਸ ਪ੍ਰਾਚੀਨ ਮੰਦਰ ਦਾ ਪ੍ਰਬੰਧ ਚਲਾਉਣ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਦੇ ਪ੍ਰਧਾਨ ਸ੍ਰੀ ਜਨਕ ਰਾਜ ਹਨ। ਸ੍ਰੀ ਲਲਿਤ ਕੁੰਦਰਾ, ਸ੍ਰੀ ਰਾਜਨ ਸੈਣੀ, ਨੀਰਜ ਮੈਡੀਕਲ ਸਟੋਰ ਪ੍ਰਮੁੱਖ ਮੈਂਬਰ ਹਨ, ਜੋ ਮੰਦਰ ਨਿਰਮਾਣ ਦੇ ਨਾਲ-ਨਾਲ ਸਮਾਜ ਸੇਵਾ ਦੀ ਜ਼ਿੰਮੇਵਾਰੀ ਵੀ ਨਿਭਾਅ ਰਹੇ ਹਨ।

ਹਾਜੀਪੁਰ ਕਸਬੇ ਦੇ ਸਮੂਹ ਲੋਕਾਂ ਦੇ ਸਹਿਯੋਗ ਨਾਲ ਇਸ ਪ੍ਰਾਚੀਨ ਮੰਦਰ ਵਿਚ ਹਰ ਸਾਲ ਸ਼ਿਵਰਾਤਰੀ, ਜਨਮ ਅਸ਼ਟਮੀ ਅਤੇ ਗਣੇਸ਼ ਉਤਸਵ ਦੀ ਪੂਜਾ ਦੇ ਤਿਉਹਾਰ ਬੜੀ ਧੂਮਧਾਮ ਨਾਲ ਮਨਾਏ ਜਾਂਦੇ ਹਨ। ਲੰਗਰ ਦੀ ਸੇਵਾ ਹਮੇਸ਼ਾ ਨਿਰਵਿਘਨ ਚਲਦੀ ਰਹਿੰਦੀ ਹੈ। ਪ੍ਰਸਿੱਧ ਸਮਾਜ ਸੇਵੀ ਸ੍ਰੀ ਅਨਿਲ ਵਸ਼ਿਸ਼ਟ ਤੇ ਪ੍ਰਿੰਸੀਪਲ ਦੀਪਕ ਸ਼ਰਮਾ ਅਨੁਸਾਰ ਇਸ ਮੰਦਰ ਦੇ ਯੋਗ ਪ੍ਰਬੰਧ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮ ਵੀ ਸ਼ੁਰੂ ਕੀਤੇ ਗਏ ਹਨ, ਜਿਸ ਵਿਚ ਗਰੀਬ ਲੋਕਾਂ ਦੀਆਂ ਧੀਆਂ ਦੇ ਵਿਆਹ ਅਤੇ ਗਰੀਬ ਬੱਚਿਆਂ ਨੂੰ ਗੋਦ ਲੈ ਕੇ ਗਰਮ ਕੱਪੜੇ, ਪੜ੍ਹਾਈ ਸਬੰਧੀ ਖਰਚੇ ਕਰਨ ਲਈ ਸਰਾਫਾ ਯੂਨੀਅਨ ਵਲੋਂ ਆਉਣ ਵਾਲੇ ਸਮੇਂ ਬਜਟ ਜੁਟਾਉਣ ਦੇ ਸਾਧਨਾਂ ਦੇ ਯਤਨ ਕੀਤੇ ਜਾ ਰਹੇ ਹਨ। ਸਮੇਂ-ਸਮੇਂ 'ਤੇ ਆਈਆਂ ਕੁਦਰਤੀ ਆਫਤਾਂ ਲਈ ਇਲਾਕੇ ਵਿਚ ਹੋਏ ਨੁਕਸਾਨ ਦੀ ਭਰਪਾਈ ਬਿਨਾਂ ਭਿੰਨ-ਭੇਦ ਤੋਂ ਇਸ ਮੰਦਰ ਦੀ ਨਿਰਮਾਣ ਕਮੇਟੀ ਹਮੇਸ਼ਾ ਕਰਦੀ ਰਹੀ ਹੈ।




# ਸੰਸਾਰ ਵਿਚ ਸਮਾਜਿਕ ਬਰਾਬਰੀ ਦੇ ਸਿਰਜਕ ਜਗਤ ਗੁਰੂ ਨਾਨਕ ਦੇਵ





ਡਾ: ਰਣਜੀਤ ਸਿੰਘ



15ਵੀਂ ਸਦੀ ਤੱਕ ਸਦੀਆਂ ਦੀ ਗ਼ੁਲਾਮੀ ਅਤੇ ਜਾਤ-ਪਾਤ ਦੇ ਆਧਾਰ ਉੱਤੇ ਪਈਆਂ ਵੰਡੀਆਂ ਨਾਲ ਭਾਰਤੀ ਸਮਾਜ ਦਾ ਭੈੜਾ ਹਾਲ ਹੋ ਗਿਆ ਸੀ। ਕੰਮਕਾਜੀ ਆਧਾਰ ਉੱਤੇ ਹੋਈ ਵਰਗ ਵੰਡ ਨੂੰ ਪੱਕਿਆਂ ਕਰਕੇ ਲੋਕਾਂ ਨੂੰ ਉੱਚੀਆਂ ਅਤੇ ਨੀਵੀਆਂ ਜਾਤਾਂ ਵਿਚ ਵੰਡ ਦਿੱਤਾ ਗਿਆ ਸੀ। ਨੀਵੀਆਂ ਜਾਤਾਂ ਨੂੰ ਅਛੂਤ ਆਖਿਆ ਗਿਆ ਅਤੇ ਉਨ੍ਹਾਂ ਦਾ ਜੀਵਨ ਨਰਕ ਤੋਂ ਵੀ ਭੈੜਾ ਬਣਾ ਦਿੱਤਾ ਗਿਆ। ਵੇਲੇ ਦੇ ਹਾਕਮਾਂ ਨੇ ਧਰਮ ਦੇ ਠੇਕੇਦਾਰਾਂ ਅਤੇ ਉੱਚੀ ਜਾਤ ਦੇ ਆਗੂਆਂ ਨੂੰ ਖਰੀਦ ਕੇ ਉਨ੍ਹਾਂ ਦੇ ਹੱਥੋਂ ਹੀ ਇਸ ਵੰਡ ਨੂੰ ਮਜ਼ਬੂਤ ਕਰਵਾਇਆ। ਗ਼ਰੀਬ, ਨਿਮਾਣੇ ਤੇ ਲਿਤਾੜੇ ਜਾ ਰਹੇ ਲੋਕਾਂ ਦੇ ਦਿਮਾਗ ਵਿਚ ਇਹ ਦ੍ਰਿੜ੍ਹ ਕਰਵਾ ਦਿੱਤਾ ਗਿਆ ਕਿ ਤੁਹਾਡੀ ਦੁਰਦਸ਼ਾ ਤੁਹਾਡੇ ਪਿਛਲੇ ਜਨਮਾਂ ਵਿਚ ਕੀਤੇ ਕਰਮਾਂ ਕਰਕੇ ਹੈ। ਅਗਲੇ ਜਨਮ ਵਿਚ ਭਲੇ ਦਿਨ ਵੇਖਣ ਲਈ ਉੱਚੀਆਂ ਜਾਤਾਂ ਦੀ ਸੇਵਾ ਕਰੋ, ਦੇਵੀ-ਦੇਵਤਿਆਂ ਦੀ ਪੂਜਾ ਕਰੋ, ਧਾਰਮਿਕ ਅਤੇ ਰਾਜਸੀ ਆਗੂਆਂ ਨੂੰ ਰੱਬ ਦੇ ਨੁਮਾਇੰਦੇ ਮੰਨ ਕੇ ਉਨ੍ਹਾਂ ਦੀ ਹਰ ਜ਼ਿਆਦਤੀ ਨੂੰ ਬਰਦਾਸ਼ਤ ਕਰੋ। ਸਮੇਂ ਦੇ ਰਾਜਸੀ ਅਤੇ ਧਾਰਮਿਕ ਆਗੂਆਂ ਨੇ ਨੀਚ ਤੇ ਅਛੂਤ ਸਮਝੇ ਜਾਂਦੇ ਲੋਕਾਂ ਲਈ ਵਿੱਦਿਆ ਦੀ ਪ੍ਰਾਪਤੀ, ਚੰਗੇ ਕੱਪੜੇ ਪਹਿਨਣਾ ਅਤੇ ਧਾਰਮਿਕ ਸਥਾਨਾਂ ਉੱਤੇ ਜਾਣ ਦੀ ਸਖ਼ਤ ਮਨਾਹੀ ਕੀਤੀ ਹੋਈ ਸੀ। ਧਾੜਵੀਆਂ ਦੇ ਵਾਰ-ਵਾਰ ਹਮਲੇ ਅਤੇ ਵਿਦੇਸ਼ੀਆਂ ਦੀ ਗ਼ੁਲਾਮੀ ਨੇ ਲੋਕਾਂ ਵਿਚੋਂ ਸਵੈਮਾਣ ਹੀ ਖ਼ਤਮ ਕਰ ਦਿੱਤਾ ਸੀ। ਆਪਣੀ ਅਣਖ ਤੇ ਆਪਣੇ-ਆਪ ਦੀ ਰਾਖੀ ਕਰਨਾ ਤਾਂ ਉਹ ਭੁੱਲ ਹੀ ਗਏ ਸਨ। ਧਾੜਵੀ ਆਉਂਦੇ, ਆਪਣੇ ਮਰਜ਼ੀ ਨਾਲ ਲੁੱਟ ਮਚਾਉਂਦੇ, ਲੋਕਾਂ ਉੱਤੇ ਜ਼ੁਲਮ ਕਰਦੇ, ਇਥੋਂ ਤੱਕ ਕਿ ਲੁੱਟੇ ਹੋਏ ਮਾਲ ਦੇ ਨਾਲ-ਨਾਲ ਇਥੋਂ ਦੀਆਂ ਔਰਤਾਂ ਵੀ ਲੁੱਟ ਦੇ ਮਾਲ ਵਾਂਗ ਹੀ ਆਪਣੇ ਨਾਲ ਲੈ ਜਾਂਦੇ ਸਨ। ਇਸ ਜ਼ੁਲਮ ਵਿਰੁੱਧ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਜ਼ਾਲਮ ਨੂੰ ਲਲਕਾਰਿਆ, ਧਾਰਮਿਕ ਆਗੂਆਂ ਨੂੰ ਫ਼ਿਟਕਾਰਿਆ ਅਤੇ ਦੱਬੇ-ਕੁਚਲੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਵਾਸਤੇ ਜੂਝਣ ਲਈ ਵੰਗਾਰਿਆ। ਉਨ੍ਹਾਂ ਨੇ ਨਿਮਾਣੇ, ਨਿਤਾਣੇ ਅਤੇ ਨੀਚ ਸਮਝੇ ਜਾਂਦੇ ਲੋਕਾਂ ਦੇ ਬਰਾਬਰ ਆਪਣੇ-ਆਪ ਨੂੰ ਖੜ੍ਹਾ ਕੀਤਾ ਤੇ ਉਨ੍ਹਾਂ ਦਾ ਸਾਥ ਦਿੱਤਾ। ਕਿਰਤੀਆਂ ਨੂੰ ਮਾਣ ਬਖ਼ਸ਼ਿਆ ਅਤੇ ਗਿਆਨ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹੇ। ਗੁਰੂ ਨਾਨਕ ਸਾਹਿਬ ਨੇ ਉਨ੍ਹਾਂ ਨੂੰ ਵੰਗਾਰਿਆ-

ਜੇ ਜੀਵੈ ਪਤਿ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥
(ਅੰਗ 142)

ਗੁਰੂ ਜੀ ਨੇ ਕੇਵਲ ਲੋਕਾਂ ਵਿਚ ਚੇਤਨਾ ਹੀ ਨਹੀਂ ਜਗਾਈ, ਸਗੋਂ ਆਪਣੇ ਹੱਕਾਂ ਦੀ ਰਾਖੀ ਵਾਸਤੇ ਘੋਲ ਕਰਨ ਲਈ ਵੀ ਪ੍ਰੇਰਿਆ। ਉਦੋਂ ਸ਼ਾਹੀ ਜ਼ੁਲਮ ਅਤੇ ਜਬਰ ਆਪਣੀ ਸਿਖਰ ਉੱਤੇ ਸੀ। ਉਸ ਸਮੇਂ ਦੀ ਸਥਿਤੀ ਵੇਖ ਗੁਰੂ ਜੀ ਨੇ ਆਖਿਆ ਸੀ-

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ (145)

ਧਰਮ ਲੋਕਾਂ ਵਿਚ ਗਿਆਨ ਦਾ ਚਾਨਣ ਕਰਨ ਦੀ ਥਾਂ ਉਨ੍ਹਾਂ ਨੂੰ ਅੰਧਵਿਸ਼ਵਾਸ ਦੇ ਹਨੇਰੇ ਵਿਚ ਸੁੱਟ ਰਿਹਾ ਸੀ। ਆਪਣੀ ਹੋਣੀ ਨੂੰ ਪਿਛਲੇ ਕਰਮਾਂ ਦਾ ਫ਼ਲ ਮੰਨ, ਸਿਰ ਨੀਵਾਂ ਕਰ ਕੇ ਜ਼ੁਲਮ ਸਹਿਣ ਦਾ ਲੋਕਾਂ ਨੂੰ ਪਾਠ ਪੜ੍ਹਾਇਆ ਜਾਂਦਾ ਸੀ। ਗੁਰੂ ਜੀ ਦਾ ਕਥਨ ਹੈ-

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ ॥ (722)

ਇੰਜ ਸਮਾਜ ਵਿਚ ਨਿਮਾਣਿਆਂ, ਨਿਤਾਣਿਆਂ ਅਤੇ ਬੇਆਸਰਿਆਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਗੁਰੂ ਜੀ ਨੇ ਬੜੀ ਦਲੇਰੀ ਨਾਲ ਲੋਟੂ ਟੋਲੇ ਨੂੰ ਵੰਗਾਰਿਆ ਅਤੇ ਲੁੱਟੀ ਜਾ ਰਹੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਲੜਨ ਵਾਸਤੇ ਤਿਆਰ ਕੀਤਾ।

ਗੁਰੂ ਜੀ ਦਾ ਜਨਮ 1469 ਈਸਵੀ ਨੂੰ ਕੱਤਕ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਂਅ ਬਾਬਾ ਕਾਲੂ ਸੀ ਅਤੇ ਮਾਤਾ ਦਾ ਨਾਮ ਤ੍ਰਿਪਤਾ ਜੀ ਸੀ। ਗੁਰੂ ਜੀ ਮੁੱਢ ਤੋਂ ਹੀ ਦੁਨਿਆਵੀ ਕਾਰਜਾਂ ਨਾਲੋਂ ਵਧੇਰੇ ਰੂਹਾਨੀਅਤ ਵੱਲ ਧਿਆਨ ਦਿੰਦੇ ਸਨ।

ਆਪ ਹਮੇਸ਼ਾ ਇਹ ਸੋਚਦੇ ਰਹਿੰਦੇ ਸਨ ਕਿ ਸਮਾਜ ਵਿਚ ਨਾ ਬਰਾਬਰੀ, ਛੂਤ-ਛਾਤ ਅਤੇ ਲੁੱਟ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ। ਆਖ਼ਰ ਆਪ ਆਪਣੇ ਬਚਪਨ ਦੇ ਸਾਥੀ ਨੀਵੀਂ ਜਾਤ ਦੇ ਸਮਝੇ ਜਾਂਦੇ ਮਰਦਾਨਾ ਨੂੰ ਨਾਲ ਲੈ ਕੇ ਆਪਣੇ ਮਿਸ਼ਨ ਉੱਤੇ ਘਰੋਂ ਨਿਕਲ ਤੁਰੇ। ਭਾਈ ਮਰਦਾਨੇ ਨੂੰ ਸਾਥੀ ਬਣਾਉਣਾ ਆਪਣੇ-ਆਪ ਵਿਚ ਇਨਕਲਾਬੀ ਕਦਮ ਸੀ। ਮਰਦਾਨੇ ਦੀ ਰਬਾਬ ਉੱਤੇ ਹੀ ਆਪ ਨੇ ਬਹੁਤੀ ਬਾਣੀ ਉਚਾਰਨ ਕੀਤੀ। ਗੁਰੂ ਜੀ ਨੇ ਧਾਰਮਿਕ ਆਗੂਆਂ ਨੂੰ ਆਖਿਆ ਤੁਸੀਂ ਪਰਜਾ ਦੇ ਰੱਖਿਅਕ ਬਣਨ ਦੀ ਥਾਂ ਉਨ੍ਹਾਂ ਉੱਤੇ ਜ਼ੁਲਮ ਕਰ ਰਹੇ ਹੋ। ਇਹ ਸਭ ਤੋਂ ਵੱਡਾ ਪਾਪ ਹੈ। ਰੱਬ ਦੂਜਿਆਂ ਦੇ ਹੱਕ ਮਾਰਨ ਵਾਲਿਆਂ ਦਾ ਕਦੇ ਹੋ ਹੀ ਨਹੀਂ ਸਕਦਾ। ਤੁਸੀਂ ਤਾਂ ਚੋਰਾਂ ਤੋਂ ਵੀ ਭੈੜੇ ਹੋ। ਚੋਰ ਦਾ ਕਦੇ ਕੋਈ ਗਵਾਹ ਨਹੀਂ ਬਣਦਾ, ਫਿਰ ਭਲਾ ਰੱਬ ਤੁਹਾਡਾ ਕਿਵੇਂ ਹੋ ਸਕਦਾ ਹੈ।

ਉਨ੍ਹਾਂ ਨੀਵੇਂ ਸਮਝੇ ਜਾਂਦੇ ਲੋਕਾਂ ਨੂੰ ਆਖਿਆ ਕਿ ਸੰਸਾਰ ਵਿਚ ਸਾਰੇ ਬਰਾਬਰ ਹਨ। ਸਾਰਿਆਂ ਵਿਚ ਇਕੋ ਜੋਤ ਜਗਦੀ ਹੈ। ਇਸ ਕਰਕੇ ਤੁਹਾਨੂੰ ਨੀਚ ਕੇਵਲ ਲੋਟੂ ਟੋਲੇ ਨੇ ਹੀ ਬਣਾਇਆ ਹੋਇਆ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥
(663)

ਸਭੁ ਕੋ ਊਚਾ ਆਖੀਐ ਨੀਚੁ ਨਾ ਦੀਸੈ ਕੋਇ,
ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ ॥
(62)

ਗੁਰੂ ਜੀ ਨੇ ਮਜ਼ਲੂਮਾਂ ਨੂੰ ਆਖਿਆ ਕਿ ਮੈਂ ਤੁਹਾਡੇ ਨਾਲ ਹਾਂ। ਤੁਸੀਂ ਡਰ ਨੂੰ ਤਿਆਗੋ, ਸੱਚ ਅਤੇ ਹੱਕ ਦੀ ਰਾਖੀ ਲਈ ਸੰਘਰਸ਼ ਕਰੋ-

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ (15)

ਗੁਰੂ ਜੀ ਨੂੰ ਯਕੀਨ ਸੀ ਕਿ ਲੋਕਾਂ ਦੀਆਂ ਮੁਸੀਬਤਾਂ ਦੀ ਜੜ੍ਹ ਅਗਿਆਨਤਾ ਹੈ। ਇਨ੍ਹਾਂ ਨੂੰ ਗੁੰਮਰਾਹ ਕਰਕੇ ਲਤਾੜਿਆ ਜਾ ਰਿਹਾ ਹੈ। ਗੁਰੂ ਜੀ ਦਾ ਫੁਰਮਾਨ ਹੈ-

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
(791)

ਇਸ ਕਰਕੇ ਉਨ੍ਹਾਂ ਨੇ ਆਮ ਲੋਕਾਂ ਲਈ ਗਿਆਨ ਦੇ ਬੂਹੇ ਖੋਲ੍ਹੇ। ਆਪਣੀ ਬਾਣੀ ਲੋਕਾਂ ਦੀ ਭਾਸ਼ਾ ਵਿਚ ਉਚਾਰੀ। ਹਰ ਥਾਂ ਨੀਵੇਂ ਸਮਝੇ ਜਾਂਦੇ ਲੋਕਾਂ ਦੇ ਘਰਾਂ ਵਿਚ ਨਿਵਾਸ ਕੀਤਾ, ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਜਾਣੂ ਕਰਵਾਇਆ। ਜਿਥੇ ਉਨ੍ਹਾਂ ਜ਼ਾਲਮਾਂ ਨੂੰ ਫਿਟਕਾਰਿਆ, ਉਥੇ ਦਲੀਲ ਦੇ ਅਧਾਰ ਉੱਤੇ ਲੋਕਾਂ ਨੂੰ ਸੱਚ ਦੀ ਸੋਝੀ ਕਰਵਾਈ।

ਗੁਰੂ ਜੀ ਨੇ ਲੋਕਾਂ ਨੂੰ ਸਮਝਾਇਆ ਤੁਸੀਂ ਨਿਤਾਣੇ ਕਿਵੇਂ ਹੋ ਸਕਦੇ ਹੋ, ਤੁਹਾਡੇ ਤਾਣ ਨਾਲ ਤਾਂ ਸਾਰਾ ਕਾਰੋਬਾਰ ਚਲਦਾ ਹੈ। ਤੁਹਾਡੀ ਮਿਹਨਤ ਉੱਤੇ ਵਿਹਲੜ ਪਲ ਰਹੇ ਹਨ। ਸੁੱਚੀ ਕਿਰਤ ਕਰਨ ਵਾਲਾ ਹੀ ਵੱਡਾ ਹੋ ਸਕਦਾ ਹੈ।

ਇਤਿਹਾਸ ਵਿਚ ਗੁਰੂ ਨਾਨਕ ਸਾਹਿਬ ਪਹਿਲੇ ਯੁੱਗ ਪੁਰਸ਼ ਹੋਏ ਹਨ, ਜਿਨ੍ਹਾਂ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਆਖਿਆ 'ਰਾਜੇ-ਮਹਾਰਾਜਿਆਂ ਦੀ ਜਨਨੀ ਕਿਵੇਂ ਬੁਰੀ ਹੋ ਸਕਦੀ ਹੈ। ਜੀਵਨ ਦੇ ਹਰ ਮੋੜ ਉੱਤੇ ਮਰਦ ਦਾ ਸਾਥ ਦੇਣ ਵਾਲੀ ਪੈਰ ਦੀ ਜੁੱਤੀ ਨਹੀਂ ਹੋ ਸਕਦੀ, ਉਹ ਤਾਂ ਸਿਰ ਦਾ ਤਾਜ, ਸਮਾਜ ਦਾ ਮਾਣ ਅਤੇ ਸ਼ਿੰਗਾਰ ਹੈ'-

ਭੰਡਿ ਜੰਮੀਐ ਭੰਡਿ ਨਿੰਮੀਐ
ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (473)

ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਵਹਿਮਾਂ-ਭਰਮਾਂ ਅਤੇ ਅੰਧਵਿਸ਼ਵਾਸ ਵਿਚੋਂ ਕੱਢ ਕੇ ਇਕ ਰੱਬ ਉੱਤੇ ਯਕੀਨ ਕਰਨਾ ਸਿਖਾਇਆ। ਉਨ੍ਹਾਂ ਦੱਸਿਆ ਕਿ ਜਨਮ ਤੋਂ ਕੋਈ ਚੰਗਾ-ਬੁਰਾ ਨਹੀਂ ਹੁੰਦਾ। ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਬੁਰੇ ਨੀਚ ਜਾਤੀਆਂ ਵਾਲੇ ਨਹੀਂ ਹਨ, ਸਗੋਂ ਨੀਚ ਉਹ ਹਨ ਜਿਹੜੇ ਨਿਮਾਣਿਆਂ ਉੱਤੇ ਜ਼ੁਲਮ ਕਰਦੇ ਹਨ ਅਤੇ ਉਨ੍ਹਾਂ ਦੇ ਹੱਕ ਮਾਰਦੇ ਹਨ। ਉਨ੍ਹਾਂ ਲੋਕਾਂ ਦੇ ਮਨਾਂ ਵਿਚੋਂ ਤਾਕਤ ਦੇ ਭੈ ਨੂੰ ਦੂਰ ਕਰਕੇ ਸੱਚ ਅਤੇ ਹੱਕ ਦੀ ਰਾਖੀ ਲਈ ਤਿਆਰ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਸੰਸਾਰ ਨੂੰ ਲੋਕ ਰਾਜ ਅਤੇ ਸਮਾਜਵਾਦ ਦੇ ਫਲਸਫੇ ਦੀ ਬਖਸ਼ਿਸ਼ ਕੀਤੀ। ਲੋਕਾਂ ਨੇ ਆਪਣੇ ਹੱਕਾਂ ਲਈ ਲੜਾਈ ਸ਼ੁਰੂ ਕੀਤੀ, ਜਿਸ ਸਦਕਾ ਅੱਜ ਸਾਰੇ ਸੰਸਾਰ ਵਿਚ ਲੋਕਰਾਜ ਦਾ ਬੋਲਬਾਲਾ ਹੈ।

ਗੁਰੂ ਜੀ ਨੇ ਮਰਦਾਨੇ ਦੀ ਰਬਾਬ ਦੀਆਂ ਧੁਨਾਂ ਉੱਤੇ ਬਾਣੀ ਦਾ ਗਾਇਨ ਕਰ ਕੇ ਲੋਕਾਂ ਦੀ ਸੁੱਤੀ ਜ਼ਮੀਰ ਨੂੰ ਜਗਾਇਆ। ਉਨ੍ਹਾਂ ਨੇ ਤਰਕ ਅਤੇ ਦਲੀਲਾਂ ਨਾਲ ਕੁਰਹਿਤਾਂ ਦਾ ਖੰਡਨ ਕੀਤਾ ਤੇ ਬਿਨਾਂ ਵਾਦ-ਵਿਵਾਦ ਦੇ ਵਿਚਾਰ ਰਾਹੀਂ ਸਾਰਿਆਂ ਨੂੰ ਸੱਚ ਦਾ ਰਾਹ ਵਿਖਾਇਆ। ਉਨ੍ਹਾਂ ਚਾਰ ਉਦਾਸੀਆਂ ਰਾਹੀਂ ਪੈਦਲ ਯਾਤਰਾ ਕਰ ਕੇ ਸਾਰੇ ਏਸ਼ੀਆ ਦਾ ਭਰਮਣ ਕੀਤਾ। ਗੁਰੂ ਨਾਨਕ ਸਾਹਿਬ ਨੇ ਸੰਸਾਰ ਨੂੰ ਇਕ ਅਜਿਹੀ ਜੀਵਨ ਜਾਚ ਦੀ ਬਖ਼ਸ਼ਿਸ਼ ਕੀਤੀ ਜਿਹੜੀ ਸੱਚ, ਮਿਹਨਤ, ਨਿਮਰਤਾ ਅਤੇ ਪਿਆਰ ਉੱਤੇ ਆਧਾਰਿਤ ਸੀ। ਉਨ੍ਹਾਂ ਕਰਮਕਾਂਡਾਂ ਦਾ ਖੰਡਨ ਕੀਤਾ ਤੇ ਸ਼ੁਭ ਕਰਮਾਂ ਉੱਤੇ ਜ਼ੋਰ ਦਿੱਤਾ। ਇਹ ਆਖਿਆ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਸੰਸਾਰ ਵਿਚ ਸਭ ਤੋਂ ਪਹਿਲੇ ਅਤੇ ਨਿਵੇਕਲੇ ਚਿੰਤਕ ਹੋਏ ਹਨ, ਜਿਨ੍ਹਾਂ ਨੇ ਆਪਣੇ ਫ਼ਲਸਫ਼ੇ ਦਾ ਨਿਰਾ ਪ੍ਰਚਾਰ ਹੀ ਨਹੀਂ ਕੀਤਾ, ਸਗੋਂ ਆਪ ਉਸ ਅਨੁਸਾਰ ਆਪਣਾ ਜੀਵਨ ਵੀ ਜੀਵਿਆ।

ਆਪ ਜੀ ਨੇ 17 ਰਾਗਾਂ ਵਿਚ 974 ਸ਼ਬਦਾਂ ਦੀ ਰਚਨਾ ਕੀਤੀ। ਉਨ੍ਹਾਂ ਦੀ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਰੰਭਤਾ ਆਪ ਜੀ ਦੀ ਬਾਣੀ ਜਪੁ ਜੀ ਨਾਲ ਹੁੰਦੀ ਹੈ। ਇਸ ਬਾਣੀ ਰਾਹੀਂ ਗੁਰੂ ਸਾਹਿਬ ਨੇ ਜਿਥੇ ਸੰਸਾਰਿਕ ਸਚਾਈਆਂ ਦਾ ਵਖਿਆਨ ਕੀਤਾ ਹੈ, ਉਥੇ ਇਕ ਵਿਸ਼ਵ ਸੱਭਿਆਚਾਰ ਦੀ ਵੀ ਸਿਰਜਣਾ ਕੀਤੀ ਹੈ।

ਗੁਰੂ ਜੀ ਨੇ ਪਿਛਲੀ ਉਮਰੇ ਕਰਤਾਰਪੁਰ ਨਗਰ ਵਸਾਇਆ। ਇਥੇ ਉਨ੍ਹਾਂ ਆਪਣੇ ਹੱਥੀਂ ਖੇਤੀ ਕੀਤੀ। ਇਹ ਸਚਮੁੱਚ ਹੀ ਕਰਤਾਰ ਦਾ ਘਰ ਸੀ। ਇਥੇ ਹਮੇਸ਼ਾ ਗੁਰਬਾਣੀ ਦਾ ਪਾਠ ਅਤੇ ਕੀਰਤਨ ਹੁੰਦਾ ਸੀ। ਗੁਰੂ ਜੀ ਦਾ ਕੇਂਦਰ ਅਜਿਹੀ ਥਾਂ ਬਣ ਗਿਆ, ਜਿਥੇ ਸੰਗਤਾਂ ਆਪਣੇ ਅੰਦਰਲੀ ਮੈਲ ਧੋ ਕੇ ਗੁਰੂ ਜੀ ਦੇ ਦਰਸਾਏ ਜੀਵਨ ਮਾਰਗ ਉੱਤੇ ਆਪਣੀ ਯਾਤਰਾ ਸ਼ੁਰੂ ਕਰ ਦਿੰਦੀਆਂ ਸਨ। ਇੰਜ ਉਨ੍ਹਾਂ ਨੇ ਕਿਰਤ ਦੇ ਸਤਿਕਾਰ ਵਾਲੇ ਆਪਣੇ ਉਪਦੇਸ਼ ਨੂੰ ਅਮਲੀ ਜਾਮਾ ਪਹਿਨਾਇਆ। ਇਸੇ ਸਾਦਗੀ, ਨਿਮਰਤਾ, ਸੁਕਿਰਤ ਤੇ ਪ੍ਰੇਮ ਦਾ ਪਾਠ ਗੁਰੂ ਜੀ ਨੇ ਲੋਕਾਈ ਨੂੰ ਪੜ੍ਹਾਇਆ। ਇਥੇ ਹੀ ਗੁਰੂ ਜੀ ਨੇ ਸੰਗਤ ਤੇ ਪੰਗਤ ਦੀ ਰੀਤ ਸ਼ੁਰੂ ਕੀਤੀ। ਸਾਰੀ ਸੰਗਤ ਨੂੰ ਇਕੋ ਪੰਗਤ ਵਿਚ ਬੈਠ ਇਕੋ ਹੀ ਭੋਜਨ ਛਕਣਾ ਪੈਂਦਾ ਸੀ। ਇੰਜ ਗੁਰੂ ਜੀ ਨੇ ਸਮਾਜ ਵਿਚ ਜਾਤ-ਪਾਤ, ਰੁਤਬੇ ਅਤੇ ਅਮੀਰੀ ਕਾਰਨ ਜਿਹੜੀਆਂ ਵੰਡੀਆਂ ਪਈਆਂ ਸਨ, ਉਹ ਮੇਟ ਦਿੱਤੀਆਂ। ਗੁਰੂ ਜੀ ਨੇ ਸੰਸਾਰ ਨੂੰ ਇਕ ਨਵੇਂ ਰਾਜ ਪ੍ਰਬੰਧ ਜਿਸ ਨੂੰ ਲੋਕ ਰਾਜ ਤੇ ਸਮਾਜਵਾਦ ਆਖਿਆ ਗਿਆ, ਦੀ ਸੋਝੀ ਕਰਵਾਈ। ਉਨ੍ਹਾਂ ਕੇਵਲ ਆਪਣੀ ਸੋਚ ਨੂੰ ਵਿਚਾਰਾਂ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਉਸ ਨੂੰ ਅਮਲੀ ਰੂਪ ਦਿੱਤਾ। ਗੁਰੂ ਜੀ ਕਰਤਾਰਪੁਰ ਵਿਖੇ ਹੀ 7 ਸਤੰਬਰ, 1539 ਨੂੰ ਜੋਤੀ ਜੋਤ ਸਮਾ ਗਏ। ਉਨ੍ਹਾਂ ਗੁਰਗੱਦੀ ਆਪਣੇ ਪੁੱਤਰਾਂ ਦੀ ਥਾਂ ਆਪਣੇ ਇਕ ਸੱਚੇ ਭਗਤ ਨੂੰ ਬਖ਼ਸ਼ੀ, ਜਿਹੜਾ ਆਪ ਜੀ ਦੀ ਸੰਗਤ ਵਿਚ ਰਹਿ ਕੇ ਲਹਿਣਾ ਤੋਂ ਅੰਗਦ ਬਣ ਗਿਆ ਸੀ।

ਉਸ ਸਮੇਂ ਭਾਰਤ ਵਿਚ ਨੀਵੀਆਂ ਜਾਤਾਂ ਦੇ ਹੱਕ ਵਿਚ ਖਲੋਣਾ ਅਤੇ ਵੱਡਿਆਂ ਨੂੰ ਲਲਕਾਰਨਾ ਕਿ ਕੇਵਲ ਉਹ ਹੀ ਵੱਡੇ ਹਨ, ਜਿਨ੍ਹਾਂ ਉੱਤੇ ਰੱਬ ਦੀ ਮਿਹਰ ਹੈ, ਵਾਸਤਵਿਕ ਤੌਰ 'ਤੇ ਇਕ ਅਤਿ ਗਰਮ ਅਤੇ ਇਨਕਲਾਬੀ ਕਦਮ ਸੀ। ਗੁਰੂ ਜੀ ਨੇ ਕਿਰਤੀ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚੋਂ ਦੁੱਧ ਦਾ ਅਨੰਦ ਮਾਣਿਆ ਤੇ ਮਲਕ ਭਾਗੋ ਦੇ ਛੱਤੀ ਪਦਾਰਥਾਂ ਨੂੰ ਇਹ ਆਖ ਕੇ ਠੁਕਰਾਇਆ ਕਿ ਇਸ ਵਿਚ ਕਿਰਤੀਆਂ ਦਾ ਖ਼ੂਨ ਰਚਿਆ ਹੋਇਆ ਹੈ। ਨੀਚ ਸਮਝੇ ਜਾਂਦੇ ਲੋਕਾਂ ਨੂੰ ਪਹਿਲੀ ਵਾਰ ਅਹਿਸਾਸ ਹੋਇਆ ਕਿ ਉਹ ਵੀ ਇਨਸਾਨ ਹਨ। ਇਸ ਕਰਕੇ ਗੁਰੂ ਜੀ ਦੇ ਸਿੱਖਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋਇਆ। ਇਹ ਪਹਿਲੀ ਵਾਰ ਸੀ ਜਦੋਂ ਕਿਸੇ ਪੈਗ਼ੰਬਰ ਦੇ ਆਪਣੇ ਜੀਵਨ ਕਾਲ ਵਿਚ ਇੰਨੀ ਵੱਡੀ ਗਿਣਤੀ ਵਿਚ ਪੈਰੋਕਾਰ ਬਣੇ ਹੋਣ।

ਸਮਾਜ ਵਿਚੋਂ ਊਚ-ਨੀਚ ਨੂੰ ਦੂਰ ਕਰਨ ਅਤੇ ਮਨੁੱਖੀ ਬਰਾਬਰੀ ਸਥਾਪਿਤ ਕਰਨ ਵਿਚ ਦੋ ਸਦੀਆਂ ਤੋਂ ਵੀ ਵੱਧ ਸਮਾਂ ਲੱਗਿਆ, ਕਿਉਂਕਿ ਮੁੱਢਕਦੀਮ ਤੋਂ ਪਈਆਂ ਵੰਡੀਆਂ ਨੂੰ ਮੇਟਣਾ ਸੌਖਾ ਨਹੀਂ ਸੀ। ਗੁਰੂ ਜੀ ਮੰਨਦੇ ਸਨ ਕਿ ਲਿਤਾੜੇ ਜਾ ਰਹੇ ਲੋਕਾਂ ਨੂੰ ਉਨ੍ਹਾਂ ਦੇ ਹੱਕਾਂ ਦੀ ਸੋਝੀ ਕਰਵਾਉਣ ਲਈ ਗਿਆਨ ਦੀ ਲੋੜ ਹੈ। ਹੁਣ ਤੱਕ ਨੀਵੀਆਂ ਜਾਤਾਂ ਲਈ ਗਿਆਨ ਦੇ ਦਰਵਾਜ਼ੇ ਬੰਦ ਸਨ।

ਇਸ ਵਾਰ ਅਸੀਂ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਬਹੁਤ ਹੀ ਸ਼ਾਨ ਨਾਲ ਮਨਾ ਰਹੇ ਹਾਂ। ਇਹ ਪ੍ਰਕਾਸ਼ ਪੁਰਬ ਸਮਾਗਮ ਉਦੋਂ ਹੀ ਸਾਰਥਿਕ ਹੋਣਗੇ ਜਦੋਂ ਅਸੀਂ ਸਮਾਜ ਵਿਚਲੇ ਵਿਤਕਰਿਆਂ ਨੂੰ ਮੇਟ ਕੇ ਉਨ੍ਹਾਂ ਨੂੰ ਬਰਾਬਰੀ ਬਖ਼ਸ਼ਾਂਗੇ ਅਤੇ ਉਨ੍ਹਾਂ ਨੂੰ ਚੰਗਾ ਜੀਵਨ ਜਿਉਣ ਵਿਚ ਪੂਰੀ ਸਹਾਇਤਾ ਕਰਾਂਗੇ।


L'AMORE EVENTS
L'amore Events in association with DAMAC Group
& Shikha Events presents
DAMAC
Diwali 2019 Cruise
On the Hudson
Enjoy the panoramic views of New York City and Statue of liberty
SAT, 19TH OCTOBER 2019 | 6:30 PM
PIER 81 , THE PRINCESS LUXURY YACHT
12TH AVE, NEW YORK, NY 10036
• Photography & Photo booth
• 4 hours of Non stop Diwali Party
• Pumping DJ on Deck
• Bar
• Indian Cuisine
• Diwali Shopping
• Tarot Card Readers
EARLY BIRD PRICING
ROYAL GENERAL ADMISSION: $75
ROYAL MAHARAJA : $100 (PRIORITY BOARDING )
GROUP AND STUDENT DISCOUNTS AVAILABLE
DRESS CODE- INDIAN ETHNIC (PREFERRED BUT OPTIONAL )
Chance to win a Free Seat at POKER TOURNAMENT
NRI ACHIEVERS
For booth and sponsorships - (845) 545 9936, (646) 732 0065


ਊੜਾ ਉਦਾਸੀ Guru Nanak's Travels
ਐੜਾ ਅਰਦਾਸ Prayer
ਈੜੀ ਇੱਕ ਓਅੰਕਾਰ One Universal Creator
ਸੱਸਾ ਸਿੱਖ Sikh
ਹਾਹਾ ਹਰਿਮੰਦਰ ਸਾਹਿਬ Harimandar Sahib
ਕੱਕਾ ਕਿਰਪਾਨ Sword
ਖੱਖਾ ਖੰਡਾ Double edged sword
ਗੱਗਾ ਗਤਕਾ Sikh Martial Art
ਘੱਗਾ ਘੱਲੂਘਾਰਾ Holocaust
ਙੰਙਾ
ਚੱਚਾ ਚਰਖੜੀ Spiked wheel
ਛੱਛਾ ਛੋਟੇ ਸਾਹਿਬਜ਼ਾਦੇ Younger sons of Guru
ਜੱਜਾ ਜੰਗ War
ਝੱਜਾ ਝੰਡਾ Flag of Sikh Nation
ਞੱਞਾ
ਟੈਂਕਾ ਟਹਿਲ ਸੇਵਾ Devoted Service
ਠੱਠਾ ਠੰਡਾ ਬੁਰਜ Cold Tower
ਡੱਡਾ ਡਿਓੜ੍ਹੀ Gateway
ਢੱਡਾ ਢਾਡੀ Bard
ਣਾਣਾ
ਤੱਤਾ ਤਖ਼ਤ Eternal Throne
ਥੱਥਾ ਥੜ੍ਹਾ Raised Platform
ਦੱਦਾ ਦਸਤਾਰ Turban
ਧੱਦਾ ਧਰਤੀ Earth
ਨੰਨਾ ਨਿਹੰਗ Nihang
ਪੱਪਾ ਪੰਜ ਪਿਆਰੇ Five Beloved Ones
ਫੱਫਾ ਫੁਲਵਾੜੀ Flower Bed
ਬੱਬਾ ਬਾਟਾ Bowl
ਭੱਬਾ ਭਗਤ Holy Man
ਮੱਮਾ ਮੂਲ ਮੰਤਰ Prime Gospel
ਯੱਯਾ ਯਕੀਨ Faith
Sikh Rehat Maryada The Code of Sikh Conduct and Conventions
ਰਾਰਾ ਰਹਿਤ Way of living
ਲੱਲਾ ਲੰਗਰ Community Kitchen
ਵੱਵਾ ਵਾਹਿਗੁਰੂ Wonderous Lord
ੜਾੜਾ
ਸ਼ੱਸ਼ਾ ਸ਼ਹੀਦ Martyr
ਖ਼ੱਖਾ ਖ਼ਾਲਸਾ The Sikh Nation
ਗ਼ੱਗਾ ਗ਼ਰੀਬ Meek
ਜ਼ੱਜਾ ਜ਼ਫ਼ਰਨਾਮਾ Letter of Victory
ਫ਼ੱਫ਼ਾ ਫ਼ਤਹਿ Victory

# ਪੰਜਾਬ ਦਾ ਲਹੂ ਚੂਸਦੀਆਂ ਜ਼ੋਕਾਂ ਬਣੇ ਟੋਲ ਪਲਾਜ਼ੇ ਤੇ ਸੜਕਾਂ ਰਾਹੀਂ ਦਿੱਲੀ ਵੱਲੋਂ ਦੱਬੀ ਜਾ ਰਹੀ ਪੰਜਾਬ ਦੀ ਜ਼ਮੀਨ




ਚਿੜੀ ਦੀ ਚੁੰਝ ਜਿੰਨੇ ਸਰਹੱਦ 'ਚ ਘਿਰੇ ਪੰਜਾਬ ਸੂਬੇ ਦਾ ਕੁਲ ਖੇਤਰਫਲ 50 ਹਜ਼ਾਰ ਵਰਗ ਕਿਲੋਮੀਟਰ ਹੈ ਤੇ ਇਸ ਵਿਚ ਇਸ ਵੇਲੇ 11 ਕੌਮੀ ਰਾਜ ਮਾਰਗ ਪੈਂਦੇ ਹਨ ਜਿਨ੍ਹਾਂ ਦੀ ਲੰਬਾਈ 2677 ਕਿਲੋਮੀਟਰ ਹੈ। ਜਦਕਿ ਪੰਜਾਬ ਦੇ ਆਪਣੇ ਰਾਜ ਮਾਰਗ ਸਿਰਫ਼ 1102 ਕਿੱਲੋਮੀਟਰ ਹੀ ਹਨ। ਪੰਜਾਬ ਅੰਦਰ ਉਕਤ ਮੁੱਖ ਕੌਮੀ ਰਾਜ ਮਾਰਗ ਉੱਪਰ 9 ਟੋਲ ਪਲਾਜ਼ੇ ਹਨ ਜਦ ਕਿ ਹੋਰ ਅਹਿਮ ਰਾਜ ਮਾਰਗ ਉੱਪਰ 16 ਟੋਲ ਪਲਾਜ਼ੇ ਚੱਲ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬੀ ਸੂਬਾ ਹੋਂਦ ਵਿਚ ਆਉਣ ਸਮੇਂ ਸਿਰਫ਼ ਦੋ ਕੌਮੀ ਰਾਜ ਮਾਰਗ ਸਨ। ਪਹਿਲਾਂ ਸ਼ੇਰਸ਼ਾਹ ਸੂਰੀ ਮਾਰਗ ਦੇ ਨਾਂਅ ਨਾਲ ਜਾਣੀ ਜਾਂਦੀ ਦਿੱਲੀ ਤੋਂ ਅੰਮ੍ਰਿਤਸਰ ਜਰਨੈਲੀ ਸੜਕ ਤੇ ਦੂਜੀ ਦਿੱਲੀ ਤੋਂ ਮਲੋਟ, ਫਾਜਿਲਕਾ ਰਾਹੀਂ ਲਾਹੌਰ ਨੂੰ ਜਾਣ ਵਾਲੀ ਸੜਕ ਪਰ ਪਿਛਲੀ ਸਦੀ ਦੇ ਅਖੀਰਲੇ ਸਾਲਾਂ ਵਿਚ ਕੇਂਦਰ ਸਰਕਾਰ ਵਲੋਂ ਸੂਬਿਆਂ ਦੇ ਵਸੀਲਿਆਂ ਨੂੰ ਕਬਜ਼ੇ 'ਚ ਕਰਨ ਦੀ ਯੋਜਨਾ ਤਹਿਤ ਰਾਜ ਸਰਕਾਰਾਂ ਦੇ ਅਧਿਕਾਰ ਹੇਠਲੇ ਜ਼ਮੀਨੀ ਆਵਾਜਾਈ ਦੇ ਖੇਤਰ ਉੱਪਰ ਵੀ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਹੈ।

ਪਹਿਲਾਂ ਰਾਜਾਂ ਵਿਚ ਬਣਨ ਵਾਲੀਆਂ ਨਵੀਆਂ ਸੜਕਾਂ ਲਈ ਕੇਂਦਰ ਸਰਕਾਰ ਵਲੋਂ ਫੰਡ ਦਿੱਤੇ ਜਾਂਦੇ ਸਨ ਪਰ ਸੜਕਾਂ ਵਾਲੀ ਜ਼ਮੀਨ, ਖਤਾਨ ਤੇ ਉੱਥੇ ਉਗਦੇ ਦਰੱਖਤਾਂ ਦੇ ਪੈਦਾ ਹੋਣ ਵਾਲੇ ਹੋਰ ਆਮਦਨ ਦੇ ਸਾਧਨਾਂ ਦੀ ਮਾਲਕ ਰਾਜ ਸਰਕਾਰ ਹੀ ਹੁੰਦੀ ਸੀ ਪਰ ਪਿਛਲੇ ਸਾਲਾਂ ਵਿਚ ਰਾਜ ਸਰਕਾਰਾਂ ਦੇ ਆਮਦਨ ਸੋਮੇ ਹਥਿਆਉਣ ਦੀ ਮੁਹਿੰਮ ਤਹਿਤ ਹੁਣ ਨਵੀਆਂ ਸੜਕਾਂ ਬਣਾਉਣ ਜਾਂ ਪਹਿਲੀਆਂ ਨੂੰ ਚੌੜੀਆਂ ਕਰਨ ਲਈ ਕੇਂਦਰ ਸਰਕਾਰ ਫੰਡ ਨਹੀਂ ਦਿੰਦੀ, ਸਗੋਂ ਰਾਜ ਮਾਰਗ ਨੂੰ ਕੌਮੀ ਮਾਰਗ ਐਲਾਨ ਕੇ ਸੜਕ ਹੇਠ ਆਉਣ ਵਾਲੀ ਸਾਰੀ ਜ਼ਮੀਨ ਦੀ ਆਪ ਮਾਲਕ ਬਣ ਬੈਠਦੀ ਹੈ। ਹਾਸਲ ਜਾਣਕਾਰੀ ਮੁਤਾਬਿਕ ਕੇਂਦਰ ਸਰਕਾਰ ਸੜਕ ਚੌੜੀ ਕਰਨ ਜਾਂ ਕਿਸੇ ਸ਼ਹਿਰ ਦਾ ਬਾਈਪਾਸ ਬਣਾਉਣ ਲਈ ਜ਼ਮੀਨ ਹਾਸਲ ਕਰਨ ਦੇ ਪੈਸੇ ਆਪ ਦਿੰਦੀ ਹੈ, ਪਰ ਪਹਿਲੀ ਚੱਲ ਰਹੀ ਰਾਜ ਮਾਰਗ ਦੀ ਜ਼ਮੀਨ ਮੁਫ਼ਤ ਵਿਚ ਹੀ ਹਥਿਆ ਲਈ ਜਾਂਦੀ ਹੈ। ਮਿਸਾਲ ਵਜੋਂ ਜਲੰਧਰ-ਮੋਗਾ ਨਵਾਂ ਮਾਰਗ ਉਸਰ ਰਿਹਾ ਹੈ। ਇਸ ਉੱਪਰ ਪੈਂਦੇ ਨਕੋਦਰ ਤੇ ਸ਼ਾਹਕੋਟ ਦੇ ਬਾਈਪਾਸ ਲਈ ਜ਼ਮੀਨ ਕੇਂਦਰ ਸਰਕਾਰ ਨੇ ਖ਼ਰੀਦੀ ਹੈ ਤੇ ਚੌੜਾ ਕਰਨ ਲਈ ਹਾਸਲ ਕੀਤੀ ਜ਼ਮੀਨ ਦੇ ਪੈਸੇ ਵੀ ਉਸ ਨੇ ਹੀ ਦਿੱਤੇ ਹਨ, ਪਰ ਪਹਿਲੋਂ ਚੱਲ ਰਹੀ 90 ਕਿੱਲੋਮੀਟਰ ਰਾਜ ਮਾਰਗ ਦੀ ਜ਼ਮੀਨ ਉਸ ਨੂੰ ਮੁਫ਼ਤ ਵਿਚ ਹੀ ਮਿਲ ਗਈ। ਹੁਣ ਇਸ ਸੜਕ ਦੁਆਲੇ ਕਿਸੇ ਵੀ ਵਪਾਰਕ ਸਰਗਰਮੀ ਦੀ ਪ੍ਰਵਾਨਗੀ ਰਾਜ ਸਰਕਾਰ ਨਹੀਂ, ਸਗੋਂ ਕੇਂਦਰ ਸਰਕਾਰ ਦੇ ਅਦਾਰੇ ਹੀ ਦੇਣਗੇ ਤੇ ਉਨ੍ਹਾਂ ਦੀ ਫ਼ੀਸ ਵੀ ਕੇਂਦਰ ਸਰਕਾਰ ਕੋਲ ਹੀ ਜਾਵੇਗੀ। ਇੱਥੋਂ ਤੱਕ ਕਿ ਕੌਮੀ ਰਾਜ ਮਾਰਗ ਦੁਆਲੇ ਲੱਗਣ ਵਾਲੇ ਜੰਗਲਾਤ ਤੇ ਹੋਰ ਵਪਾਰਕ ਕਾਰੋਬਾਰ ਵੀ ਕੇਂਦਰ ਦੀ ਮਾਲਕੀ ਹੇਠ ਚਲੇ ਗਏ ਹਨ। ਇਸ ਤਰ੍ਹਾਂ ਕੇਂਦਰ ਸਰਕਾਰ ਰਾਜ ਸਰਕਾਰ ਦੇ ਵੱਡੇ ਹਿੱਸੇ ਦੀ ਮਾਲਕ ਬਣ ਰਹੀ ਹੈ। ਕੌਮੀ ਰਾਜ ਮਾਰਗ ਲਗਾਤਾਰ ਵਧ ਰਹੇ ਹਨ ਤੇ ਰਾਜ ਮਾਰਗ ਘਟ ਰਹੇ ਹਨ।

**ਟੋਲ ਪਲਾਜ਼ੇ ਕੇਂਦਰ ਦੇ ਹੱਥ:**

ਪੰਜਾਬ ਦੀ ਧਰਤੀ ਉੱਪਰ ਚੱਲ ਰਹੇ ਕੌਮੀ ਰਾਜ ਮਾਰਗ ਉੱਪਰ ਲਗਾਏ ਟੋਲ ਪਲਾਜ਼ੇ ਕੇਂਦਰ ਸਰਕਾਰ ਦੇ ਕਮਾਊ ਪੁੱਤ ਬਣੇ ਹੋਏ ਹਨ। ਇਨ੍ਹਾਂ ਟੋਲ ਪਲਾਜਿਆਂ 'ਤੇ ਟੈਕਸ ਪੰਜਾਬ ਦੇ ਲੋਕ ਦਿੰਦੇ ਹਨ ਪਰ ਪੰਜਾਬ ਸਰਕਾਰ ਨੂੰ ਇਸ ਵਿਚੋਂ ਇਕ ਧੇਲਾ ਵੀ ਨਹੀਂ ਮਿਲਦਾ। ਕੌਮੀ ਰਾਜ ਮਾਰਗ ਉਪਰਲੇ ਟੋਲ ਪਲਾਜ਼ੇ ਕੇਂਦਰ ਸਰਕਾਰ ਲਗਾਉਂਦੀ ਹੈ। ਇਨ੍ਹਾਂ ਦੇ ਕੰਪਨੀਆਂ ਨਾਲ ਇਕਰਾਰਨਾਮੇ ਵੀ ਉਸ ਵਲੋਂ ਹੀ ਭਰੇ ਜਾਂਦੇ ਹਨ। ਜਲੰਧਰ-ਪਾਣੀਪਤ ਮਾਰਗ ਉੱਪਰ ਫਿਲੌਰ, ਸ਼ੰਭੂ ਤੇ ਕਰਨਾਲ 3 ਟੋਲ ਪੈਂਦੇ ਹਨ। ਇਨ੍ਹਾਂ ਦੀ ਆਮਦਨ ਦਾ 75 ਫ਼ੀਸਦੀ ਹਿੱਸਾ ਕੰਪਨੀ ਨੂੰ ਤੇ 25 ਫੀਸਦੀ ਹਿੱਸਾ ਕੇਂਦਰ ਨੂੰ ਮਿਲਦਾ ਹੈ। ਇਸੇ ਤਰ੍ਹਾਂ ਰਾਜ ਸਰਕਾਰਾਂ ਰਾਜ ਮਾਰਗ 'ਤੇ ਟੋਲ ਲਗਾਉਂਦੀਆਂ ਹਨ। ਥੋੜ੍ਹੇ ਵੱਧ-ਘੱਟ ਫਰਕ ਨਾਲ ਇੱਥੇ ਵੀ ਟੈਕਸ ਦੀ ਉਗਰਾਹੀ ਉੱਪਰ ਵਾਂਗ ਹੀ ਤਕਸੀਮ ਹੁੰਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 2017-18 ਦਰਮਿਆਨ ਟੋਲ ਪਲਾਜਿਆਂ ਉਪਰੋਂ 690 ਕਰੋੜ ਰੁਪਏ ਦੀ ਉਗਰਾਹੀ ਹੋਈ ਸੀ। ਇਸ ਉਗਰਾਹੀ ਵਿਚੋਂ 70 ਫੀਸਦੀ ਦੇ ਕਰੀਬ ਕੌਮੀ ਰਾਜ ਮਾਰਗ ਦੀ ਉਗਰਾਹੀ ਹੈ। ਇਸ ਤੋਂ ਸਪੱਸ਼ਟ ਹੈ ਕਿ ਮੁੱਖ ਸੜਕਾਂ ਕੇਂਦਰ ਸਰਕਾਰ ਅਧੀਨ ਹੋਣ ਕਾਰਨ ਸੂਬਿਆਂ ਦੇ ਅਧਿਕਾਰ ਹੇਠਲਾ ਆਵਾਜਾਈ ਦਾ ਆਮਦਨ ਸੋਮਾ ਵੀ ਕੇਂਦਰ ਸਰਕਾਰ ਦੇ ਹੱਥਾਂ ਵਿਚ ਚਲਾ ਗਿਆ ਹੈ। ਆਮਦਨ ਦੇ ਸੋਮੇ ਸੂਬਿਆਂ ਹੱਥੋਂ ਕਿਰ ਕੇ ਕੇਂਦਰ ਕੋਲ ਜਾਣ ਕਾਰਨ ਸੂਬਿਆਂ ਨੂੰ ਆਪਣੀ ਸੜਕੀ ਆਵਾਜਾਈ ਸੁਧਾਰਨੀ ਔਖੀ ਹੋ ਰਹੀ ਹੈ ਤੇ ਨਤੀਜਾ ਇਹ ਹੈ ਕਿ ਰਾਜ ਮਾਰਗ, ਕੌਮੀ ਐਲਾਨ ਕੇ ਸੂਬਿਆਂ ਹੇਠੋਂ ਕੱਢੇ ਜਾ ਰਹੇ ਹਨ।

**ਇਕਰਾਰ ਮੁਤਾਬਿਕ ਨਹੀਂ ਸਹੂਲਤਾਂ:**

ਸੜਕਾਂ ਉੱਪਰ ਲੱਗੇ ਟੋਲ ਪਲਾਜਿਆਂ ਦੀ ਫ਼ੀਸ ਪਹਿਲੋਂ ਵੱਧ ਹੈ ਕਿ ਦੂਜਾ ਰਾਜ ਸਰਕਾਰ ਨੇ ਹਰ ਸਾਲ ਉਕਾ-ਪੁੱਕਾ 3 ਫੀਸਦੀ ਵਧਾਉਣ ਦਾ ਫ਼ੈਸਲਾ ਕਰ ਰੱਖਿਆ ਹੈ ਜਦਕਿ ਕੌਮੀ ਰਾਜ ਮਾਰਗ ਉੱਪਰ ਟੋਲ ਟੈਕਸ ਕੀਮਤ ਸੂਚਕ ਅੰਕ 'ਚ ਆਉਂਦੇ ਉਤਰਾਅ-ਚੜ੍ਹਾਅ ਨਾਲ ਜੋੜਿਆ ਹੈ। ਬਹੁਤ ਹੀ ਉੱਚੀ ਦਰ ਵਾਲੇ ਟੈਕਸ ਵਿਚੋਂ 75 ਫੀਸਦੀ ਦੇ ਕਰੀਬ ਨਿੱਜੀ ਕੰਪਨੀਆਂ ਨੂੰ ਹਿੱਸਾ ਦੇਣ ਸਮੇਂ ਕੀਤੇ ਇਕਰਾਰ ਵਿਚ ਅਨੇਕ ਤਰ੍ਹਾਂ ਦੀਆਂ ਸਹੂਲਤਾਂ ਦੇਣ ਦਾ ਅਹਿਦ ਹੈ ਪਰ ਦੱਸਦੇ ਹਨ ਕਿ ਬੀਤੇ ਅਹਿਦ ਦਾ 10 ਫੀਸਦੀ ਸਹੂਲਤ ਨਹੀਂ ਦਿੱਤੀ ਜਾ ਰਹੀ। ਸੜਕ ਦੀ ਸੰਭਾਲ ਤੇ ਸੁਰੱਖਿਆ ਲਈ ਹਰ 50 ਕਿੱਲੋਮੀਟਰ ਵਿਚ ਇਕ ਗਸ਼ਤੀ ਮੋਟਰ ਗੱਡੀ ਤੇ ਇਕ ਐਂਬੂਲੈਂਸ ਜ਼ਰੂਰੀ ਹੈ। ਐਂਬੂਲੈਂਸ ਵਿਚ ਇਕ ਡਾਕਟਰ ਤੇ ਮੁੱਢਲੀਆਂ ਸਾਰੀਆਂ ਡਾਕਟਰੀ ਸਹੂਲਤਾਂ ਹੋਣਾ ਲਾਜ਼ਮੀ ਹਨ। ਇਸੇ ਤਰ੍ਹਾਂ ਹਰ ਟੋਲ ਪਲਾਜ਼ੇ ਉੱਪਰ ਵਰਕਸ਼ਾਪ ਹੋਣਾ, ਬੈਠਣ ਲਈ ਜਗ੍ਹਾ ਤੇ ਪੀਣ ਵਾਲੇ ਪਾਣੀ ਦੀ ਸਹੂਲਤ ਦਾ ਵੀ ਜਿਕਰ ਹੈ।

ਸੜਕ ਸੁਰੱਖਿਆ ਮਾਹਰ ਕਮਲਜੀਤ ਸੋਈ ਨੇ ਦੱਸਿਆ ਕਿ ਪੰਜਾਬ ਦੇ ਕਿਸੇ ਪਲਾਜ਼ੇ ਉੱਪਰ ਵਰਕਸ਼ਾਪ ਨਹੀਂ ਤੇ ਹੋਰ ਸਹੂਲਤਾਂ ਵੀ ਮਸਾਂ 10 ਫੀਸਦੀ ਹੀ ਹਨ। ਇਸ ਤਰ੍ਹਾਂ ਅਫਸਰਸ਼ਾਹੀ ਤੇ ਸਿਆਸਤਦਾਨਾਂ ਨਾਲ ਮਿਲ ਕੇ ਟੋਲ ਪਲਾਜ਼ਾ ਕੰਪਨੀਆਂ ਅੰਨੀ ਲੁੱਟ ਕਰ ਰਹੀਆਂ ਹਨ।

**ਸੂਬਾ ਸਰਕਾਰਾਂ ਚੁੱਪ:**

ਕੇਂਦਰ ਸਰਕਾਰ ਵਲੋਂ ਕੌਮੀ ਰਾਜ ਮਾਰਗ ਦੇ ਨਾਂਅ ਉੱਪਰ ਸੂਬਿਆਂ ਦੀ ਜ਼ਮੀਨ ਤੇ ਆਮਦਨ ਦੇ ਸੋਮਿਆਂ ਉੱਪਰ ਮਾਰੇ ਜਾ ਰਹੇ ਛਾਪਿਆ ਬਾਰੇ ਸੂਬਾਈ ਸਰਕਾਰਾਂ ਕਦੇ ਉਜ਼ਰ ਵੀ ਨਹੀਂ ਕਰਦੀਆਂ। ਘੱਟੋ-ਘੱਟ ਲੋਕਾਂ ਦੇ ਪੈਸੇ ਨਾਲ ਰਾਜ ਮਾਰਗ ਲਈ ਖ਼ਰੀਦੀਆਂ ਜ਼ਮੀਨਾਂ ਵਾਲੀ ਸੜਕ ਦਾ ਮੁੱਲ ਵੀ ਕਦੇ ਸੂਬਾ ਸਰਕਾਰ ਨੇ ਨਹੀਂ ਮੰਗਿਆ।

## ਅਮਰੀਕਾ-ਮੈਕਸੀਕੋ ਦੀ ਕੰਧ 'ਤੇ ਬਿਜਲੀ ਦੀ ਤਾਰ ਲਗਵਾਉਣਾ ਚਾਹੁੰਦੇ ਸਨ ਟਰੰਪ

ਵਾਸ਼ਿੰਗਟਨ : ਮੈਕਸੀਕੋ ਤੋਂ ਆਉਣ ਵਾਲੇ ਗ਼ੈਰ ਕਾਨੂੰਨੀ ਪਰਵਾਸੀਆਂ ਨੂੰ ਰੋਕਣਾ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਮੁੱਖ ਟੀਚਿਆਂ 'ਚ ਰਿਹਾ ਹੈ। ਮੈਕਸੀਕੋ ਸਰੱਹਦ 'ਤੇ ਕੰਧ ਬਣਾਉਣ ਲਈ ਆਪਣੇ ਚੋਣ ਵਾਅਦੇ ਪੂਰਾ ਕਰਨ ਲਈ ਉਹ ਪੂਰੀ ਕੋਸ਼ਿਸ਼ ਕਰ ਰਹੇ ਹਨ। ਪਰਵਾਸੀਆਂ ਨੂੰ ਰੋਕਣ ਲਈ ਉਹ ਏਨੇ ਕਾਹਲੇ ਸਨ ਕਿ ਉਨ੍ਹਾਂ ਨੇ ਕੰਧ 'ਤੇ ਬਿਜਲੀ ਦੀ ਤਾਰ ਲਗਾਉਣ ਦੀ ਤਜਵੀਜ਼ ਵੀ ਰੱਖੀ ਸੀ ਤਾਂ ਜੋ ਕੋਈ ਉਸ ਨੂੰ ਤੋੜਨ ਦੀ ਕੋਸ਼ਿਸ ਵੀ ਨਾ ਕਰ ਸਕੇ। ਇਕ ਨਿਊਜ਼ ਪੋਰਟਲ ਮੁਤਾਬਕ ਇਸ ਸਾਲ ਮਾਰਚ 'ਚ ਵ੍ਹਾਈਟ ਹਾਊਸ ਦੇ ਸਲਾਹਕਾਰਾਂ ਦੀ ਬੈਠਕ 'ਚ ਟਰੰਪ ਨੇ ਕੰਧ ਦੇ ਇਕ ਪਾਸੇ ਖੱਡ ਪੁੱਟਣ ਤੇ ਉਸ ਦੇ ਪਾਣੀ 'ਚ ਘੜਿਆਲ ਤੇ ਸੱਪ ਛੱਡਣ ਦੀ ਵੀ ਸਲਾਹ ਦਿੱਤੀ ਸੀ।

ਇਸ ਬੈਠਕ ਦੇ ਅਗਲੇ ਦਿਨ ਉਨ੍ਹਾਂ ਨੇ ਦੋ ਹਜ਼ਾਰ ਮੀਲ 'ਚ ਫੈਲੀ ਮੈਕਸੀਕੋ ਸਰਹੱਦ ਨੂੰ ਪੂਰੀ ਤਰ੍ਹਾਂ ਸੀਲਬੰਦ ਕਰਨ ਨੂੰ ਕਿਹਾ ਸੀ। ਨਾਲ ਹੀ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਦੇ ਪੈਰ 'ਤੇ ਗ਼ੋਲੀ ਮਾਰਨ ਦੀ ਸਲਾਹ ਦਿੱਤੀ ਸੀ। ਬੈਠਕ 'ਚ ਸ਼ਾਮਿਲ ਹੋਏ ਵ੍ਹਾਈਟ ਹਾਊਸ ਦੇ ਕਈ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਗੱਲਬਾਤ ਦੇ ਆਧਾਰ 'ਤੇ ਇਹ ਰਿਪੋਰਟ ਤਿਆਰ ਕੀਤੀ ਗਈ ਹੈ। ਇਸ ਮੁਤਾਬਕ ਬੈਠਕ ਸਿਰਫ਼ ਅੱਧਾ ਘੰਟਾ ਚੱਲਣੀ ਸੀ ਪਰ ਪਰਵਾਸੀਆਂ ਦੀਆਂ ਸਮੱਸਿਆਵਾਂ ਨੇ ਗੁੱਸੇ 'ਚ ਆਏ ਟਰੰਪ ਨੂੰ ਸ਼ਾਂਤ ਕਰਵਾਉਣ ਦੇ ਚੱਕਰ 'ਚ ਇਹ ਦੋ ਘੰਟੇ ਚੱਲੀ। ਇਸ ਬੈਠਕ 'ਚ ਤੱਤਕਾਲੀ ਵਿਦੇਸ਼ ਮੰਤਰੀ ਮਾਈਕ ਪੋਂਪੀਓ, ਗ੍ਰਹਿ ਮੰਤਰੀ ਕਰਸਟਨ ਨੀਲਸਨ, ਕਸਟਮ ਐਂਡ ਬਾਰਡਰ ਪ੍ਰੋਟੈਕਸ਼ਨ ਮੁਖੀ ਕੇਵਿਨ ਦੇ ਮੈਕਲੀਨਨ ਤੇ ਰਾਸ਼ਟਰਪਤੀ ਦੇ ਜਵਾਈ ਜੇਰੇਡ ਕੁਸ਼ਨਰ ਸਮੇਤ ਕਈ ਸੀਨੀਅਰ ਅਧਿਕਾਰੀ ਸ਼ਾਮਿਲ ਸਨ। ਗ਼ੈਰ ਕਾਨੂੰਨੀ ਪਰਵਾਸੀਆਂ ਪ੍ਰਤੀ ਨਰਮ ਰੁਖ਼ ਅਪਣਾਉਣ ਲਈ ਟਰੰਪ ਨੀਲਸਨ ਤੇ ਪੋਂਪੀਓ 'ਤੋਂ ਨਾਰਾਜ਼ ਸਨ। ਮੈਕਸੀਕੋ ਨਾਲ ਸਮਝੌਤਾ ਕਰਨ ਲਈ ਉਹ ਪੋਂਪੀਓ 'ਤੇ ਭੜਕ ਪਏ ਸਨ। ਇਸ ਸਮਝੌਤੇ ਤਹਿਤ ਅਮਰੀਕਾ ਕੁਝ ਸ਼ਰਨਾਰਥੀਆਂ ਦੀ ਅਪੀਲ ਖਾਰਜ ਕਰ ਸਕਦਾ ਸੀ। ਓਧਰ ਟਰੰਪ ਸਰਹੱਦ ਨੂੰ ਬੰਦ ਕਰਨ 'ਤੇ ਅੜੇ ਸਨ। ਹਾਲਾਂਕਿ ਨੀਲਸਨ ਦਾ ਕਹਿਣਾ ਸੀ ਕਿ ਇਹ ਪਰਵਾਸੀਆਂ ਦੀ ਸਮੱਸਿਆ ਦਾ ਹੱਲ ਨਹੀਂ ਸੀ। ਬੈਠਕ 'ਚ ਕੁਸ਼ਨਰ ਵੀ ਨੀਲਸਨ ਦੇ ਸਮਰਥਨ 'ਚ ਸਨ।

## ਵਿਦੇਸ਼ਾਂ 'ਚ ਵੀ ਬਾਜ਼ ਨਹੀਂ ਆਉਂਦੇ ਪੰਜਾਬੀ, ਹੁਣ ਯੂਕੇ 'ਚ ਕਾਰਾ

**ਕਈ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ। ਇਸ ਲਈ ਪੂਰੀ ਕੌਮ ਦਾ ਅਕਸ ਖਰਾਬ ਹੋ ਰਿਹਾ ਹੈ। ਤਾਜ਼ਾ ਮਾਮਲਾ ਯੂਕੇ ਦਾ ਹੈ। ਇੱਥੇ ਇੱਕ ਸਿੱਖ ਜੋੜੇ ਖ਼ਿਲਾਫ਼ ਦਾਨ ਦੇ ਫੰਡਾਂ ਵਿੱਚ ਹੇਰਾਫੇਰੀ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਜੋੜੇ ਨੂੰ ਜੁਲਾਈ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ।**

ਲੰਡਨ: ਕਈ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਵੀ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ। ਇਸ ਲਈ ਪੂਰੀ ਕੌਮ ਦਾ ਅਕਸ ਖਰਾਬ ਹੋ ਰਿਹਾ ਹੈ। ਤਾਜ਼ਾ ਮਾਮਲਾ ਯੂਕੇ ਦਾ ਹੈ। ਇੱਥੇ ਇੱਕ ਸਿੱਖ ਜੋੜੇ ਖ਼ਿਲਾਫ਼ ਦਾਨ ਦੇ ਫੰਡਾਂ ਵਿੱਚ ਹੇਰਾਫੇਰੀ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਜੋੜੇ ਨੂੰ ਜੁਲਾਈ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ। ਹਾਸਲ ਜਾਣਕਾਰੀ ਮੁਤਾਬਕ ਰਾਜਬਿੰਦਰ ਕੌਰ (50) ਖ਼ਿਲਾਫ਼ ਮਨੀ ਲਾਂਡਰਿੰਗ ਤੇ 50 ਹਜ਼ਾਰ ਪੌਂਡ ਦੀ ਚੋਰੀ ਤੇ ਕਲਦੀਪ ਸਿੰਘ ਲੈਹਲ ਖਿਲਾਫ਼ ਯੂਕੇ ਵਿੱਚ ਖ਼ੈਰਾਤ ਦੇ ਪੈਸੇ 'ਤੇ ਨਜ਼ਰ ਰੱਖਣ ਵਾਲੇ ਚੈਰਿਟੀ ਕਮਿਸ਼ਨ ਨੂੰ ਝੂਠੀ ਤੇ ਗ਼ਲਤ ਜਾਣਕਾਰੀ ਦੇਣ ਦੇ ਦੋਸ਼ ਆਇਦ ਕੀਤੇ ਗਏ ਹਨ। ਬਰਮਿੰਘਮ ਦਾ ਰਹਿਣਾ ਵਾਲਾ ਇਹ ਜੋੜਾ, ਅਸਲ ਵਿੱਚ ਰਿਸ਼ਤੇ 'ਚ ਭੈਣ-ਭਰਾ ਲੱਗਦਾ ਹੈ। ਇਨ੍ਹਾਂ ਦਾ ਸਬੰਧ ਸਿੱਖ ਯੂਥ ਯੂਕੇ ਨਾਲ ਦੱਸਿਆ ਜਾਂਦਾ ਹੈ ਤੇ ਦੋਵਾਂ ਨੂੰ ਵੈਸਟ ਮਿਡਲੈਂਡਜ਼ ਕਾਊਂਟਰ ਟੈਰਰਿਜ਼ਮ ਯੂਨਿਟ (ਡਬਲਿਊਐਮਸੀਯੂ) ਨੇ 3 ਜੁਲਾਈ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਦੌਰਾਨ ਚੈਰਿਟੀ ਕਮਿਸ਼ਨ ਨੇ ਸਿੱਖ ਯੂਥ ਯੂਕੇ ਖ਼ਿਲਾਫ਼ ਕਾਨੂੰਨ ਜਾਂਚ ਵਿੱਢਣ ਦੀ ਪੁਸ਼ਟੀ ਕੀਤੀ ਹੈ। ਉਧਰ ਬ੍ਰਿਟਿਸ਼ ਸਿੱਖ ਜਥੇਬੰਦੀ ਨੇ ਖੁ ?ਦ ਨੂੰ ਸਮਾਜਿਕ ਅਲਾਮਤਾਂ ਖ਼ਿਲਾਫ਼ ਜਾਗਰੂਕ ਕਰਨ ਵਾਲੀ ਕੌਮੀ ਸੰਸਥਾ ਦੱਸਿਆ ਹੈ।




## ਅਮਰੀਕਾ 'ਚ ਸਰਦੀ ਦਾ ਕਹਿਰ ਸ਼ੁਰੂ, ਐਮਰਜੈਂਸੀ ਲਾਗੂ

ਵਾਸ਼ਿੰਗਟਨ: ਅਮਰੀਕਾ ਵਿਚ ਸਾਲ ਦੇ ਸਤੰਬਰ ਮਹੀਨੇ ਵਿਚ ਹੀ ਸਰਦੀ ਦਾ ਕਹਿਰ ਸ਼ੁਰੂ ਹੋ ਗਿਆ ਹੈ। ਇੱਥੋਂ ਦੇ ਉੱਤਰ-ਪੱਛਮ ਦੇ ਕਈ ਇਲਾਕਿਆਂ ਵਿਚ ਸਰਦੀ ਦੇ ਮੌਸਮ ਨੇ ਸਮੇਂ ਤੋਂ ਪਹਿਲਾਂ ਹੀ ਦਸਤਕ ਦੇ ਦਿੱਤੀ ਹੈ। ਕਈ ਪਹਾੜੀ ਇਲਾਕਿਆਂ ਵਿਚ ਬਰਫੀਲੇ ਤੂਫਾਨ ਨੇ ਬੀਤੇ ਕਈ ਮਹੀਨਿਆਂ ਦਾ ਰਿਕਾਰਡ ਤੋੜ ਦਿੱਤਾ ਹੈ। ਇਸ ਕਾਰਨ ਪ੍ਰਸ਼ਾਸਨ ਨੇ ਮੋਂਟਾਨਾ ਵਿਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਐਤਵਾਰ ਨੂੰ ਸੂਬੇ ਦੇ ਗਵਰਨਰ ਨੇ ਐਮਰਜੈਂਸੀ ਦਾ ਐਲਾਨ ਕਰਦਿਆਂ ਕਿਹਾ, ਇਸ ਬਰਫੀਲੇ ਤੂਫਾਨ ਨੇ ਸਤੰਬਰ ਵਿਚ ਦਸਤਕ ਦੇ ਕੇ ਸਾਡੇ ਰਾਜ ਨੂੰ ਹੈਰਾਨ ਕਰ ਦਿੱਤਾ। ਰਾਜ ਅਤੇ ਸਥਾਨਕ ਸਰਕਾਰਾਂ ਮੋਂਟਾਨਾ ਦੇ ਲੋਕਾਂ ਦੀ ਸਿਹਤ ਅਤੇ ਸੁਰੱਖਿਆ ਲਈ ਮਿਲ ਕੇ ਕੰਮ ਕਰ ਰਹੀਆਂ ਹਨ। ਇੱਥੇ ਦੱਸ ਦਈਏ ਕਿ ਪਹਿਲੀ ਵਾਰ ਇਸ ਇਲਾਕੇ ਵਿਚ ਸਤੰਬਰ ਮਹੀਨੇ ਵਿਚ ਹੀ ਇੰਨੀ ਭਿਆਨਕ ਬਰਫਬਾਰੀ ਹੋ ਰਹੀ ਹੈ। ਰਾਸ਼ਟਰੀ ਮੌਸਮ ਵਿਭਾਗ ਮੁਤਾਬਕ ਕਈ ਇਲਾਕਿਆਂ ਵਿਚ 48 ਇੰਚ ਉੱਚੀ ਬਰਫ ਦੇ ਢੇਰ ਜਮਾਂ ਹੋਏ ਹਨ। ਖਰਾਬ ਮੌਸਮ ਦਾ ਪਹਾੜਾਂ 'ਤੇ ਵਸੇ ਰਾਜਾਂ ਦੇ ਨਾਲ-ਨਾਲ ਵਾਸ਼ਿੰਗਟਨ, ਇਦਾਹੋ, ਨੇਵਾਦਾ ਅਤੇ ਕੈਲੀਫੋਰਨੀਆ ਦੇ ਵੀ ਕਈ ਇਲਾਕਿਆਂ ਵਿਚ ਪ੍ਰਭਾਵ ਪੈ ਰਿਹਾ ਹੈ। ਵਿਭਾਗ ਮੁਤਾਬਕ ਇੱਥੇ ਕਈ ਇਲਾਕਿਆਂ ਵਿਚ ਬਰਫੀਲੇ ਤੂਫਾਨ ਕਾਰਨ ਹਵਾਵਾਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਗਤੀ ਨਾਲ ਚੱਲ ਰਹੀਆਂ ਹਨ।

## ਪ੍ਰਕਾਸ਼ ਪੁਰਬ ਦੇ ਸੰਬੰਧ 'ਚ ਪਾਕਿ ਨੇ 175 ਮੁਲਕਾਂ ਲਈ ਆਲਨਾਈਨ ਵੀਜ਼ਾ ਪੋਰਟਲ ਦੀ ਕੀਤੀ ਸ਼ੁਰੂਆਤ

ਅੰਮ੍ਰਿਤਸਰ : ਲਹਿੰਦੇ ਪੰਜਾਬ ਦੇ ਰਾਜਪਾਲ ਚੌਧਰੀ ਮੁਹੰਮਦ ਸਰਵਰ ਨੇ ਐਲਾਨ ਕੀਤਾ ਹੈ ਕਿ ਪਾਕਿਸਤਾਨ ਸਰਕਾਰ ਵਲੋਂ ਭਾਰਤੀ ਪਾਸਪੋਰਟ ਤੋਂ ਇਲਾਵਾ ਵਿਦੇਸ਼ੀ ਪਾਸਪੋਰਟ ਰੱਖਣ ਵਾਲੇ ਸਿੱਖਾਂ ਨੂੰ 45 ਦਿਨਾਂ ਦਾ ਮਲਟੀਪਲ ਵੀਜ਼ਾ ਜਾਰੀ ਕੀਤਾ ਜਾਵੇਗਾ। ਗਵਰਨਰ ਸਰਵਰ ਨੇ ਘੱਟ ਗਿਣਤੀਆਂ ਦੇ ਮਾਮਲਿਆਂ ਅਤੇ ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਅਜ਼ਾਜ਼ ਆਲਮ ਅਤੇ ਐਮ.ਪੀ.ਏ. ਤੇ ਪਾਰਲੀਮਾਨੀ ਸਕੱਤਰ ਮਹਿੰਦਰਪਾਲ ਸਿੰਘ ਦੀ ਅਗਵਾਈ ਵਾਲੇ ਇੱਕ ਵਫ਼ਦ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਰਵਾਸੀ ਭਾਰਤੀ ਸਿੱਖ, ਜਿਨ੍ਹਾਂ ਕੋਲ ਵਿਦੇਸ਼ੀ ਪਾਸਪੋਰਟ ਹਨ, ਲਈ 45 ਦਿਨਾਂ ਦਾ ਮਲਟੀਪਲ ਐਂਟਰੀ ਵੀਜ਼ਾ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਭਾਰਤੀ ਸਿੱਖ ਮੌਜੂਦਾ ਸਮੇਂ ਵਿਦੇਸ਼ਾਂ ਵਿਚ ਰਹਿ ਰਹੇ ਹਨ ਪਰ ਉਨ੍ਹਾਂ ਦੇ ਪਰਵਾਰ ਭਾਰਤ ਵਿਚ ਰਹਿ ਰਹੇ ਹਨ ਉਹ ਵੀ ਇਸ ਸਹੂਲਤ ਦਾ ਲਾਭ ਲੈ ਸਕਣਗੇ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਪਰਵਾਸੀ ਭਾਰਤੀ ਸਿੱਖਾਂ ਲਈ ਪਾਕਿ ਸਥਿਤ ਗੁਰਦੁਆਰਾ ਸਾਹਿਬਾਨ ਦੇ ਦਰਸ਼ਨਾਂ ਹਿਤ ਉਚ ਪੱਧਰੀ ਬਸ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਉਧਰ ਪਾਕਿਸਤਾਨ ਗ੍ਰਹਿ ਮੰਤਰਾਲੇ ਦੇ ਸੈਕਸ਼ਨ ਅਫ਼ਸਰ ਮੁਹੰਮਦ ਸਲਮਾਨ ਮਲਿਕ ਨੇ ਪਾਕਿ ਦੀਆਂ ਸੁਰੱਖਿਆ ਅਤੇ ਖੁਫ਼ੀਆ ਏਜੰਸੀਆਂ ਨੂੰ ਨੋਟੀਫਿਕੇਸ਼ਨ ਜਾਰੀ ਕਰਦਿਆਂ ਦੱਸਿਆ ਕਿ ਮੰਤਰਾਲੇ ਨੇ 175 ਮੁਲਕਾਂ ਲਈ ਆਲਨਾਈਨ ਵੀਜ਼ਾ ਪੋਰਟਲ ਦੀ ਸ਼ੁਰੂਆਤ ਕੀਤੀ ਹੈ। ਇਸ ਨਾਲ ਉਨ੍ਹਾਂ ਵਪਾਰੀਆਂ ਅਤੇ ਸੈਰ ਸਪਾਟਾ ਦੇ ਚਾਹਵਾਨਾਂ ਨੂੰ ਭਾਰੀ ਲਾਭ ਪੁੱਜੇਗਾ ਜੋ ਵੱਖ ਵੱਖ ਉਦੇਸ਼ਾਂ ਲਈ ਪਾਕਿਸਤਾਨ ਆਉਣਾ ਚਾਹੁੰਦੇ ਹਨ।

## ਬੇਅੰਤ ਸਿੰਘ ਦੇ ਪੋਤੇ ਮੋਦੀ ਵਲੋਂ ਰਾਜੋਆਣਾ ਨੂੰ ਮਿਲਣ ਵਾਲੀ ਰਾਹਤ ਤੋਂ ਭੜਕੇ

ਚੰਡੀਗੜ੍ਹ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਕੇਂਦਰ ਸਰਕਾਰ ਵੱਲੋਂ 8 ਸਿੱਖ ਕੈਦੀਆਂ ਦੀ ਰਿਹਾਈ ਤੇ ਇੱਕ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਫੈਸਲਾ ਸੁਣਾਇਆ ਹੈ। ਇਸ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕੀਤੀ ਗਈ ਹੈ। ਹੁਣ ਲੁਧਿਆਣਾ ਤੋਂ ਕਾਂਗਰਸੀ ਸਾਂਸਦ ਰਵਨੀਤ ਸਿੰਘ ਬਿੱਟੂ ਨੇ ਇਸ ਗੱਲ 'ਤੇ ਸਖ਼ਤ ਵਿਰੋਧ ਜਤਾਇਆ ਹੈ। ਉਨ੍ਹਾਂ ਇਸ ਲਈ ਕੇਂਦਰ ਦੀ ਮੋਦੀ ਸਰਕਾਰ ਨੂੰ ਵੀ ਘੇਰਿਆ ਹੈ। ਬਿੱਟੂ ਨੇ ਸਾਫ ਸ਼ਬਦਾਂ ਵਿੱਚ ਕਿਹਾ ਹੈ ਕਿ ਜੇ ਕੇਂਦਰ ਸਰਕਾਰ ਵੱਲੋਂ ਬਲਵੰਤ ਸਿੰਘ ਰਾਜੋਆਣਾ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਿਆ ਗਿਆ ਤਾਂ ਇਸ ਤੋਂ ਸਾਫ ਤੌਰ 'ਤੇ ਪੀਐਮ ਮੋਦੀ ਨੂੰ ਰਾਸ਼ਟਰਵਾਦ ਨੂੰ ਲੈ ਕੇ ਸੋਚ ਝੂਠੀ ਸਾਬਤ ਹੋ ਜਾਏਗੀ, ਜਿਨ੍ਹਾਂ ਸੰਯੁਕਤ ਰਾਸ਼ਟਰ ਵਿੱਚ ਅੱਤਵਾਦ ਖ਼ਿਲਾਫ਼ ਜ਼ਬਰਦਸਤ ਰੋਸ ਜਤਾਇਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਵੀ ਇਸ ਦਾ ਵਿਰੋਧ ਕਰਦਾ ਹੈ। ਬਿੱਟੂ ਨੇ ਦੱਸਿਆ ਕਿ ਰਾਜੋਆਣਾ ਉਨ੍ਹਾਂ ਦੇ ਦਾਦਾ ਤੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਾਤਲ ਹੈ। ਜੇ ਉਸ ਨੂੰ ਉਮਰ ਕੈਦ ਮਿਲੀ ਤਾਂ ਉਹ ਪੈਰੋਲ 'ਤੇ ਰਿਹਾਅ ਹੋ ਜਾਏਗਾ। ਇਸ ਨਾਲ ਸੂਬੇ ਦਾ ਮਾਹੌਲ ਖਰਾਬ ਹੋ ਸਕਦਾ ਹੈ। ਉਨ੍ਹਾਂ ਸਾਰੇ ਬੀਜੇਪੀ ਲੀਡਰਾਂ ਨੂੰ ਸਵਾਲ ਕੀਤਾ ਹੈ ਕਿ ਕੀ ਉਹ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਦੇ ਹੱਕ ਵਿੱਚ ਹਨ ?

# ਸਿੱਖਾਂ ਦੀ ਕਾਲੀ ਸੂਚੀ ਰੱਦ ਕਰਨ ਦਾ ਐਲਾਨ ਅਤੇ ਮੋਦੀ ਦੀ ਅਮਰੀਕਾ ਫੇਰੀ ਵਿਚਲਾ ਸਬੰਧ



ਬੀਤੇ ਦਿਨੀਂ ਭਾਰਤ ਸਰਕਾਰ ਵੱਲੋਂ ਐਲਾਨ ਕੀਤਾ ਗਿਆ ਕਿ ਵਿਦੇਸ਼ਾਂ ਵਿੱਚ ਰਹਿੰਦੇ ਸਿੱਖਾਂ ਦੀ ਬਣਾਈ ਕਾਲੀ ਸੂਚੀ ਵਿੱਚ ਸ਼ਾਮਿਲ 314 ਨਾਵਾਂ ਵਿੱਚੋਂ 312 ਨਾਂ ਕੱਟ ਦਿੱਤੇ ਗਏ ਹਨ। ਹਲਾਂਕਿ ਇਹ ਬਿਆਨ ਕੋਈ ਨਵਾਂ ਨਹੀਂ ਹੈ। ਬਹੁਤ ਵਾਰ ਪਹਿਲਾਂ ਵੀ ਅਜਿਹੇ ਬਿਆਨ ਆ ਚੁੱਕੇ ਹਨ ਤੇ ਕਦੇ ਵੀ ਇਸ ਕਾਲੀ ਸੂਚੀ ਨੂੰ ਜਨਤਕ ਨਹੀਂ ਕੀਤਾ ਗਿਆ। ਇਸ ਵਾਰ ਭਾਰਤ ਸਰਕਾਰ ਵੱਲੋਂ ਆਏ ਬਿਆਨ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਫੇਰੀ ਨਾਲ ਜੋੜ ਕੇ ਦੇਖਿਆ ਜਾਣਾ ਚਾਹੀਦਾ ਹੈ। ਅਮਰੀਕਾ ਦੇ ਦੌਰੇ ਦੌਰਾਨ ਸਿੱਖਾਂ ਵੱਲੋਂ ਕਸ਼ਮੀਰੀਆਂ ਨਾਲ ਮਿਲ ਕੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੀਆਂ ਘੱਟਗਿਣਤੀ ਨੀਤੀਆਂ ਵਿਰੁੱਧ ਵੱਡੇ ਰੋਸ ਮੁਜ਼ਾਹਰੇ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਅਜਿਹੇ ਵਿੱਚ ਭਾਰਤੀ ਖੂਫੀਆ ਤੰਤਰ ਦੀਆਂ ਜਾਣਕਾਰੀਆਂ ਦੇ ਹਿਸਾਬ-ਕਿਤਾਬ ਤੋਂ ਇਹ ਕਾਲੀ ਸੂਚੀ ਰੱਦ ਕਰਨ ਦੀ ਖਬਰ ਜਾਰੀ ਕੀਤੀ ਗਈ ਤਾਂ ਕਿ ਅਮਰੀਕਾ ਦੇ ਸਿੱਖਾਂ ਦੇ ਕੁੱਝ ਹਿੱਸੇ ਨੂੰ ਇਸ ਐਲਾਨ ਨਾਲ ਪ੍ਰਭਾਵਿਤ ਕਰਕੇ ਮੋਦੀ ਖਿਲਾਫ ਵਿਰੋਧ ਪ੍ਰਦਰਸ਼ਨਾਂ ਤੋਂ ਦੂਰ ਕੀਤਾ ਜਾਵੇ। ਹਲਾਂਕਿ ਇਸ ਤੋਂ ਇਲਾਵਾ ਇਸ ਕਦਮ ਦੇ ਹੋਰ ਵੀ ਪਹਿਲੂ ਹੋਣਗੇ ਜਿਹਨਾਂ ਬਾਰੇ ਵਿਚਾਰ ਹੋਣੀ ਚਾਹੀਦੀ ਹੈ।

**2011 ਵਿੱਚ ਕਾਂਗਰਸ ਸਰਕਾਰ ਨੇ ਕੱਢੇ ਕਾਲੀ ਸੂਚੀ ਵਿੱਚੋਂ ਨਾਂ**

2001 ਮਗਰੋਂ ਤਕਰੀਬਨ 10 ਸਾਲਾਂ ਬਾਅਦ 2011 ਵਿੱਚ ਕਾਂਗਰਸ ਦੀ ਕੇਂਦਰੀ ਸਰਕਾਰ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਕਾਂਗਰਸ ਦੇ ਨਜ਼ਦੀਕੀ ਪਰਮਜੀਤ ਸਿੰਘ ਸਰਨਾ ਨੇ ਅਖਬਾਰੀ ਬਿਆਨ ਜਾਰੀ ਕੀਤਾ ਕਿ ਉਹਨਾਂ ਵੱਲੋਂ ਪਾਈ ਰਿਟ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਲੀ ਹਾਈ ਕੋਰਟ ਵੱਲੋਂ 9 ਫਰਵਰੀ, 2011 ਨੂੰ ਕੀਤੀਆਂ ਹਦਾਇਤਾਂ ਮੁਤਾਬਿਕ ਭਾਰਤ ਸਰਕਾਰ ਨੇ ਕਾਲੀ ਸੂਚੀ ਵਿੱਚੋਂ 117 ਸਿੱਖਾਂ ਦੇ ਨਾਂ ਕੱਟ ਦਿੱਤੇ ਹਨ।

**ਵੱਖ-ਵੱਖ ਸਮੇਂ ਵੱਖ-ਵੱਖ ਅੰਕੜਿਆਂ ਵਾਲੀਆਂ ਕਾਲੀਆਂ ਸੂਚੀਆਂ ਰੱਦ ਕੀਤੀਆਂ ਗਈਆਂ**

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਦੇਵ ਸਿੰਘ ਢੀਂਡਸਾ ਜਦੋਂ 2001 ਵਿੱਚ ਅਟਲ ਬਿਹਾਰੀ ਵਾਜਪਾਈ ਦੇ ਪ੍ਰਧਾਨ ਮੰਤਰੀ ਹੁੰਦਿਆਂ ਭਾਰਤ ਸਰਕਾਰ ਵਿੱਚ ਮੰਤਰੀ ਸਨ ਤਾਂ ਉਹਨਾਂ ਜੂਨ ਮਹੀਨੇ ਦਾਅਵਾ ਕੀਤਾ ਸੀ ਕਿ ਕੇਂਦਰ ਵੱਲੋਂ ਬਣਾਈ ਗਈ ਕਾਲੀ ਸੂਚੀ ਵਿੱਚ 196 ਸਿੱਖਾਂ ਦੇ ਨਾਮ ਸ਼ਾਮਿਲ ਹਨ। ਉਹਨਾਂ ਦਾਅਵਾ ਕੀਤਾ ਸੀ ਕਿ ਇਸ ਤੋਂ ਪਹਿਲਾਂ 1500 ਸਿੱਖਾਂ ਦੇ ਨਾਮ ਸ਼ਾਮਲ ਸਨ ਜਿਸ ਨੂੰ ਐਨਡੀਏ (ਵਾਜਪਾਈ) ਸਰਕਾਰ ਨੇ ਘਟਾਇਆ ਸੀ। ਇਸ ਤੋਂ ਦੋ ਮਹੀਨੇ ਬਾਅਦ 2001 ਵਿੱਚ ਹੀ ਸਤੰਬਰ ਮਹੀਨੇ ਖਬਰਾਂ ਆਈਆਂ ਸਨ ਕਿ ਸਿੱਖਾਂ ਦੀ ਕਾਲੀ ਸੂਚੀ ਦੀ ਮੁੜ ਨਜ਼ਰਸਾਨੀ ਮਗਰੋਂ ਇਸ ਵਿੱਚ 50 ਸਿੱਖਾਂ ਦੇ ਨਾਮ ਰਹਿ ਗਏ ਹਨ। ਇਸ ਜਾਣਕਾਰੀ ਨੂੰ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਅਤੇ ਕੌਮੀ ਘੱਟਗਿਣਤੀ ਕਮਿਸ਼ਨ ਨਾਲ ਸਾਂਝਾ ਕੀਤਾ ਸੀ।

**ਮਾਰਚ 2016 ਵਿੱਚ ਹੋਰ 21 ਨਾਂ ਕੱਢਣ ਦੀ ਖਬਰ ਆਈ**

2011 ਤੋਂ ਬਾਅਦ ਮਾਰਚ 2016 ਵਿੱਚ ਇੱਕ ਹੋਰ ਖਬਰ ਆਈ ਕਿ ਭਾਰਤ ਸਰਕਾਰ ਨੇ ਸਿੱਖਾਂ ਦੀ ਕਾਲੀ ਸੂਚੀ ਵਿੱਚੋਂ 21 ਹੋਰ ਨਾਂ ਕੱਢ ਦਿੱਤੇ ਹਨ।

**ਅੰਕੜਿਆਂ ਦੀ ਉਲਝੀ ਤਾਣੀ**

ਇਹਨਾਂ ਉਪਰੋਕਤ ਅੰਕੜਿਆਂ ਤੋਂ ਇੱਕ ਗੱਲ ਸਾਫ ਹੈ ਕਿ ਸਿੱਖਾਂ ਦੀ ਇਹ ਕਾਲੀ ਸੂਚੀ ਨਾ ਖਤਮ ਹੋਣ ਵਾਲਾ ਭਾਰਤੀ ਦਸਤਾਵੇਜ ਹੈ ਪਰ ਭਾਰਤੀ ਰਾਜ ਸੱਤਾ ਸਿੱਖਾਂ ਵਿਚਲੇ ਆਪਣੇ ਝੰਡਾਬਰਦਾਰਾਂ ਨੂੰ ਸਥਾਪਤ ਕਰਨ ਲਈ ਸਮੇਂ ਪਰ ਸਮੇਂ ਇਸ ਕਾਲੀ ਸੂਚੀ ਨੂੰ ਉਹਨਾਂ ਦੀ ਥਾਂ ਬਣਾਉਣ ਲਈ ਵਰਤਦੀ ਹੈ। ਇਸ ਸੂਚੀ ਵਿੱਚ ਨਾਂ ਲਗਾਤਾਰ ਕੱਢੇ ਅਤੇ ਸ਼ਾਮਿਲ ਕੀਤੇ ਜਾ ਰਹੇ ਹਨ ਤੇ ਭਾਰਤੀ ਖੂਫੀਆ ਤੰਤਰ ਸਿੱਖਾਂ ਹੱਕਾਂ ਲਈ ਬੋਲਣ ਵਾਲੇ ਸਿੱਖਾਂ 'ਤੇ ਮਾਨਸਿਕ ਪ੍ਰਭਾਵ ਪਾਉਣ ਲਈ ਇਸ ਕਾਲੀ ਸੂਚੀ ਨੂੰ ਲਗਾਤਾਰ ਵਰਤਦੀਆਂ ਹਨ।

ਇੱਕ ਨਹੀਂ ਕਈ ਕਾਲੀਆਂ ਸੂਚੀਆਂ ਦੀ ਹੈ ਕਹਾਣੀ ਆਮ ਤੌਰ 'ਤੇ ਸਰਕਾਰੀ ਬਿਆਨ ਵਿੱਚ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਿੱਖਾਂ ਦੀ ਕਾਲੀ ਸੂਚੀ ਵਿੱਚੋਂ ਨਾਂ ਕੱਢ ਦਿੱਤੇ ਗਏ। ਪਰ ਘੋਖ ਕੀਤਿਆਂ ਪਤਾ ਲਗਦਾ ਹੈ ਕਿ ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਇੱਕ ਕੇਂਦਰੀ ਕਾਲੀ ਸੂਚੀ ਤੋਂ ਇਲਾਵਾ ਹਰ ਦੇਸ਼ ਦੇ ਭਾਰਤੀ ਐਂਬੇਸੀ ਨੇ ਸਿੱਖਾਂ ਦੀ ਇੱਕ ਆਪਣੀ ਕਾਲੀ ਸੂਚੀ ਬਣਾਈ ਹੈ। ਇਸ ਸੂਚੀ ਵਿੱਚ ਸ਼ਾਮਿਲ ਸਿੱਖਾਂ ਨੂੰ ਭਾਰਤੀ ਨਿਜ਼ਾਮ ਵੱਲੋਂ ਹਰ ਬਣਦੇ ਤਰੀਕੇ ਨਾਲ ਤੰਗ ਕਰਕੇ ਮਾਨਸਿਕ ਤੌਰ 'ਤੇ ਸੰਘਰਸ਼ ਨਾਲੋਂ ਤੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਕੀ ਹੈ ਕਾਲੀ ਸੂਚੀ ?**

ਭਾਰਤੀ ਫੌਜਾਂ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਤੋਂ ਬਾਅਦ ਸਿੱਖ ਅਜ਼ਾਦ ਦੇਸ਼ ਖਾਲਿਸਤਾਨ ਦੀ ਪ੍ਰਾਪਤੀ ਲਈ ਚੱਲੇ ਹਥਿਆਰਬੰਦ ਸੰਘਰਸ਼ ਦੇ ਦੌਰ ਦੌਰਾਨ ਭਾਰਤ ਸਰਕਾਰ ਵੱਲੋਂ ਇਸ ਕਾਲੀ ਸੂਚੀ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਇਸ ਸੂਚੀ ਵਿੱਚ ਭਾਰਤ ਸਰਕਾਰ ਦੀਆਂ ਖੂਫੀਆ ਅਜੈਂਸੀਆਂ ਵੱਲੋਂ ਦਿੱਤੀ ਜਾਣਕਾਰੀ ਦੇ ਅਧਾਰ 'ਤੇ ਉਹਨਾਂ ਸਿੱਖਾਂ ਦੇ ਨਾਂ ਸ਼ਾਮਿਲ ਕੀਤੇ ਜਾਂਦੇ ਹਨ ਜਿਹੜੇ ਵਿਦੇਸ਼ਾਂ ਦੀ ਧਰਤੀ 'ਤੇ ਰਹਿੰਦਿਆਂ ਪੰਜਾਬ ਵਿੱਚ ਸਿੱਖਾਂ ਖਿਲਾਫ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਖਿਲਾਫ ਬੋਲਦੇ ਹਨ ਤੇ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਂਦੇ ਹਨ ਜਾਂ ਉਹਨਾਂ ਦੀ ਅਗਵਾਈ ਕਰਦੇ ਹਨ। ਹਲਾਂਕਿ ਭਾਰਤ ਸਰਕਾਰ ਵੱਲੋਂ ਅੱਜ ਤੱਕ ਕਦੇ ਵੀ ਇਸ ਕਾਲੀ ਸੂਚੀ ਨੂੰ ਜਨਤਕ ਨਹੀਂ ਕੀਤਾ ਗਿਆ ਅਤੇ ਨਾਂ ਹੀ ਇਸ ਵਿੱਚ ਕਿੰਨੇ ਲੋਕਾਂ ਦੇ ਨਾਂ ਦਰਜ ਹਨ ਇਸ ਬਾਰੇ ਸਹੀ ਜਾਣਕਾਰੀ ਦਿੱਤੀ ਗਈ।

# ਪਾਕਿਸਤਾਨ ਦਾ ਨਵਾਂ ਦਾਅ ! ਮੋਦੀ ਨੂੰ ਛੱਡ ਡਾ. ਮਨਮੋਹਨ ਸਿੰਘ ਨੂੰ ਘੱਲਿਆ ਸੱਦਾ

**ਗੁਆਂਢੀ ਮੁਲਕ ਵਿੱਚ ਬਣ ਰਹੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਪਾਕਿਸਤਾਨ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਰਸਮੀ ਤੌਰ 'ਤੇ ਸੱਦਾ ਭੇਜਿਆ ਹੈ। ਪਾਕਿਸਤਾਨ ਦਾ ਤਰਕ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸਿੱਖ ਸਮਾਜ ਦੀ ਪ੍ਰਤੀਨਿਧਤਾ ਕਰਦੇ ਹਨ।**

ਚੰਡੀਗੜ੍ਹ: ਭਾਰਤ-ਪਾਕਿਸਤਾਨ ਦੇ ਵਧਦੇ ਤਣਾਅ ਦੇ ਚੱਲਦਿਆਂ ਪਾਕਿਸਤਾਨ ਨੇ ਨਵਾਂ ਦਾਅ ਖੇਡਿਆ ਹੈ।



ਗੁਆਂਢੀ ਮੁਲਕ ਵਿੱਚ ਬਣ ਰਹੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਲਈ ਪਾਕਿਸਤਾਨ ਨੇ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਰਸਮੀ ਤੌਰ 'ਤੇ ਸੱਦਾ ਭੇਜਿਆ ਹੈ। ਪਾਕਿਸਤਾਨ ਦਾ ਤਰਕ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਸਿੱਖ ਸਮਾਜ ਦੀ ਪ੍ਰਤੀਨਿਧਤਾ ਕਰਦੇ ਹਨ। ਵੇਖਣ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਨੇ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਛੱਡ ਸਾਬਕਾ ਪ੍ਰਧਾਨ ਮੰਤਰੀ ਨੂੰ ਪਹਿਲਾਂ ਸੱਦਾ ਦੇਣ ਨੂੰ ਤਰਜੀਹ ਦਿੱਤੀ। ਹਾਲਾਂਕਿ ਇਸ ਪਿੱਛੇ ਉਨ੍ਹਾਂ ਦੇ ਸਿੱਖ ਹੋਣ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਵੇਖਣਾ ਹੋਏਗਾ ਕਿ ਸਾਬਕਾ ਪੀਐਮ ਡਾ. ਮਨਮੋਹਨ ਸਿੰਘ ਪਾਕਿਸਤਾਨ ਦਾ ਸੱਦਾ ਮਨਜ਼ੂਰ ਕਰਕੇ ਪਾਕਿਸਤਾਨ ਜਾਂਦੇ ਹਨ ਜਾਂ ਮੋਦੀ ਨੂੰ ਵੀ ਸੱਦਾ ਮਿਲਣ ਦੀ ਉਡੀਕ ਕਰਦੇ ਹਨ। ਪਾਕਿਸਤਾਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਾਵਨ ਧਰਤੀ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਨਵੰਬਰ ਮਹੀਨੇ ਵਿੱਚ ਕਰਤਾਰਪੁਰ ਲਾਂਘਾ ਖੋਲ੍ਹਿਆ ਜਾਏਗਾ। ਦੋਵਾਂ ਮੁਲਕਾਂ ਵਾਸੇ ਪਾਸੇ ਜ਼ੋਰਾਂ-ਸ਼ੋਰਾਂ 'ਤੇ ਨਿਰਮਾਣ ਕਾਰਜ ਚੱਲ ਰਹੇ ਹਨ। ਪਿਛਲੇ ਦਿਨੀਂ ਪਾਕਿਸਤਾਨ ਨੇ 90 ਫੀਸਦੀ ਕੰਮ ਮੁਕੰਮਲ ਹੋਣ ਦਾ ਦਾਅਵਾ ਕੀਤਾ ਸੀ ਜਿਸ ਤੋਂ ਬਾਅਦ ਭਾਰਤ ਵਾਲੇ ਪਾਸੇ ਵੀ ਕੰਮ ਹੋਰ ਤੇਜ਼ ਕਰ ਦਿੱਤਾ ਗਿਆ ਸੀ।







# ਅਮਰੀਕਾ: ਸਿੱਖ ਪੁਲਿਸ ਅਧਿਕਾਰੀ ਨੂੰ ਡਿਊਟੀ ਦੌਰਾਨ ਲੱਗੀਆਂ ਗੋਲੀਆਂ, ਹੋਈ ਮੌਤ

ਅਮਰੀਕਾ ਵਿੱਚ ਇੱਕ ਸਿੱਖ ਪੁਲਿਸ ਅਧਿਕਾਰੀ ਦੀ ਡਿਊਟੀ ਦੌਰਾਨ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ ਹੈ। ਸੀਨੀਅਰ ਅਧਿਕਾਰੀ ਮੁਤਾਬਕ, ਅਮਰੀਕਾ ਦੇ ਟੈਕਸਸ ਸੂਬੇ ਵਿੱਚ ਭਾਰਤੀ ਮੂਲ ਦੇ ਅਮਰੀਕੀ ਸਿੱਖ ਅਧਿਕਾਰੀ ਦੀ ਟਰੈਫਿਕ ਰੋਕਣ ਦੌਰਾਨ ਗੋਲੀਆਂ ਲੱਗਣ ਕਾਰਨ ਮੌਤ ਹੋ ਗਈ ਹੈ। ਖ਼ਬਰ ਏਜੰਸੀ ਪੀਟੀਆਈ ਮੁਤਾਬਕ ਸ਼ੈਰਿਫ਼ ਈਡੀ ਗੌਂਜ਼ਾਲੇਜ਼ ਨੇ ਦੱਸਿਆ ਕਿ ਕਰੀਬ 40 ਸਾਲਾ ਸਿੱਖ ਹੈਰਿਸ ਕਾਊਂਟੀ ਸ਼ੈਰਿਫ ਦੇ ਡਿਪਟੀ ਸੰਦੀਪ ਸਿੰਘ ਧਾਲੀਵਾਲ ਨੂੰ ਟਰੈਫਿਕ ਰੋਕਣ ਦੌਰਾਨ ਬੇਰਹਿਮੀ ਨਾਲ ਗੋਲੀਆਂ ਮਾਰੀਆਂ ਗਈਆਂ। ਈਡੀ ਗੌਂਜ਼ਾਲੇਜ਼ ਦਾ ਕਹਿਣਾ ਹੈ, 10 ਸਾਲ ਤੋਂ ਪੁਲਿਸ ਵਿੱਚ ਨੌਕਰੀ ਕਰ ਰਹੇ ਸੰਦੀਪ ਧਾਲੀਵਾਲ ਨੇ ਇੱਕ ਗੱਡੀ ਨੂੰ ਰੋਕਿਆ, ਜਿਸ ਵਿੱਚ ਇੱਕ ਔਰਤ ਤੇ ਮਰਦ ਬੈਠੇ ਹੋਏ ਸਨ ਅਤੇ ਉਨ੍ਹਾਂ ਵਿੱਚੋਂ ਇੱਕ ਨੇ ਬਾਹਰ ਨਿਕਲ ਕੇ ਬੇਰਹਿਮੀ ਨਾਲ ਘੱਟੋ-ਘੱਟ ਦੋ ਵਾਰ ਗੋਲੀਆਂ ਚਲਾਈਆਂ। ਅਧਿਕਾਰੀਆਂ ਮੁਤਾਬਕ ਗੋਲੀ ਚਲਾਉਣ ਵਾਲੇ ਨੂੰ ਨੇੜਲੇ ਸ਼ਾਪਿੰਗ ਸੈਂਟਰ ਵੱਲ ਭੱਜਦਿਆਂ ਦੇਖਿਆ ਗਿਆ ਅਤੇ ਸੰਦੀਪ ਦੇ ਡੈਸ਼ਕੈਮਰੇ 'ਚੋਂ ਦੇਖ ਕੇ ਗੋਲੀਆਂ ਚਲਾਉਣ ਵਾਲੇ ਦੀ ਪਛਾਣ ਕਰ ਲਈ ਗਈ ਸੀ। ਈਡੀ ਗੌਂਜ਼ਾਲੇਜ਼ ਦਾ ਕਹਿਣਾ ਹੈ, "ਸੰਦੀਪ ਦੇ ਡੈਸ਼ਕੈਮਰੇ ਵਿੱਚੋਂ ਤੁਰੰਤ ਸ਼ੱਕੀ ਦੀ ਪਛਾਣ ਕੀਤੀ ਗਈ ਅਤੇ ਉਸ ਦੀ ਤਸਵੀਰ ਖਿੱਚ ਕੇ ਵਿਭਾਗ ਦੇ ਲੋਕਾਂ ਨੂੰ ਭੇਜ ਦਿੱਤੀ ਗਈ ਸੀ।" ਅਧਿਕਾਰੀਆਂ ਮੁਤਾਬਕ ਮੁਲਜ਼ਮ ਦੀ ਗੱਡੀ ਮਿਲ ਗਈ ਅਤੇ ਉਸ ਦੀ ਜਾਂਚ ਕੀਤੀ ਜਾ ਰਹੀ ਹੈ। ਮੁਲਜ਼ਮ ਅਤੇ ਔਰਤ ਦੋਵਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਸੰਦੀਪ ਨੇ ਤਿੰਨ ਬੱਚੇ ਹਨ। ਕਮਿਸ਼ਨਰ ਐਡਰੀਆਨ ਗਰਸ਼ੀਆ ਮੁਤਾਬਕ, "ਸੰਦੀਪ ਇੱਕ ਮਾਰਗ ਦਰਸ਼ਕ ਵਾਂਗ ਸਨ, ਜੋ ਕਈਆਂ ਲਈ ਮਿਸਾਲ ਬਣ ਗਏ ਸਨ। ਉਹ ਆਪਣੇ ਭਾਈਚਾਰੇ ਦੀ ਸਤਿਕਾਰ ਅਤੇ ਮਾਣ ਨਾਲ ਅਗਵਾਈ ਕਰਦੇ ਸਨ।" ਗੌਂਜ਼ਾਲੇਜ਼ ਕਹਿੰਦੇ ਹਨ ਸੰਦੀਪ ਨੇ ਹਮੇਸ਼ਾ ਮਦਦ ਲਈ ਅੱਗੇ ਰਹਿੰਦੇ ਸਨ। ਸਾਲ 2015 ਤੋਂ ਲੈ ਕੇ ਸੰਦੀਪ ਧਾਲੀਵਾਲ ਟੈਕਸਸ ਵਿੱਚ ਇੱਕ 'ਇਤਿਹਾਸ ਰਚਣ ਵਾਲੇ' ਪੁਲਿਸ ਅਧਿਕਾਰੀ ਸਨ ਜਿਨ੍ਹਾਂ ਨੇ ਆਪਣੇ ਸਿੱਖੀ ਸਰੂਪ ਸਣੇ ਆਪਣੀਆਂ ਸੇਵਾਵਾਂ ਨਿਭਾਈਆਂ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਇਸ ਘਟਨਾ 'ਤੇ ਦੁਖ ਜ਼ਾਹਿਰ ਕੀਤਾ ਹੈ। ਉਨ੍ਹਾਂ ਟਵੀਟ ਕੀਤਾ, "ਸੰਦੀਪ ਨੇ ਪਹਿਲੇ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਵਜੋਂ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕੀਤੀ। ਮੇਰੀ ਉਸਦੇ ਪਰਿਵਾਰ ਨਾਲ ਹਮਦਰਦੀ ਹੈ।" ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਇਸ ਘਟਨਾ ਉੱਤੇ ਦੁਖ ਜ਼ਾਹਿਰ ਕੀਤਾ ਹੈ। ਉਨ੍ਹਾਂ ਲਿਖਿਆ ਕਿ ਸੰਦੀਪ ਨੂੰ ਹਰ ਜਾਨਣ ਵਾਲੀ ਪਿਆਰ ਤੇ ਸਤਕਾਰ ਕਰਦਾ ਸੀ ਮੈਨੂੰ ਆਸ ਹੈ ਕਿ ਕਾਤਲਾਂ ਨੂੰ ਆਪਣੀ ਕਰਨੀ ਦਾ ਫਲ ਜ਼ਰੂਰ ਮਿਲੇਗਾ

















# ਕਲਮ

ਕਿਸੇ ਧੀ ਭੈਣ ਦੀ ਇੱਜਤ, ਬੱਸ 'ਚ ਲੁੱਟੀ ਜਾਂਦੀ ਏ।
ਵਿੱਚ ਸਦਮੇ ਦੇ, ਮਾਂ ਦੀ ਅਰਥੀ ਉੱਠੀ ਜਾਂਦੀ ਏ।
ਕਾਇਰਾਂ ਦੇ ਸੰਗ ਰਲਕੇ, ਤੂੰ ਵੀ ਕਾਇਰ ਬਣ ਗਿਆ ਏ।
ਨਾਲ ਜੁਲਮ ਦੇ, ਟੱਕਰ ਲੈਣ ਤੋਂ ਕਾਹਤੋਂ ਡਰਦਾ।
ਕਲਮ ਮੇਰੀ ਹੈ ਲੜਦੀ, ਮੇਰੇ ਨਾਲ ਵਾਂਗ ਵਕੀਲਾਂ
ਤੂੰ ਦੁੱਖ ਦਿਲਾਂ ਦੇ, ਕਿਉਂ ਨਹੀਂ ਲਿਖਦਾ ਬੇਦਰਦਾਂ।
ਜਦ ਗਭੱਰੂ ਪੁੱਤ ਜਵਾਨ ਕਿਸੇ ਦਾ, ਨਸ਼ੇ ਤੇ ਲੱਗ ਜਾਂਦਾ।
ਮਾਪਿਆ ਦੀਆਂ ਉਮੀਦਾ ਤੇ, ਫਿਰ ਪਾਣੀ ਵੱਗ ਜਾਂਦਾ।
ਗੱਭਰੂ ਪੁੱਤ ਦੀ ਚਿਖਾ ਨੂੰ ਬਾਪੂ ਅੱਗ ਜਦ ਲਾਉਦਾ ਏ,
ਉਹ ਜਾਣੇ ਜਾਂ ਰੱਬ ਜਾਣੇ ਕਿਵੇਂ ਦਿਲ ਤੇ ਜਰਦਾ।
ਕਲਮ ਮੇਰੀ ਹੈ
ਜੇ ਨਾਂ ਚਮਕਾਉਣਾ ਆਪਣਾ, ਤਾਂ ਮੁੱਲ ਵਿਕਣਾ ਛੱਡ ਦੇ ਤੂੰ।
ਬੇਮਤਲਬ ਦੀਆਂ ਗੱਲਾਂ ਨੂੰ ਬੱਸ ਲਿਖਣਾ ਛੱਡ ਦੇ ਤੂੰ।
ਝੂਠਾ—ਮੂਠਾ ਲਿਖ, ਗਰਭੈ ਮਕਬੂਲ ਨਹੀਂ ਹੋ ਸਕਦਾ।
ਸੱਚ ਲਿਖਦਾ ਜੋ, ਸਭ ਦੇ ਦਿਲ ਤੇ ਰਾਜ ਹੋ ਸਕਦਾ।
ਕਲਮ ਮੇਰੀ ਹੈ, ਲੜਦੀ ਮੇਰੇ ਨਾਲ ਵਾਂਗ ਵਕੀਲਾਂ
ਤੂੰ ਦੁੱਖ ਦਿਲਾਂ ਦੇ ਕਿਉਂ ਨਹੀਂ ਲਿਖਦਾ ਬੇਦਰਦਾਂ।

**ਮਾਸਟਰ : ਗਰਭੈ ਸਿੰਘ ਭਲਾਈਆਣਾ।**
**ਮੋ: 99154—47549**

# ਕੁਰਾਹੇ ਪਏ ਬੱਚਿਆਂ ਦੇ ਨਾਮ

**- ਹਰਚੰਦ ਸਿੰਘ ਬਾਗੜੀ**

ਪਾਲ-ਪੋਸ ਕੇ ਮਾਪੇ ਥੋਨੂੰ ਰੋਵਣ ਜੋਗੇ ਰਹਿ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ ਰਾਹੀਂ ਪੈ ਗਏ।
ਮਾ-ਬਾਪ ਨੇ ਥੋਡੇ ਉਤੇ, ਕੀ ਕੀ ਰੱਖੀਆਂ ਆਸਾਂ।
ਥੋਡੇ ਸੁੱਖਾਂ ਦੇ ਲਈ ਕਰਦੇ, ਦਿਨ-ਰਾਤ ਅਰਦਾਸਾਂ।
ਨਿੱਤ ਮਾੜੀਆਂ ਸੁਣ ਸੁਣ ਖਬਰਾਂ, ਹਾਏ' ਹੌਸਲੇ ਢਹਿ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ...........
ਸੂਮਲ, ਸਿੱਧੂ, ਬੁੱਟਰ, ਜੌਹਲ, ਕੀ ਕੀ ਨਾਮ ਗਿਣਾਵਾਂ।
ਮਾਰਨ-ਮਰਨ ਵਾਲਿਓ ਤੁਸੀਂ, ਕਿਵੇਂ ਰੋਲ 'ਤੀਆਂ ਮਾਂਵਾਂ।
ਨੀਦਾਂ, ਭੁੱਖਾਂ, ਸੁੱਖ-ਸ਼ਾਂਤੀ, ਸਭ ਕੁੱਝ ਲੁੱਟ ਕੇ ਲੈ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ...........
ਕੁੱਝ ਕਾਰਾਂ ਦੀ ਭੇਟਾ ਚੜ੍ਹ ਗਏ, ਕੁੱਝ ਖਾ ਲਏ ਗੋਲੀ।
ਹਾਏ' ਨੀ ਤਕਦੀਰੇ ਸਾਡੀ, ਕਿਵੇਂ ਜਵਾਨੀ ਰੋਲੀ।
ਸਾਰੀ ਉਮਰ ਨਾ ਭਰਨੇ, ਜਿਹੜੇ ਜ਼ਖਮ ਦਿਲਾਂ 'ਤੇ ਦੇ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ...........
ਪਿਆਰ-ਮਹੱਬਤ ਵਾਲੀ ਰੁੱਤੇ, ਤੁਸੀਂ ਵੈਰ ਕਮਾ ਲਏ।
ਮਾਰ-ਮਰਾਈ ਵਾਲੇ ਤੁਸੀਂ, ਕੈਸੇ ਵਣਜ ਵਿਹਾ ਲਏ।
ਨਸ਼ੇ ਕਲੱਬਾਂ ਵਾਲੇ ਥੋਨੂੰ, ਕਿਥੇ ਕਿਥੇ ਲੈ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ...........
ਗੰਨ੍ਹਾ ਦੀ ਥਾਂ ਜੀਣ ਜੋਗਿਓ, ਟੀਮਾਂ ਤੁਸੀਂ ਬਣਾਓ।
ਜ਼ੋਰ-ਜਵਾਨੀ ਵਾਲਾ ਜਾ ਕੇ, ਗੇਮਾਂ ਵਿੱਚ ਵਿਖਾਓ।
ਬੁਰੇ ਕੰਮਾਂ ਦੇ ਬੁਰੇ ਨਤੀਜੇ, ਲੋਕ ਸਿਆਣੇ ਕਹਿ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ...........
ਅਜੇ ਸਮਾਂ ਏ ਬਦਲੋ ਰਸਤੇ, ਕਹਿੰਦਾ 'ਚੰਦ ਫਰਵਾਹੀ'।
ਕੀ ਕਰਨੀ ਉਹ ਚੰਦਰੀ ਦੌਲਤ, ਜਿਹੜੀ ਕਰ ਤਬਾਹੀ।
ਕਿਉਂ ਸੁਰਗ ਨੂੰ ਤੁਸੀਂ ਸੋਹਣਿਓ, ਨਰਕ ਬਣਾ ਕੇ ਬਹਿ ਗਏ।
ਕਿਹੜੇ ਪਾਸੇ ਪੈ ਗਏ ਬੱਚਿਓ, ਕਿਹੜੇ ਰਾਹੀਂ ਪੈ ਗਏ।
ਪਾਲ-ਪੋਸ ਕੇ ਮਾਪੇ ਥੋਨੂੰ ਰੋਵਣ ਜੋਗੇ ਰਹਿ ਗਏ।

# THE EPITOME OF FAILURE



Humankind has a knack
for hurting its own kind
Irresponsible tendencies
traced way back to biblical times
Ruler fighting ruler
for the title of Devine
Common simple people forced
to support their own demise
The masses elect a leader
to act upon their behalf
When sheep elect a wolf
how irresponsible is that
Broken promises scatter
dried petals on the ground
Hope crushed trampled
never make a sound
Words falsely promised
carelessly tossed around
Like useless shards of glass
found heaped atop trash mounds
When the system falls apart
each point a finger to blame
When things go horribly wrong
anger adds fuel to the pain
Irreversible damage to the planet
scientific warnings brushed aside
Society blindfolded
endangering countless lives
Few knows to mourn species
one by one going extinct
Each form of life has a place
each soul preciously distinct
No blaring news to alert
the tragically sad demise
Part of nature now history
right in front of our eyes
The epitome of failure
man endangering all
Eroding the ecosystem
disaster waiting to befall
Stupidity has no limit
indifference should be a crime
Destroying the world as we know it
hastening our home's demise
Nature has been giving notice
stop the foolish destructive ways
Irresponsible leadership
adeptly ignore look away
Tornadoes tsunamis
heavy snow searing heat
Anger knows no fury
then nature when unleashed
Evolving through the ages
sophisticated we've become
Revolving bouts of hate filled wars
self inflicted pain makes us numb
The time for deep reflection
has long since gone away
Consequence of ignorance
become harsher day by day
Listen to passionate pleas
of our scared embittered youth
Who've deciphered glaringly
differences between lies and truth

**Sangeeta Sethi**

# ਕਵਿਤਾ

ਪੱਗਾਂ ਸਾਡੀਆਂ ਗਹਿਣੇ
ਹੱਥੀਂ ਸ਼ਾਹਾਂ ਦੇ ਗੁੱਤ ਵੇ !!
ਇਸ਼ਕ ਦੀ ਬਾਤ ਨਾ ਪਾਵੀਂ
ਗਲ-ਫਾਹਿਆਂ ਦੀ ਰੁੱਤ ਵੇ !!!
ਇਸ਼ਕ ਦੀ ਬਾਤ ਨਾ
ਸਿਵਿਆਂ ਵਿਚ ਚਿਤਾਵਾਂ ਬਲ਼ਣ
ਕਬਰੀਂ ਭੁੱਖੀਆਂ ਡੈਣਾਂ ਪਲਣ
ਸ਼ਲ਼ਫਾਸਾਂ ਤਾਂ ਮਤਰੇਆ ਨਾਗਣ
ਖਾਣ ਮਾਂਵਾਂ ਦੇ ਪੁੱਤ ਵੇ !
ਇਸ਼ਕ ਦੀ ਬਾਤ ਨਾ
ਗਲ ਫ਼ਾਹਿਆਂ ਦੀ ਰੁੱਤ ਵੇ.
ਹੱਥ - ਅੰਗੂਠੇ ਵਹੀਆਂ ਵੱਡ ਲਏ
ਫਾਹਿਆਂ ਨੇ ਮੂੰਹ ਰੁੱਖੀਂ ਅੱਡ ਲਏ
ਬਿਨ੍ਹ ਪੀਤੇ ਆਉਣ ਨਾ ਨੀਂਦਾਂ
ਅੱਖ ਝਪਕਿਆਂ ਪੈਂਦੇ ਜੁੱਤ ਵੇ !
ਇਸ਼ਕ ਦੀ ਬਾਤ ਨਾ
ਗਲ਼ ਫ਼ਾਹਿਆਂ ਦੀ ਰੁੱਤ ਵੇ.....
ਗੁੰਮੀਆਂ ਮੱਥਿਓਂ ਨੇ ਤਕਦੀਰਾਂ
ਬੁਜਦ਼ ਤਖ਼ਤ ਗੱਪੀ ਤਕਰੀਰਾਂ
ਕਿਰਤ ਦੀ ਝੋਲੀ ਲੈ ਗਈ
ਧੋਤੀ ਚਿੱਟੀ ਲੁੱਟ ਵੇ !
ਇਸ਼ਕ ਦੀ ਬਾਤ ਨਾ ਪਾਵੀਂ ...
ਗਲ਼ ਫ਼ਾਹਿਆਂ ਦੀ ਰੁੱਤ........
ਲ਼ਹੂ ਸਾਡਾ ਲਾ ਪੀ ਗਈਆਂ ਓਕਾਂ
ਚੂੰਡਣ ਮਾਸ ਸਿਸਟਮ ਦੀਆਂ ਜੋਕਾਂ
ਬੇ-ਰੁਜ਼ਗਾਰੀ ਭੁੱਖੇ ਢਿੱਡ ਨੇ
ਮੌਨ ਸ਼ਹੀਦਾਂ ਦੇ ਬੁੱਤ ਵੇ
ਇਸ਼ਕ ਦੀ ਬਾਤ ਨਾ ਪਾਵੀਂ ....
ਗਲ਼ ਫ਼ਾਹਿਆਂ ਦੀ ਰੁੱਤ
ਵੇ......................
ਬਸਤੀਵਾਦ ਦੀਆਂ ਮੁੰਨੀਆਂ ਭੇਡਾਂ
ਗੁਲਾਮਾਂ ਵਾਂਗ 'ਬਾਲੀ" ਕਰਨ ਚਹੇਡਾਂ
"ਰੇਤਗੜ੍ਹ" ਚਾਰਨ ਗੁੰਡੇ ਨੇਤਾ
ਸਾਨੂੰ ਥਾਂ-ਥਾਂ ਪੈਂਦੀ ਕੁੱਟ ਵੇ
ਇਸ਼ਕ ਦੀ ਬਾਤ ਨਾ..
ਗਲ਼ ਫ਼ਾਹਿਆਂ ਦੀ ਰੁੱਤ...
ਪੱਗਾਂ ਸਾਡੀਆਂ ਗਹਿਣੇ....
ਸ਼ਾਹਾਂ ਹੱਥੀਂ ਗੁੱਤ ਵੇ...

**ਗੀਤ::: ਬਲਜਿੰਦਰ ਬਾਲੀ ਰੇਤਗੜ੍ਹ**

# ਪਿੰਡ ਦੀਆਂ ਰਾਵ੍ਹਾਂ

ਤੋੜਿਆ ਨਹੀਂ ਕਦੇ ਵੀ ਟੁੱਟਦੇ ਨਾਤੇ ਨਾਲੋਂ ਥਾਵਾਂ ਦੇ,
ਅੱਜ ਵੀ ਮੈਨੂੰ ਆਉਂਦੇ ਚੇਤੇ ਪਿੰਡ ਦੀਆਂ ਉਨ੍ਹਾਂ ਰਾਵ੍ਹਾਂ ਦੇ।
ਜਿਥੇ ਮੇਰਾ ਬਚਪਨ ਲੰਘਿਆ.......
ਕੱਠੇ ਅਸੀ ਪੜ੍ਹਨ ਸਕੂਲੇ ਪ੍ਰਾਇਮਰੀ ਵਿਚ ਜਾਂਦੇ ਸੀ
ਆਪਸ ਵਿਚ ਲੜਦੇ ਝਗੜਦੇ ਇਕੱਠੇ ਬਹਿ ਖਾਂਦੇ ਸੀ।
ਯਾਰਾਂ ਨਾਲ ਗੂੜ੍ਹਾ ਰਿਸ਼ਤਾ ਸੀ ਵਾਂਗ ਭਰਾਵਾਂ ਦੇ,
ਜਿਥੇ ਮੇਰਾ ਬਚਪਨ ਲੰਘਿਆ.......
ਕਿੱਕਰਾਂ ਦੀ ਦਾਤਣ ਕਰਨੀ, ਮਲ੍ਹਿਆਂ ਦੇ ਬੇਰ ਤੋੜਨੇ,
ਪਿੱਪਲ ਤੇ ਪਾਉਣੀਆਂ ਪੀਘਾਂ, ਵੱਟਿਆਂ ਨਾ ਕਰੂਏ ਤੋੜਨੇ।
ਬਾਪੂ ਤੋਂ ਕੁੱਟ ਖਾ ਕੇ ਰੋਣਾ ਗਲ ਲੱਗ ਮਾਵਾਂ ਦੇ,
ਜਿਥੇ ਮੇਰਾ ਬਚਪਨ ਲੰਘਿਆ.......
ਦਿਲ ਵਿਚੋਂ ਹਿਕ ਹੂਕ ਜਿਹੀ ਨਿਕਲੇ ਆਏ ਯਾਦ ਵਤਨਾਂ,
ਭੁਲਦੀ ਨਹੀਂ ਪਵਨ ਗਿੱਲਾਂ ਦਿਆਂ ਨਸੀਹਤ ਕਦੇ ਸੱਜਣਾਂ ਦੀ।
ਮਾਂ ਪਿਓ ਦੇ ਸਾਏ ਸਿਰ ਜਿਉਂ ਬੋਹੜ ਦੀਆਂ ਛਾਵਾਂ ਦੇ,
ਅੱਜ ਵੀ ਮੈਨੂੰ ਆਉਂਦੇ ਚੇਤੇ ਪਿੰਡ ਦੀਆਂ ਉਨ੍ਹਾਂ ਰਾਵਾਂ ਦੇ,
ਜਿਥੇ ਮੇਰਾ ਬਚਪਨ ਲੰਘਿਆ.......

**ਪਵਨ ਗਿੱਲਾਂ ਵਾਲਾ**

# ਬੋਲੀ ਇੱਕੋ ਵਿਰਸਾ

ਬੋਲੀ ਇੱਕੋ ਵਿਰਸਾ ਇੱਕੋ, ਦਿਲਾਂ ਚ ਫਰਕ ਕਿਉਂ ਪਾਇਆ ?
ਐਡੀ ਕੀ ਮਜਬੂਰੀ ਸੀ,ਜੋ ਹਿੰਦ ਤੇ ਪਾਕਿ ਬਣਾਇਆ ??
ਮਿਲਦੇ ਜੁਲਦੇ ਰਸਮ ਰਿਵਾਜਾਂ, ਦੋਨੋਂ ਪਾਸੀਂ ਸਾਰੇ।
ਬੁੱਧੀਜੀਵੀਆਂ ਨੂੰ ਹੈ ਲੱਗਦਾ, ਐਵੇਂ ਝੱਲ ਖਿਲਾਰੇ।।
ਇੱਕੋ ਜਿਹੇ ਖੇਤ ਹਨ ਤੇ ਇੱਕੋ ਜਿਹੀਆਂ ਫ਼ਸਲਾਂ।
ਸਮਝ ਨਹੀਂ ਆਉਂਦੀ ਕਿਹੜੀ ਗੱਲੋਂ ਵੰਡ ਲ ?ਿਆਂ ਨੇ ਨਸਲਾਂ ??
ਅਲੱਗ ਥਲੱਗ ਪ ?ਦੁਨੀਆਂ ਨਾਲੋਂ, ਵੰਡ ਦੀ ਖਿੱਚ ਲਕੀਰ।
ਗਹੁ ਨਾਲ ਦੇਖਿਆ ਦੋਹਾਂ ਦੇਸ਼ਾਂ ਦੀ ਇੱਕੋ ਜਿਹੀ ਤਸਵੀਰ।।
ਸਮੇਂ ਦੀਆਂ ਸਰਕਾਰਾਂ ਨੇ ਕਿਉਂ ਐਡਾ ਕਹਿਰ ਕਮਾਇਆ।
ਚਿਰਾਂ ਤੋਂ ਸਾਂਭਿਆ ਉੱਜੜ ਗਿਆ ਜੋ, ਕੀਮਤੀ ਸੀ ਸਰਮਾਇਆ।।
ਹਾਸੇ ਰੁਲਗੇ ਸਾਰੇ ਪੱਲੇ ਪੈ ਗਿਆ ਸੱਭਦੇ ਰੋਣਾਂ।
ਕਿਸੇ ਦੀ ਮਾਈ ਫੌਤ ਹੋਗੀ,ਅੱਬਾ ਰਹਿ ਗਿਆ ਓਧਰ ਹੋਣਾਂ।।
ਧੀਆਂ ਭੈਣਾਂ ਦੀ ਬੇ-ਪੱਤੀ ਅੱਖਾਂ ਸਾਹਮਣੇ ਹੋਈ।
ਕੂਕ ਪੁਕਾਰ ਨਾ ਸੁਣੀ ਕਿਸੇ ਨੇ, ਅੰਬਰ ਧਰਤੀ ਰੋਈ।।
ਆਪਣਿਆਂ ਨੂੰ ਆਪਣਿਆਂ ਨੇ ਅੱਖਾਂ ਸਾਹਵੇਂ ਵੱਢਿਆ
ਭਰੇ ਭੁਕੰਨੇ ਘਰਾਂ ਨੂੰ ਸੀ ਜਦ ਵਿਲਕਦਿਆਂ ਨੇ ਛੱਡਿਆ।।
ਉਜਾੜਾ ਜਿਨ੍ਹਾਂ ਨੇ ਅੱਖੀਂ ਵੇਖਿਆ ਓਹ ਅੱਜ ਵੀ ਨੇ ਕੁਰਲਾਉਂਦੇ।
ਅਣਹੋਣੀਂ ਇਹੋ ਜਿਹੀ ਹੋਵੇ ਨਾ ਕਦੇ ਰਹਿਣ ਵਾਸਤੇ ਪਾਉਂਦੇ।।
ਹੈਵਾਨੀਅਤ ਵਾਲਾ ਨੰਗਾ ਨਾਚ, ਕੀਤਾ ਸੀ ਸਰਕਾਰਾਂ।
ਹਸਦੀ ਵਸਦੀ ਕਾਇਨਾਤ ਦੀਆਂ ਲੁੱਟੀਆਂ ਮੌਜ ਬਹਾਰਾਂ।।
ਭਾਈ ਨੂੰ ਭਾਈ ਦੇ ਨਾਲ ਲੜਾਕੇ,ਖੇਡੀ ਖੂਨ ਦੀ ਹੋਲੀ।
ਦਿੰਦੇ ਰਹੇ ਸਲਾਹਾਂ ਨਾ ਸੀ, ਕਿਸੇ ਦੀ ਗੱਲ ਹੀ ਗੌਲੀ।।
ਦੱਦਾਹੂਰੀਆ ਓਸ ਖੁਦਾ ਦੇ ਅੱਗੇ ਕਰੇ ਦੁਆਵਾਂ।
ਕੁੱਲ ਦੁਨੀਆ ਤੋਂ ਦੂਰ ਰੱਖੀਂ ਤੂੰ ਇਹੋ ਜਿਹੀਆਂ ਬਲਾਵਾਂ।।

**ਜਸਵੀਰ ਸ਼ਰਮਾਂ ਦੱਦਾਹੂਰ**
**95691 49556**

# ਕਵਿਤਾ

ਇਹ ਦੋੜ ਕਦੋਂ ਤੱਕ ਚੱਲੇਗੀ ,
ਇਹ ਦੋੜ ਕਦੇ ਤੇ ਮੁੱਕੇਗੀ।
ਰੋਜ਼ ਭਰਦੀ ਸਬਰ ਦੀ ਗਾਗਰ ,
ਆਖਰ ਕਦੇ ਤੇ ਡੁੱਲੇਂਗੀ।।

ਇਸ ਜੱਗ ਤੇ ਆਉਣਾ ਖੇਲ ਜਿਹਾ
ਹਰ ਰੋਜ਼ ਨਵੀਂ ਇਕ ਖੋਜ ਜਿਹਾ।
ਮੇਰੇ ਅੰਦਰ ਵਿਲਕਦੇ ਅਰਮਾਨਾਂ ,
ਆਖਿਰ ਕਦੇ ਤੇ ਸੁਣਲੇਗੀ।।

ਜਿੰਦ ਚੰਦਰੀ ਡੰਗਦੀ ਆਪੇ ਨੂੰ ,
ਇਕ ਫੰਨ੍ਹੀਅਰ ਕਿਤੇ ਕੁਲਝਦਾ ਹੈ।
ਇਕ ਹੋਕਾ ਲੈਕੇ ਚਾਵਾਂ ਦਾ ,
ਇਹ ਵੀ ਆਖਿਰ ਕਦੇ ਭੁਲਜੇਗੀ।।

ਮੈਂ ਚਾਵਾਂ ਦੀ ਖੋਜ ਮੁਕਾ ਆਇਆ ,
ਸਾਹਲਾਂ ਦਿਆਂ ਤੰਦਾਂ ਰੋਕੇ ਨੇ।

ਹਵਾ ਚੋਂ ਉਡਦੇ ਕੱਖਾਂ ਨੂੰ ,
ਆਖਿਰ ਧਰਤੀ ਵੀ ਕਦੇ ਜਰਲ਼ੇਂਗੀ।।

ਮੁਸ਼ਕਿਲ ਨਹੀਂ ਕਿਸੇ ਨੂੰ ਦਿਖਜਾਣਾ ,
ਮੁਸ਼ਕਿਲ ਹੈ ਆਪਾ ਲੱਭ ਜਾਣਾ।
ਕੋਸੇ ਸਾਹਾ ਦੀ ਇਹ ਬਣਤਰ ,
ਆਖਿਰ ਕਦੇ ਤੇ ਮੁਕਜੇਗੀ।।



ਮੰਜਿਲ ਨੂੰ ਲੱਭਣ ਭੱਜਦਾ ਫਿਰਾ ,
ਕੋਲ ਹੋਕੇ ਵੀ ਕਿਤੇ ਦੂਰ ਜਹੀ।
ਇਨਹਾ ਭੱਟਕਦੀਆ ਰੂਹਾ ਦੀ ਵਲਗਣ
,
ਆਖਿਰ ਕਦੇ ਤੇ ਟੁੱਟਜੇਗੀ।।

ਆਪਣੇ ਹੋਕੇ ਕੁਝ ਆਪਣੇ ਨਹੀਂ ,
ਕੁਝ ਬੇਗਾਨੇ ਹੋਕੇ ਆਪਣੇ ਜਾਪਣ।
ਅਜਬ ਪਹੇਲੀ ਜੀਵਨ ਦੀ ,
ਆਖਿਰ ਕਦੇ ਤੇ ਸੁਲਜੇਗੀ।।

—- ਜੱਸੀ ——

# ਗਿੱਦੜੋਂ ਸ਼ੇਰ, ਸ਼ੇਰੋਂ ਭੇਡ

ਬਣ ਗਿੱਦੜੋਂ ਬੱਬਰ ਸ਼ੇਰ ਮੱਖਣਾਂ,
ਰੂਪ ਭੇਡ ਦਾ ਲਿਆ ਕਿਉਂ ਧਾਰ ਬਾਬਾ।
ਐਡੀ ਕਿਹੜੀ ਸੀ ਪਈ ਭੀੜ ਤੈਨੂੰ,
ਲਾਹ ਸੁੱਟੇ ਕਿਉਂ ਕਕਾਰ ਬਾਬਾ।

ਖੱਲ ਪਹਿਣ ਕੇ ਸ਼ੇਰ ਦੀ ਗਿੱਦੜਾਂ ਤੋਂ,
ਹੋਵੇ ਕਦੇ ਨਾ ਕੋਈ ਸ਼ਿਕਾਰ ਬਾਬਾ।
ਵਾਟ ਕੋਹ ਨਾ ਤੁਰੀ ਤਿਹਾਈ ਮਰੇ,
ਤੇਰਾ ਉਹ ਹੈ ਹਾਲ ਗ਼ਦਾਰ ਬਾਬਾ।

ਜੀਹਦੀ ਖ਼ਾਤਰ 'ਭਗਤਾ' ਬੜ੍ਹਕ ਮਾਰੀ
ਉਹ ਤਾਂ ਹੋਇਆ ਫਿਰੇ ਨਚਾਰ ਬਾਬਾ।
ਪੁੱਤਰ ਹੋ ਤੂੰ ਦਸਵੇਂ ਪਾਤਿਸ਼ਾਹ ਦਾ,
ਕਾਹਤੋਂ ਮਰਦੋਂ ਬਣਿਆਂ ਨਾਰ ਬਾਬਾ।

ਖੱਟੀ ਲੱਸੀ ਹੀ ਰਿਹਾ ਮੱਖਣਾਂ ਤੂੰ,
ਅੰਮ੍ਰਿਤ ਛੱਡ ਕੇ ਗੁਆਇਆ ਵਕਾਰ ਬਾਬਾ।
ਹੁਣ ਮੋਟਰ 'ਤੇ ਜਾ ਖੜਕਾਅ ਗਲਾਸੀ,
'ਕੱਠੇ ਕਰਕੇ ਪੰਜ ਸੱਤ ਯਾਰ ਬਾਬਾ।

**ਸੁਖਮੰਦਰ ਸਿੰਘ ਬਰਾੜ 'ਭਗਤਾ ਭਾਈ ਕਾ'**
**1-604-751-1113 (ਕੈਨੇਡਾ)**

# POEM

Let me know what you think of me
All broken and bleeding non-stop
Don't patch me up
Let me bleed and bleed till I die
I am in so much pain
I feel like my heart and soul
Is in pieces
Let me know what you think of me
All broken and bleeding non-stop
Don't patch me up
Let me bleed and bleed till I die
I am surrounded in darkness
Without a hope of light
So, let me know what you think of me.

**Asif Hirani**

# ਕਾਵਿ ਵਿਅੰਗ ਨੇਤਾ

ਲਾਰੇ ਲਾ ਕੇ ਨੌਜਵਾਨਾਂ ਨੂੰ ਨੌਕਰੀਆਂ ਦੇ,
ਉਨ੍ਹਾਂ ਦੀਆਂ ਜੇਬਾਂ ਚੋਂ ਪੈਸੇ ਕਢਾਉਣ ਨੇਤਾ।
ਇਕ ਪਾਸੇ ਕਹਿੰਦੇ," ਰਿਸ਼ਵਤ ਨੂੰ ਠੱਲ੍ਹ ਪਾਉਣੀ,"
ਦੂਜੇ ਪਾਸੇ ਆਪੇ ਰਿਸ਼ਵਤ ਵਧਾਉਣ ਨੇਤਾ।
ਪਹਿਲਾਂ ਲਾ ਕੇ ਨਸ਼ਿਆਂ ਨੂੰ ਮੁੰਡੇ, ਕੁੜੀਆਂ,
ਫਿਰ " ਫੜੋ ਓਏ ਫੜੋ" ਦਾ ਰੌਲਾ ਪਾਉਣ ਨੇਤਾ।
ਲੋਕਾਂ ਸਾਮ੍ਹਣੇ ਡੱਟ ਕੇ ਬੋਲਣ ਇਕ,ਦੂਜੇ ਖ਼ਿਲਾਫ਼,
ਅੰਦਰ ਵੜ ਕੇ ਘੁੱਟ ਕੇ ਜੱਫੀਆਂ ਪਾਉਣ ਨੇਤਾ।
ਵੱਖ. ਵੱਖ ਜ਼ਾਤਾਂ ਦੇ ਲੋਕਾਂ ਨੂੰ ਆਪਸ 'ਚ ਲੜਾ ਕੇ,
ਦੂਰ ਖੜੇ ਹੋ ਕੇ ਆਪ ਮੁਸਕਰਾਉਣ ਨੇਤਾ।
ਸੰਸਦ ਵਿੱਚ ਇਕ,ਦੂਜੇ ਨਾਲ ਬਾਹਾਂ ਕੱਢ ਲੜ ਕੇ,
ਲੋਕਾਂ ਦੇ ਬੜੇ ਖ਼ੈਰ-ਖ਼ੁਆਹ ਕਹਾਉਣ ਨੇਤਾ।
ਆਪਣੇ ਪੁੱਤਰਾਂ ਨੂੰ ਗੱਦੀ ਤੇ ਬਿਠਾਉਣ ਖਾਤਰ,
ਵੱਡਿਆਂ, ਵੱਡਿਆਂ ਨੂੰ ਖੂੰਜੇ ਲਾਉਣ ਨੇਤਾ।
'ਮਾਨ' ਉਨ੍ਹਾਂ ਦਾ ਇਕ ਦਿਨ ਕਾਮ ਤਮਾਮ ਹੋਣਾ,
ਜਿਹੜੇ ਕਿਰਤੀਆਂ ਨੂੰ ਦਿਨ,ਰਾਤ ਸਤਾਉਣ ਨੇਤਾ।

**ਮਹਿੰਦਰ ਸਿੰਘ ਮਾਨ 9915803554**

# ਹਰਿਆਣੇ ਦੀ ਨਵੀਂ ਪੰਜਾਬੀ ਕਵਿਤਾ : ਸੀਮਾਵਾਂ ਤੇ ਸੰਭਾਵਨਾਵਾਂ



ਡਾ. ਨਿਸ਼ਾਨ ਸਿੰਘ ਰਾਠੌਰ
ਮੋਬਾ. 075892- 33437

ਮਨੁੱਖੀ ਜੀਵਨ ਵਿਚ ਸ਼ਾਇਰੀ ਨੂੰ ਜੀਉਣਾ ਸੱਚਮੁਚ ਹੀ ਰੱਬੀ ਰਹਿਮਤ ਦਾ ਸਬੂਤ ਹੈ। ਮਨੁੱਖੀ ਹਿਰਦੇ ਦੇ ਕੋਮਲ ਭਾਵਾਂ ਨੂੰ ਸ਼ਬਦੀਜਾਮਾ ਪਹਿਨਾਉਣਾ ਸੱਚਮੁਚ ਫੱਕਰ ਲੋਕਾਂ ਦੇ ਹਿੱਸੇ ਆਉਂਦਾ ਹੈ। ਵੈਸੇ ਤਾਂ ਸ਼ਾਇਰੀ ਹਰ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ ਪਰ ਕੋਮਲ ਹਿਰਦੇ ਦੇ ਲੋਕ ਆਪਣੇ ਮਨੋਭਾਵਾਂ ਨੂੰ ਸ਼ਬਦਾਂ ਵਿਚ ਪਿਰੋ ਕੇ ਕਵਿਤਾ ਸਿਰਜਦੇ ਹਨ। ਇਹਨਾਂ ਸ਼ਬਦਾਂ ਨਾਲ ਸਮਾਜ ਦੇ ਬਹੁਤ ਸਾਰੇ ਲੋਕ ਆਪਣੇ- ਆਪ ਨੂੰ ਜੁੜਿਆ ਹੋਇਆ ਮਹਿਸੂਸ ਕਰਦੇ ਹਨ ਕਿਉਂਕਿ ਮਨੁੱਖੀ ਸਮਾਜ ਦੀਆਂ ਸੰਵੇਦਨਾਵਾਂ ਤਾਂ ਲਗਭਗ ਇਕੋ ਜਿਹੀਆਂ ਹੀ ਹੁੰਦੀਆਂ ਹਨ। ਬੱਸ ਫ਼ਰਕ ਏਨਾ ਕੁ ਹੁੰਦਾ ਹੈ ਕਿ ਸ਼ਾਇਰ ਲੋਕ ਅਜਿਹੀਆਂ ਸੰਵੇਦਨਾਵਾਂ ਨੂੰ ਮਹਿਸੂਸ ਕਰਕੇ ਕਾਗਜ਼ ਦੀ ਹਿੱਕ ਉੱਤੇ ਉਤਾਰ ਦਿੰਦੇ ਹਨ ਅਤੇ ਆਮ ਲੋਕ ਇਸ ਅਮਾਨਤ ਤੋਂ ਸੱਖਣੇ ਰਹਿ ਜਾਂਦੇ ਹਨ।

ਖ਼ੈਰ! ਸਾਡੇ ਹੱਥਲੇ ਲੇਖ ਦਾ ਮੂਲ ਵਿਸ਼ਾ 'ਹਰਿਆਣੇ ਦੀ ਨਵੀਂ ਪੰਜਾਬੀ ਕਵਿਤਾ : ਸੀਮਾਵਾਂ ਤੇ ਸੰਭਾਵਨਾਵਾਂ' ਵਿਸ਼ੇ ਨਾਲ ਸੰਬੰਧਤ ਹੈ। ਇਸ ਕਰਕੇ ਚਰਚਾ ਦਾ ਮੂਲ ਬਿੰਦੂ ਸਿਰਫ਼ ਹਰਿਆਣੇ ਦੀ ਪੰਜਾਬੀ ਕਵਿਤਾ ਤੱਕ ਹੀ ਸੀਮਤ ਰਹੇਗਾ ਕਿਉਂਕਿ ਸਮੁੱਚੀ ਪੰਜਾਬੀ ਕਵਿਤਾ ਦਾ ਜ਼ਿਕਰ ਕਰਦਿਆਂ ਇਹ ਲੇਖ ਵਿਸ਼ਾਲ ਰੂਪ ਗ੍ਰਹਿਣ ਕਰ ਜਾਵੇਗਾ। ਇਸ ਕਰਕੇ ਸੰਖੇਪ ਰੂਪ ਵਿਚ ਹੀ ਚਰਚਾ ਨੂੰ ਅੱਗੇ ਤੋਰਿਆ ਜਾਵੇਗਾ।

ਹਰਿਆਣੇ ਦੇ ਸਥਾਪਤ ਸ਼ਾਇਰ : –

ਹਰਿਆਣੇ ਦੇ ਪੰਜਾਬੀ ਸ਼ਾਇਰ ਕਿਸੇ ਪੱਖੋਂ ਵੀ ਪੰਜਾਬੀ ਕਵਿਤਾ ਦੇ ਖੇਤਰ ਵਿਚ ਮੁੱਖਧਾਰਾ ਦੇ ਸ਼ਾਇਰਾਂ ਨਾਲੋਂ ਘੱਟ ਨਹੀਂ ਹਨ। ਹਰਿਆਣੇ ਦੇ ਬਹੁਤ ਸਾਰੇ ਪੰਜਾਬੀ ਸ਼ਾਇਰਾਂ ਨੇ ਅੰਤਰਰਾਸ਼ਟਰੀ ਪੱਧਰ ਉੱਪਰ ਨਾਮ ਕਮਾਇਆ ਹੈ। ਅਜਿਹੇ ਸ਼ਾਇਰਾਂ ਨੇ ਆਪਣੇ ਕਲਾਮ ਦੁਆਰਾ ਪੰਜਾਬੀ ਮਾਂ- ਬੋਲੀ ਦੀ ਝੋਲੀ ਭਰੀ ਹੈ।

ਹਰਿਆਣੇ ਦੇ ਸਥਾਪਤ ਪੰਜਾਬੀ ਸ਼ਾਇਰਾਂ ਵਿਚੋਂ ਕਰਤਾਰ ਸਿੰਘ ਸੁਮੇਰ, ਹਿੰਮਤ ਸਿੰਘ ਸੋਢੀ, ਹਰਭਜਣ ਸਿੰਘ ਰੇਣੂ, ਹਰਭਜਨ ਸਿੰਘ ਕੋਮਲ, ਰਤਨ ਸਿੰਘ ਢਿੱਲੋਂ, ਰਮੇਸ਼ ਕੁਮਾਰ, ਪਾਲ ਕੌਰ, ਸੁਰਿੰਦਰ ਕੋਮਲ, ਸੁਦਰਸ਼ਨ ਗਾਸੋ, ਨਿਰੂਪਮਾ ਦੱਤ, ਜੀ ਡੀ ਚੌਧਰੀ, ਸਰੂਪ ਚੌਹਾਨ, ਕਾਬਲ ਵਿਰਕ, ਲੱਖ ਕਰਨਾਲਵੀ, ਹਰੀ ਸਿੰਘ ਦਿਲਬਰ, ਰਾਬਿੰਦਰ ਸਿੰਘ ਮਸਰੂਰ, ਲਖਵਿੰਦਰ ਸਿੰਘ ਬਾਜਵਾ, ਜਗਜੀਤ ਸੂਫ਼ੀ, ਕਿਦਾਰ ਨਾਥ ਕਿਦਾਰ, ਆਤਮਜੀਤ ਹੰਸਪਾਲ, ਜੀ ਡੀ ਬਖ਼ਸ਼ੀ, ਮਨਜੀਤ ਕੌਰ ਅੰਬਾਲਵੀ, ਅਰਕਮਲ ਕੌਰ, ਹਰਵਿੰਦਰ ਸਿੰਘ ਸਿਰਸਾ, ਓਮਕਾਰ ਸੂਦ ਬਹੋਨਾ, ਰਜਿੰਦਰ ਸਿੰਘ ਭੱਟੀ, ਦੀਦਾਰ ਸਿੰਘ ਕਿਰਤੀ, ਗੁਰਪ੍ਰੀਤ ਕੌਰ ਸੈਣੀ, ਨਿਰਮਲ ਸਿੰਘ, ਕੁਲਵੰਤ ਸਿੰਘ ਰਫ਼ੀਕ ਆਦਿ ਨੂੰ ਗਿਣਿਆ ਜਾ ਸਕਦਾ ਹੈ।

ਇਹਨਾਂ ਸ਼ਾਇਰਾਂ ਨੂੰ ਹਰਿਆਣੇ ਦੀ ਪੰਜਾਬੀ ਕਵਿਤਾ ਦਾ ਥੰਮ ਮੰਨਿਆ ਜਾਂਦਾ ਹੈ। ਇਹ ਅਜਿਹੇ ਸ਼ਾਇਰ ਹਨ ਜਿਹੜੇ ਇਕੱਲੇ ਹਰਿਆਣੇ ਵਿਚ ਹੀ ਮਕਬੂਲ ਨਹੀਂ ਬਲਕਿ ਸਮੁੱਚੇ ਪੰਜਾਬੀ ਸਾਹਿਤ ਜਗਤ ਆਪਣੀ ਕਾਬਲੀਅਤ ਦਾ ਲੋਹਾ ਮੰਨਵਾ ਚੁਕੇ ਹਨ। ਇਹਨਾਂ ਦੀ ਬਾਕਮਾਲ ਸ਼ਾਇਰੀ ਨੇ ਹਰਿਆਣੇ ਦੀ ਪੰਜਾਬੀ ਕਵਿਤਾ ਨੂੰ ਪੱਕੇ ਪੈਰੀਂ ਖੜਾ ਕਰ ਦਿੱਤਾ ਹੈ। ਇਹਨਾਂ ਸ਼ਾਇਰਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਅੱਜ ਦੀ ਪੀੜ੍ਹੀ ਨੇ ਸ਼ਾਇਰ ਵੀ ਬਾਕਮਾਲ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾ ਰਹੇ ਹਨ।

ਹਰਿਆਣੇ ਦੀ ਪੰਜਾਬੀ ਕਵਿਤਾ ਦੇ ਨਵੇਂ ਸ਼ਾਇਰ : –

ਹਰਿਆਣੇ ਅੰਦਰ ਪੰਜਾਬੀ ਸ਼ਾਇਰੀ ਦੀ ਗੱਲ ਕਰੀਏ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਅਜੋਕੀ ਪੰਜਾਬੀ ਕਵਿਤਾ ਦਾ ਭਵਿੱਖ ਮਹਿਫ਼ੂਜ ਹੱਥਾਂ ਵਿਚ ਹੈ ਕਿਉਂਕਿ ਅਜੋਕੇ ਦੌਰ ਵਿਚ ਬਹੁਤ ਸਾਰੇ ਨਵੇਂ ਸ਼ਾਇਰ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾ ਰਹੇ ਹਨ। ਇਹ ਸ਼ਾਇਰ ਜਿੱਥੇ ਸੋਸ਼ਲ- ਮੀਡੀਆ ਉੱਪਰ ਸਰਗਰਮ ਹਨ ਉੱਥੇ ਹੀ ਅਖ਼ਬਾਰਾਂ, ਰਸਾਲਿਆਂ ਅਤੇ ਪੱਤਰ- ਪੱਤਰਕਾਵਾਂ ਵਿਚ ਨਿਰਤੰਰ ਛੱਪ ਰਹੇ ਹਨ। ਨਵਿਆਂ ਵਿਚੋਂ ਕੁਝ ਕੁ ਦਾ ਸੰਖੇਪ ਜ਼ਿਕਰ ਇਸ ਪ੍ਰਕਾਰ ਹੈ।

ਛਿੰਦਰ ਕੌਰ ਸਿਰਸਾ ਦੀਆਂ ਹੁਣ ਤੱਕ ਦੋ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਕ ਕਵਿਤਾ ਦੀ ਅਤੇ ਦੂਜੀ ਸਫ਼ਰਨਾਮੇ ਦੀ। ਛਿੰਦਰ ਕੌਰ ਦੀਆਂ ਕਵਿਤਾਵਾਂ ਦਾ ਮੂਲ ਵਿਸ਼ਾ ਔਰਤ ਮਨੋਸਥਿਤੀ ਦੇ ਦੁਆਲੇ ਘੁੰਮਦਾ ਹੈ। ਉਹ ਜਿੱਥੇ ਧੀਆਂ ਦੀ ਗੱਲ ਕਰਦੀ ਹੈ ਉੱਥੇ ਆਪਸੀ ਰਿਸ਼ਤਿਆਂ ਬਾਰੇ ਵੀ ਖੁੱਲ ਕੇ ਲਿਖਦੀ ਹੈ;

'ਕੋਇਲ ਵਰਗੀ ਮਿੱਠੀ ਬੋਲੀ
ਹਿਰਨੀ ਵਰਗੀ ਅੱਖ
ਤੇ ਮੋਰਨੀ ਵਰਗੀ ਚਾਲ ਦੇ ਨਾਲ
ਅੰਲਕਾਰਦਾ ਹੈ ਮੈਨੂੰ,
ਪਰ ਕਦੀ ਮੋਰਨੀ, ਹਿਰਨੀ ਤੇ ਕੋਇਲ ਵਰਗੀ
ਆਜ਼ਾਦੀ ਤੇ ਦੇ
ਤਾਂ ਜੋ ਕਿਸੇ ਬਾਗ, ਜੰਗਲ ਜਾਂ
ਬੀਆਬਾਨ ਵਿਚ ਕੁਝ ਪਲ ਮੈਂ ਵੀ
ਆਜ਼ਾਦ ਘੁੰਮ ਸਕਾਂ।' (ਛਿੰਦਰ ਕੌਰ ਸਿਰਸਾ)

ਛਿੰਦਰ ਕੌਰ ਸਿਰਸਾ ਅੱਜਕਲ੍ਹ ਸਿਰਸਾ ਵਿਖੇ ਹੀ ਰੇਡੀਓ ਅਨਾਉਂਸਰ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ।

ਹਰਜਿੰਦਰ ਲਾਡਵਾ ਦੀਆਂ ਹੁਣ ਤੱਕ ਦੋ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ; ਇਕ ਕਵਿਤਾ ਦੀ ਅਤੇ ਦੂਜੀ ਹਾਇਕੂ ਦੀ। ਹਰਜਿੰਦਰ ਦੀ ਖ਼ੂਬੀ ਇਹ ਹੈ ਕਿ ਉਹ ਅਕਸਰ ਹੀ ਚਰਚਾਵਾਂ ਤੋਂ ਦੂਰ ਰਹਿੰਦਾ ਹੈ। ਉਸਦੀਆਂ ਕਵਿਤਾਵਾਂ ਉਸਦੀ ਉਮਰ ਨਾਲੋਂ ਕਿਤੇ ਵੱਧ ਸਿਆਣਪ ਨਾਲ ਭਰਪੂਰ ਹੁੰਦੀਆਂ ਹਨ;

'ਕਰੂੰਬਲ ਫੁੱਟੇਗੀ, ਚਿੜੀ ਉੱਡੇਗੀ
ਹਵਾ ਨੱਚੇਗੀ, ਵੇਲ ਵਧੇਗੀ
ਨਦੀ ਵਗੇਗੀ, ਧੁੱਪ ਖਿੜੇਗੀ।
ਬੰਦਾ, ਕਦ ਕਦ, ਕੀ- ਕੀ ਕਰੇਗਾ?
ਕੁਝ ਪਤਾ ਨਹੀਂ।' (ਹਰਜਿੰਦਰ ਲਾਡਵਾ)

ਹਰਜਿੰਦਰ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਗੁੜ੍ਹੇ ਅਰਥ ਲੱਭਦੇ ਹਨ। ਉਹ ਆਪਣੀ ਗੱਲ ਨੂੰ ਨਿਵੇਕਲੇ ਢੰਗ ਨਾਲ ਕਹਿਣ ਵਿਚ ਮਾਹਿਰ ਸ਼ਾਇਰ ਹੈ। ਇਹੀ ਉਸਦੀ ਪ੍ਰਾਪਤੀ ਹੈ। ਅੱਜਕਲ੍ਹ ਬਠਿੰਡੇ ਪੰਜਾਬੀ ਦਾ ਪ੍ਰੋਫ਼ੈਸਰ ਹੈ।

ਦੇਵਿੰਦਰ ਬੀਬੀਪੁਰੀਆ ਦੀਆਂ ਹੁਣ ਤੱਕ ਪੰਜ ਪੁਸਤਕਾਂ ਛੱਪ ਚੁਕੀਆਂ ਹਨ ਜਿਹਨਾਂ ਵਿਚੋਂ ਦੋ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦਾ ਸਟੇਟ ਅਵਾਰਡ ਵੀ ਮਿਲ ਚੁਕਿਆ ਹੈ। ਉਸਨੇ ਆਪਣੀਆਂ ਬਹੁਤੀਆਂ ਕਵਿਤਾਵਾਂ ਵਿਚ ਸਮਾਜਿਕ ਰਿਸ਼ਤਿਆਂ ਅਤੇ ਮਨੁੱਖੀ ਮਨ ਦੇ ਸੂਖਮ ਭਾਵਾਂ ਨੂੰ ਛੁਹਿਆ ਹੈ/ ਬਿਆਨਿਆ ਹੈ;

'ਸਿਗਰਟ ਜਦੋਂ ਵੀ
ਜਲਦੀ ਹੈ, ਸੁਲਗਦੀ ਹੈ, ਲਾਲ ਹੁੰਦੀ ਹੈ ਤਾਂ
ਲੋੜ ਹੁੰਦੀ ਹੈ ਉਸਨੂੰ ਬੁਝਣ ਲਈ
ਇਕ ਐਸ਼- ਟ੍ਰੇਅ ਦੀ।
ਖ਼ੌਰੇ ਕਿਉਂ ਮੈਨੂੰ ਏਥੇ ਹਰ ਆਦਮੀ
ਸਿਗਰਟ ਦਿਸਦਾ ਹੈ
ਤੇ ਉਸਨੂੰ ਹਰ ਔਰਤ
ਐਸ਼- ਟ੍ਰੇਅ।' (ਦੇਵਿੰਦਰ ਬੀਬੀਪੁਰੀਆ)

ਦੇਵਿੰਦਰ ਬੀਬੀਪੁਰੀਆ ਅੱਜਕਲ੍ਹ ਕਰਨਾਲ ਵਿਖੇ ਪੰਜਾਬੀ ਦਾ ਪ੍ਰੋਫ਼ੈਸਰ ਹੈ।

ਗੁਰਪ੍ਰੀਤ ਕੌਰ ਦੀ ਹੁਣ ਤੱਕ ਇਕ ਕਿਤਾਬ ਪ੍ਰਕਾਸ਼ਿਤ ਹੋਈ ਹੈ। ਉਹ ਸੋਸ਼ਲ- ਮੀਡੀਆ ਉੱਪਰ ਬਹੁਤ ਸਰਗਰਮ ਰਹਿੰਦੀ ਹੈ। ਖੁੱਲੀ ਕਵਿਤਾ ਲਿਖਦੀ ਹੈ ਅਤੇ ਨਾਰੀਵਾਦੀ ਵਿਸ਼ੇ ਉੱਪਰ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਨੂੰ ਕੇਂਦਰਿਤ ਰੱਖਦੀ ਹੈ;

'ਮੈਨੂੰ ਨਾ ਆਖੋ
ਔਰਤ ਦਿਵਸ ਮੁਬਾਰਕ
ਮੇਰੇ ਲਈ ਇੱਕ ਦਿਨ ਨਹੀਂ
ਹਰ ਰੋਜ਼ ਈ ਹੁੰਦਾ
ਔਰਤ ਦਿਵਸ।' (ਗੁਰਪ੍ਰੀਤ ਕੌਰ)

ਗੁਰਪ੍ਰੀਤ ਕੌਰ ਨਵੀਂ ਉਮਰ ਦੀ ਕੁੜੀ ਹੈ ਇਸ ਕਰਕੇ ਅਜੇ ਬਹੁਤ ਕੁਝ ਸਿਖਣਾ ਬਾਕੀ ਹੈ। ਅੱਜਕਲ੍ਹ ਸਰਕਾਰੀ ਸਕੂਲ ਵਿਚ ਪੰਜਾਬੀ ਦੀ ਲੈਕਚਰਾਰ ਹੈ।

ਵੇਦਪਾਲ ਭਾਟੀਆ ਦੀਆਂ ਹੁਣ ਤੱਕ ਤਿੰਨ ਕਾਵਿ- ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ ਅਤੇ ਤਿੰਨੇ ਹੀ ਖੁੱਲੀ ਕਵਿਤਾ ਦੀਆਂ ਹਨ। ਵੇਦਪਾਲ ਦੀਆਂ ਕਵਿਤਾਵਾਂ ਦਾ ਮੁੱਖ ਵਿਸ਼ਾ ਸਮਾਜਿਕ ਜੀਵਨ ਨਾਲ ਸੰਬੰਧਤ ਹੁੰਦਾ ਹੈ। ਉਹ ਆਪਣੀਆਂ ਕਵਿਤਾਵਾਂ ਵਿਚ ਦਲਿਤ ਵਰਗ ਦੀਆਂ ਸਮੱਸਿਆਵਾਂ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦਾ ਹੈ;

'ਅੱਜ ਸਵਾਲ ਚੁੱਕਿਆ ਗਿਆ ਹੈ
ਸ਼ੀਸ਼ਿਆਂ ਨੂੰ ਪੱਥਰਾਂ ਤੋਂ ਬਚਾਓ
ਇਸ ਲਈ
ਹਰ ਆਦਮੀ ਨੂੰ
ਪੱਥਰ ਬਣਨ ਦੀ ਲੋੜ ਹੈ।' (ਵੇਦਪਾਲ ਭਾਟੀਆ)

ਵੇਦਪਾਲ ਦੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਅਨਿਆਂ ਦੇ ਖ਼ਿਲਾਫ ਵਿਦਰੋਹ ਦੇ ਵਿਸ਼ੇ ਨਾਲ ਸੰਬੰਧਤ ਹੁੰਦੀਆਂ ਹਨ। ਉਹ ਆਪਣੀਆਂ ਰਚਨਾਵਾਂ ਵਿਚ ਨਵੀਂਆਂ ਉਮੀਦਾਂ ਦੀ ਗੱਲ ਕਰਦਾ ਹੈ/ ਸਾਰਥਕਤਾ ਦੀ ਗੱਲ ਕਰਦਾ ਹੈ।

ਮਲੂਕ ਸਿੰਘ ਵਿਰਕ ਦਾ ਇਕੋ ਹੀ ਕਾਵਿ- ਸੰਗ੍ਰਹਿ ਪ੍ਰਕਾਸ਼ਿਤ ਹੋਇਆ ਹੈ। ਪਰ ਇਸ ਕਾਵਿ- ਸੰਗ੍ਰਹਿ ਨਾਲ ਹੀ ਉਹ ਪੰਜਾਬੀ ਪਿਆਰਿਆਂ ਦਾ ਦਿਲ ਜਿੱਤਣ ਵਿਚ ਕਾਮਯਾਬ ਹੋ ਗਿਆ ਹੈ। ਮਲੂਕ ਵਿਰਕ ਉਂਝ ਤਾਂ ਪੰਜਾਹ ਕੁ ਸਾਲ ਦਾ ਕਬੀਲਦਾਰ ਬੰਦਾ ਹੈ ਪਰ ਕਵਿਤਾ ਦੇ ਖੇਤਰ ਵਿਚ ਅਜੇ ਨਵੀਂ ਪੁਲਾਂਘ ਪੁੱਟ ਰਿਹਾ ਹੈ। ਉਸਦੀ ਸ਼ਾਇਰੀ ਵਿਚ ਸਮਾਜਿਕ ਕਦਰਾਂ- ਕੀਮਤਾਂ ਦੀ ਸ਼ਾਮੂਲੀਅਤ ਹੁੰਦੀ ਹੈ। ਉਹ ਰਿਸ਼ਤਿਆਂ ਦੇ ਮਹੱਤਵ ਨੂੰ ਬਹੁਤ ਬਾਰੀਕੀ ਨਾਲ ਪੇਸ਼ ਕਰਦਾ ਹੈ;

'ਤੇਰੀ ਮੰਮੀ ਵਰਗੀ ਬੇਟਾ
ਮੇਰੀ ਵੀ ਇਕ ਮਾਂ ਹੁੰਦੀ ਸੀ।' (ਮਲੂਕ ਸਿੰਘ ਵਿਰਕ)

ਪੇਂਡੂ ਜੱਟ ਜ਼ਿੰਮੀਦਾਰ ਬੰਦਾ ਜੇਕਰ ਸ਼ਾਇਰੀ ਲਿਖਦਾ ਹੈ/ ਪੜ੍ਹਦਾ ਹੈ ਤਾਂ ਸਾਡੇ ਲਈ ਇਹੀ ਬਹੁਤ ਵੱਡੀ ਪ੍ਰਾਪਤੀ ਹੈ।

ਨਿਸ਼ਾਨ ਸਿੰਘ ਰਾਠੌਰ ਦੀਆਂ ਹੁਣ ਤੱਕ ਚਾਰ ਕਿਤਾਬਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਕ ਕਹਾਣੀ- ਸੰਗ੍ਰਹਿ ਵੀ ਛੱਪਿਆ ਹੈ। ਪਿਛਲੇ ਵਰ੍ਹੇ 2018 ਵਿਚ 'ਮੈਂ ਖੁਦਕੁਸ਼ੀ ਨਹੀਂ ਕੀਤੀ' ਖੁੱਲੀ ਕਵਿਤਾ ਦੀ ਕਿਤਾਬ ਵੀ ਪੰਜਾਬੀ ਪਾਠਕਾਂ ਦੀ ਝੋਲੀ ਪਾ ਚੁਕਿਆ ਹੈ। ਨਿਸ਼ਾਨ ਸਿੰਘ ਰਾਠੌਰ ਦੀਆਂ ਕਵਿਤਾਵਾਂ ਦਾ ਮੂਲ ਵਿਸ਼ਾ ਫ਼ੌਜੀ ਜੀਵਨ ਨਾਲ ਸੰਬੰਧਤ ਹੁੰਦਾ ਹੈ ਕਿਉਂਕਿ ਉਹ ਖੁਦ ਫ਼ੌਜੀ ਅਫ਼ਸਰ ਹੈ;

'ਸੱਚ ਆਖਦਾ ਹਾਂ ਦੋਸਤੋ
ਫ਼ੌਜੀ ਭਾਵੇਂ ਹਿੰਦੋਸਤਾਨ ਦਾ ਮਰੇ
ਤੇ ਭਾਵੇਂ ਪਾਕਿਸਤਾਨ ਦਾ
ਮਰਦਾ ਤਾਂ
ਕਿਸੇ ਮਾਂ ਦਾ ਪੁੱਤ ਹੈ।' (ਨਿਸ਼ਾਨ ਸਿੰਘ ਰਾਠੌਰ)

ਨਿਸ਼ਾਨ ਸਿੰਘ ਰਾਠੌਰ ਫ਼ੌਜ ਵਿਚ ਨੌਕਰੀ ਕਰਦਿਆਂ ਵੀ ਪੰਜਾਬੀ ਜ਼ੁਬਾਨ ਪ੍ਰਤੀ ਬਹੁਤ ਫ਼ਿਕਰਮੰਦ ਰਹਿੰਦਾ ਹੈ। ਅਖ਼ਬਾਰਾਂ, ਰਸਾਲਿਆਂ ਵਿਚ ਨਿਰੰਤਰ ਪ੍ਰਕਾਸ਼ਿਤ ਹੁੰਦਾ ਰਹਿੰਦਾ ਹੈ। ਸੋਸ਼ਲ- ਮੀਡੀਆ ਤੇ ਬਹੁਤ ਸਰਗਰਮ ਰਹਿੰਦਾ ਹੈ। ਉਸਦਾ ਪੱਕਾ ਟਿਕਾਣਾ ਕੁਰੂਕਸ਼ੇਤਰ ਹੈ।

ਕਰਮਜੀਤ ਦਿਉਣ ਐਲਨਾਬਾਦ ਮੂਲ ਰੂਪ ਵਿਚ ਰੇਡੀਓ ਹੋਸਟ ਹੈ। ਪਰ ਇਸ ਦੇ ਨਾਲ- ਨਾਲ ਉਸਨੇ ਦੋ ਪੁਸਤਕਾਂ ਵੀ ਪੰਜਾਬੀ ਪਾਠਕਾਂ ਦੀ ਝੋਲੀ ਪਾਈਆਂ ਹਨ। ਇਕ ਗੀਤ- ਸੰਗ੍ਰਹਿ ਅਤੇ ਦੂਜਾ ਕਾਵਿ- ਸੰਗ੍ਰਹਿ। ਕਰਮਜੀਤ ਦਿਉਣ ਸੰਵੇਦਨਾ ਭਰਪੂਰ ਸ਼ਾਇਰੀ ਲਿਖਦੀ ਹੈ;

'ਪਿਆਰ ਮੁਹੱਬਤ ਦਾ ਅੱਖਰ ਜਦ
ਮੇਰੀ ਕਾਨੀ ਪਾਉਂਦੀ ਹੈ।
ਬਾਬੁਲ ਦੀ ਸ਼ਮਲੇ ਵਾਲੀ ਪੱਗ ਖ਼ਾਬਾਂ
ਵਿਚ ਲਹਿਰਾਉਂਦੀ ਹੈ।' (ਕਰਮਜੀਤ ਦਿਉਣ)

ਕਰਮਜੀਤ ਦਿਉਣ ਐਲਨਾਬਾਦ ਅੱਜਕਲ੍ਹ ਸਿਰਸੇ 'ਚ ਇਕ ਸਕੂਲ ਵਿਖੇ ਪੰਜਾਬੀ ਅਧਿਆਪਕਾਂ ਦਾ ਫ਼ਰਜ ਵੀ ਨਿਭਾ ਰਹੀ ਹੈ।

ਪੁਸਤਕ ਸੱਭਿਆਚਾਰ ਤੋਂ ਦੂਰ ਸ਼ਾਇਰ : –

ਸਾਡੇ ਲੇਖ ਦੇ ਇਸ ਹਿੱਸੇ ਵਿਚ ਉਹਨਾਂ ਸ਼ਾਇਰਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ ਜਿਹੜੇ ਅੱਜਕਲ੍ਹ ਕਵਿਤਾ ਤਾਂ ਸਿਰਜ ਰਹੇ ਹਨ ਪਰ ਉਹਨਾਂ ਦੀ ਅਜੇ ਤੱਕ ਕੋਈ ਪੁਸਤਕ ਪੰਜਾਬੀ ਪਿਆਰਿਆਂ ਦੇ ਹੱਥਾਂ ਤੱਕ ਨਹੀਂ ਪਹੁੰਚੀ ਭਾਵ ਉਹ ਅਜੇ ਤੱਕ ਪੁਸਤਕ ਸੱਭਿਆਚਾਰ ਤੋਂ ਦੂਰ ਹਨ।

ਗੁਰਚਰਨ ਸਿੰਘ ਜੋਗੀ ਦੀ ਭਾਵੇਂ ਕੋਈ ਪੁਸਤਕ ਅਜੇ ਤੱਕ ਨਹੀਂ ਛੱਪੀ ਪਰ ਉਸਨੂੰ ਗ਼ਜ਼ਲ ਦੀ ਨਿੱਕੀ ਬਹਿਰ ਦਾ ਵੱਡਾ ਸ਼ਾਇਰ ਕਿਹਾ ਜਾਂਦਾ ਹੈ। ਹਰਿਆਣੇ ਅੰਦਰ ਅਜੋਕੇ ਸਮੇਂ ਗੁਰਚਰਨ ਸਿੰਘ ਜੋਗੀ ਤੋਂ ਵਧੀਆ ਗ਼ਜ਼ਲ ਸ਼ਾਇਦ ਹੀ ਕੋਈ ਸਿਰਜ ਰਿਹਾ ਹੋਵੇ;

'ਮਹਿਫ਼ਿਲ ਵਿਚ ਜੋ ਰੌਸ਼ਨ ਗੱਲਾਂ ਕਰਦਾ ਹੈ
ਨ੍ਹੇਰੇ ਦੀ ਉਹ ਰੋਜ਼ ਹਾਜ਼ਰੀ ਭਰਦਾ ਹੈ।' (ਗੁਰਚਰਨ ਸਿੰਘ ਜੋਗੀ)

ਗੁਰਚਰਨ ਸਿੰਘ ਜੋਗੀ ਸੋਸ਼ਲ- ਮੀਡੀਆ ਉੱਪਰ ਬਹੁਤ ਸਰਗਰਮ ਰਹਿੰਦਾ ਹੈ। ਖ਼ਬਰੇ! ਕੋਈ ਦਿਨ ਅਜਿਹਾ ਲੰਘੇ ਜਦੋਂ ਜੋਗੀ ਦੀ ਕੋਈ ਰਚਨਾ ਪੜ੍ਹਨ ਨੂੰ ਨਾ ਮਿਲੇ। ਅੱਜਕਲ੍ਹ ਸਰਕਾਰੀ ਸਕੂਲ ਵਿਚ ਅਧਿਆਪਕ ਦਾ ਫ਼ਰਜ਼ ਨਿਭਾ ਰਹੇ ਹਨ।

ਤਿਲਕ ਰਾਜ ਘੱਟ ਬੋਲਣ ਅਤੇ ਘੱਟ ਲਿਖਣ ਵਾਲਾ ਸ਼ਾਇਰ ਹੈ। ਉਂਝ ਭਾਵੇਂ ਉਹ ਘੱਟ ਲਿਖਦਾ ਹੈ ਪਰ ਲਿਖਦਾ ਕਮਾਲ ਹੈ। ਉਸਦੀਆਂ ਕਵਿਤਾਵਾਂ ਉੱਪਰ ਰਮੇਸ਼ ਕੁਮਾਰ ਅਤੇ ਪਾਲ ਕੌਰ ਦਾ ਪ੍ਰਭਾਵ ਸਾਫ਼ ਝਲਕਦਾ ਹੈ। ਤਿਲਕਰਾਜ ਵੀ ਅਜੇ ਤੱਕ ਪੁਸਤਕ ਸੱਭਿਆਚਾਰ ਤੋਂ ਦੂਰ ਹੈ। ਉਸਦੀਆਂ ਬਹੁਤੀਆਂ ਕਵਿਤਾਵਾਂ ਜਾਤੀ ਵਿਖਰੇਂਵਿਆਂ ਅਤੇ ਫਿਰਕਾਪ੍ਰਸਤੀ ਵਾਲੀ ਸੋਚ ਦਾ ਖੰਡਨ ਕਰਦੀਆਂ ਹਨ/ ਵਿਰੋਧ ਕਰਦੀਆਂ ਹਨ;

'ਧਰਤੀ ਦੀ ਹਿੱਕ ਤੇ
ਕਿਣਮਿਣ ਕਿਣਮਿਣ ਬਰਸਦੀਆਂ
ਕਣੀਆਂ ਬੂੰਦਾਂ ਨੂੰ
ਇਹ ਕਦੋਂ ਪਤਾ ਹੁੰਦਾ
ਕਿ ਉਹਨਾਂ ਮਸਜਿਦ ਦਾ ਗੁਬੰਦ ਧੋਤਾ
ਜਾਂ ਮੰਦਿਰ ਕਿਸੇ ਦੀ ਮਿੱਟੀ ਨੂੰ ਨਮਨ
ਕੀਤਾ ਹੈ।' (ਤਿਲਕ ਰਾਜ)

ਤਿਲਕ ਰਾਜ ਦੀ ਕਵਿਤਾਵਾਂ ਦੀ ਪੁਸਤਕ ਬਹੁਤ ਜਲਦ ਪੰਜਾਬੀ ਪਾਠਕਾਂ ਦੇ ਹੱਥਾਂ ਵਿਚ ਹੋਵੇਗੀ। ਉਂਝ ਅੱਜਕਲ੍ਹ ਉਹ ਯਮੁਨਾਨਗਰ ਵਿਚ ਪੰਜਾਬੀ ਦਾ ਪ੍ਰੋਫ਼ੈਸਰ ਹੈ।

ਇਹਨਾਂ ਸ਼ਾਇਰਾਂ ਤੋਂ ਇਲਾਵਾ ਦਰਸ਼ਨ ਸਿੰਘ ਦਰਸ਼ੀ, ਬਿੱਟੂ ਸ਼ਾਹਪੁਰੀ, ਮੀਤ ਬਾਜਵਾ, ਅਵੀ ਸੰਧੂ, ਗੁਰਸ਼ਰਨ ਪਰਵਾਨਾ, ਪ੍ਰਵੀਨ ਸ਼ਰਮਾ, ਵਿਸ਼ਨੂੰ ਵੋਹਰਾ, ਗੁਰਦੇਵ ਦਾਮਲੀ, ਲਵ ਕੁਮਾਰ, ਰਾਜਿੰਦਰ ਰੈਣਾ, ਸਾਨੀਆਪ੍ਰੀਤ, ਤਾਜ ਤੂਰ ਅਤੇ ਗੁਰਮੀਤ ਔਲਖ਼ ਆਦਿਕ ਸ਼ਾਇਰ ਵੀ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਸਾਹਿਤ ਜਗਤ ਦੇ ਵਿਹੜੇ ਵਿਚ ਆਪਣੀ ਹਾਜ਼ਰੀ ਲਗਵਾਉਂਦੇ ਰਹਿੰਦੇ ਹਨ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਹਰਿਆਣੇ ਦੀ ਨਵੀਂ ਪੰਜਾਬੀ ਕਵਿਤਾ ਦਾ ਭੱਵਿਖ ਬਹੁਤ ਸਾਰੇ ਨਵੇਂ ਸ਼ਾਇਰਾਂ ਦੇ ਹੱਥਾਂ ਵਿਚ ਮਹਿਫ਼ੂਜ ਹੈ। ਨਵੇਂ ਸ਼ਾਇਰ ਜਿੱਥੇ ਗੁਣਾਤਮਕ ਪੱਖੋਂ ਵਧੀਆ ਕਾਰਗੁਜਾਰੀ ਵਿਖਾ ਰਹੇ ਹਨ ਉੱਥੇ ਗਿਣਾਤਮਕ ਪੱਖੋਂ ਵੀ ਘੱਟ ਨਹੀਂ ਹਨ। ਇਹ ਹਰਿਆਣੇ ਦੀ ਪੰਜਾਬੀ ਕਵਿਤਾ ਲਈ ਸ਼ੁਭ ਸ਼ਗਨ ਹੈ। ਆਮੀਨ

# 1054/1, ਵਾ. ਨੰ. 15- ਏ,
ਭਗਵਾਨ ਨਗਰ ਕਾਲੋਨੀ, ਪਿੱਪਲੀ,
ਕੁਰੂਕਸ਼ੇਤਰ।
ਸੰਪਰਕ : 75892- 33437,
90414- 98009.

ਇੰਨ੍ਹਾਂ ਤੋਂ ਦੇਸ਼- ਵਿਦੇਸ਼ ਦੇ ਬਹੁਤ ਲੋਕ ਫਾਇਦਾ ਉਠਾ ਚੁੱਕੇ ਹਨ। ਸਮੱਸਿਆ ਜਿਸ ਤਰ੍ਹਾਂ ਦੀ ਮਰਜ਼ੀ ਹੋਵੇ ਜੜ੍ਹ ਤੋਂ ਖਾਤਮਾ।
ਅਘੋਰੀ ਸ਼ਕਤਿਆਂ ਦੇ ਬੇਤਾਜ ਬਾਦਸ਼ਾਹ
ਸ਼੍ਰੀ ਸੀਤਾਰਾਮ ਜੀ ਗੁਰੂ ਮਹਾਰਾਜ

60 ਸਾਲਾਂ ਦਾ ਮਹਾਨ ਤਜ਼ਰਬਾ
ਝੂਠੇ ਅਤੇ ਪਖੰਡੀ ਪੰਡਿਤ ਬਾਬਿਆਂ, ਮਾਤਾਵਾਂ ਦੇ ਚੱਕਰਾਂ 'ਚ ਫਸ ਕੇ ਆਪਣਾ ਸਮਾਂ ਅਤੇ ਪੈਸਾ ਬਰਬਾਦ ਨਾ ਕਰੋ।
ਸਪੈਸ਼ਲਿਸਟ:- ਸੌਤਨ- ਦੁਸ਼ਮਣ ਦਾ ਜੜ੍ਹ ਤੋਂ ਖਾਤਮਾ, ਪ੍ਰੇਮੀ- ਪੁੱਤਰ ਨੂੰ ਵਸ਼ ਵਿੱਚ ਕਰਨਾ, ਔਲਾਦ ਨਾ ਹੋਣਾ, ਨਸ਼ੇ ਤੋਂ ਮੁਕਤੀ, ਪਤੀ- ਪਤਨੀ ਵਿੱਚ ਅਣਬਣ, ਬਿਮਾਰੀ ਵਿੱਚ ਦਵਾਈ ਨਾ ਲਗਣਾ, ਮਨਚਾਹਿਆ ਵਸ਼ੀਕਰਣ ਕਰਾਉਣਾ / ਤੁੜਵਾਣਾ, ਕੀਤੇ ਕਰਾਏ ਦੀ ਕਾਟ, ਪਿਆਰ ਵਿੱਚ ਧੋਖਾ, ਕਿਸਮਤ 'ਚ ਲੱਕੀ ਲਾਟਰੀ ਤੋਂ ਧਨ ਪ੍ਰਾਪਤੀ ਦਾ ਯੋਗ ਹੈ ਜਾਂ ਨਹੀਂ ਆਦਿ ਅਘੋਰੀ ਸ਼ਕਤੀਆਂ ਦੁਆਰਾ ਹਰ ਤਰ੍ਹਾਂ ਦੇ ਕਾਲੇ ਇਲਮ ਅਤੇ ਜਾਦੂ-ਟੂਣੇ ਟੋਟਕੇ ਦੀ ਕਾਟ ਹੈ ਮੇਰੇ ਕੋਲ।
Satisfied Customers : 83,425 - ਇੱਕ ਫੋਨ ਕਾੱਲ ਤੁਹਾਡੀ ਦਸ਼ਾ ਤੇ ਦਿਸ਼ਾ ਬਦਲ ਸਕਦੀ ਹੈ
ਹਰ ਜਗ੍ਹਾ ਤੋਂ ਦੁਖੀ ਅਤੇ ਨਿਰਾਸ਼ ਮਾਤਾ ਅਤੇ ਭਾਈ-ਭੈਣ ਸ਼ਰਧਾ ਅਤੇ ਵਿਸ਼ਵਾਸ਼ ਨਾਲ ਇੱਕ ਵਾਰ ਜ਼ਰੂਰ ਫੋਨ ਕਰੋ।
+91 97797-93482

ਫ੍ਰੀ ਸੇਵਾ - ਫੀਸ ਕੰਮ ਹੋਣ ਤੋਂ ਬਾਅਦ

All World Open Challenge
ਦੁਖੀ ਲੋਕਾਂ ਦੀ ਫਰਿਆਦ ਸੁਣਨਾ ਤੇ ਉਸ ਦਾ ਸਮਾਧਾਨ ਕਰਨਾ ਹੀ ਸਾਡਾ ਧਰਮ ਅਤੇ ਕਰਮ ਹੈ
25 ਸਾਲਾਂ ਤੋਂ ਲੋਕਾਂ ਦੇ ਵਿਸ਼ਵਾਸਪਾਤਰ
BABA AKSHIT JI
ਤੁਹਾਡਾ ਪਤੀ, ਪ੍ਰੇਮੀ, ਬੇਟਾ, ਭਾਈ ਕਿਸੇ ਨੇ ਵਸ਼ ਵਿੱਚ ਕੀਤਾ ਹੋਇਆ ਹੈ ਤਾਂ ਆਪਣੇ ਕੋਲ ਤੁਰੰਤ ਵਾਪਿਸ ਪਾਓ।
ਸੋਹਣੀ ਵਸ਼ੀਕਰਣ ਅਤੇ ਲਾੱਟਰੀ ਨੰਬਰ ਦੇ ਸਪੈਸ਼ਲਿਸਟ
ਸਪੈਸ਼ਲਿਸਟ : ਵਸ਼ੀਕਰਨ ਕਰਨਾਂ ਜਾਂ ਤੁੜਵਾਉਣਾ, ਪ੍ਰੇਮ ਵਿਆਹ, ਲਾਟਰੀ, ਸੌਤਨ / ਦੁਸ਼ਮਨ ਤੋਂ ਛੁਟਕਾਰਾ, ਘਰੇਲੂ ਝਗੜਾ, ਕਾਰੋਬਾਰ, 'ਚ ਰੁਕਾਵਟ ਆਦਿ।
Childless Sisters will get 100% Results
MARRIAGE DISPUTE SPECIALIST
100% GUARANTEE FOR SOLUTION AND PRIVACY
PLEASE REMEMBER NO ONE HAS BEEN SEPARATE IN LIFE AFTER CONSULTING AKSHIT JI
+91-98764-78724

# ਗਾਲ ਦੇਣ ਕਾਰਨ ਗੁਰਦਾਸ ਮਾਨ ਦਾ ਨਾ ਪੂਰਾ ਹੋਣ ਵਾਲਾ ਹੋਇਆ ਨੁਕਸਾਨ-ਪਾਲੀ ਭੁਪਿੰਦਰ ਸਿੰਘ

- ਡੇਰਾ ਨਕੋਦਰ ਨਾਲ ਜੁੜਣ ਕਾਰਨ ਤਿੰਨ ਸਾਲ ਤੋਂ ਹੈ ਸੋਸ਼ਲ ਮੀਡੀਆ ਦੇ ਨਿਸ਼ਾਨੇ 'ਤੇ
- ਪੰਜਾਬੀ ਮਰੀ ਨਹੀਂ, ਤਰੱਕੀ ਵੱਲ ਵਧਦੀ ਜਾ ਰਹੀ ਹੈ
- ਭਾਰਤੀ ਸੰਵਿਧਾਨ ਵੱਲੋਂ 22 ਭਾਸ਼ਾਵਾਂ ਸਵੀਕਾਰ ਹਨ
- ਜੰਮਣ ਤੋਂ ਬੋਲੀ ਜਾਣ ਵਾਲੀ ਭਾਸ਼ਾ ਕਦੇ ਵੀ ਨਹੀਂ ਮਰਦੀ



## ਸੁਖਮੰਦਰ ਸਿੰਘ ਬਰਾੜ-ਭਗਤਾ ਭਾਈ ਕਾ ਵੱਲੋਂ ਪੇਸ਼ ਹੈ ਪਾਲੀ ਭੁਪਿੰਦਰ ਸਿੰਘ ਦੀ ਵਿਸ਼ੇਸ਼ ਇੰਟਰਵਿਊ

ਪੰਜਾਬੀ ਜ਼ੁਬਾਨ ਨੂੰ ਲੈ ਕੇ ਬਾਬਾ ਬੋਹੜ ਵਜੋਂ ਜਾਣੇ ਜਾਂਦੇ ਪੰਜਾਬੀ ਦੇ ਸੁਪ੍ਰਸਿੱਧ ਗਾਇਕ ਗੁਰਦਾਸ ਮਾਨ ਨਾਲ ਜੁੜੇ ਕੈਨੇਡਾ ਦੇ ਸ਼ਹਿਰ ਐਬਟਸਫੋਰਡ ਤੋਂ ਉੱਠੇ ਵਿਵਾਦ ਇਸ ਕਰਕੇ ਵੀ ਰੁਕਣ ਦਾ ਨਾਂ ਨਹੀਂ ਲੈ ਰਹੇ ਕਿਉਂਕਿ ਇੱਕ ਸਟੇਜ਼ ਪ੍ਰੋਗਰਾਮ ਦੌਰਾਨ ਗੁਰਦਾਸ ਮਾਨ ਦੇ ਅੰਦਰਲਾ ਜੀਅ ਗਰਮ ਹੋ ਜਾਣ ਨਾਲ ਇੱਕ ਪ੍ਰਦਰਸ਼ਨਕਾਰੀ ਨੂੰ ਉਹ ਪੰਜਾਬੀਆਂ ਵਾਲੀ ਹੀ ਗਾਲ ਕੱਢ ਬੈਠਾ। ਪੰਜਾਬੀ ਦੇ ਉੱਘੇ ਨਾਟਕਕਾਰ ਅਤੇ ਲੇਖਕ ਪਾਲੀ ਭੁਪਿੰਦਰ ਸਿੰਘ ਨੇ ਇੱਕ ਇੰਟਰਵਿਊ ਦੌਰਾਨ ਗੱਲ-ਬਾਤ ਕਰਦਿਆਂ ਕਿਹਾ ਕਿ ਗੁਰਦਾਸ ਮਾਨ ਨਾਲ ਜੁੜਿਆ ਗਾਲ ਦਾ ਵਿਵਾਦ ਬਹੁਤ ਹੀ ਮੰਦਭਾਗਾ ਹੈ ਜਿਸ ਵਿਵਾਦ ਨੇ ਪੰਜਾਬੀ ਗਾਇਕੀ, ਪੰਜਾਬੀ ਭਾਸ਼ਾ, ਪੰਜਾਬੀ ਸੰਗੀਤ ਅਤੇ ਪੰਜਾਬੀ ਸਾਹਿਤ ਨੂੰ ਕਿਤੇ ਨਾ ਕਿਤੇ ਬੇਚੈਨ ਜ਼ਰੂਰ ਕੀਤਾ ਹੈ। ਇੱਕ ਰਾਸ਼ਟਰ ਇੱਕ ਭਾਸ਼ਾ ਬਾਰੇ ਗੱਲ ਕਰਦਿਆਂ ਪਾਲੀ ਭੁਪਿੰਦਰ ਸਿੰਘ ਨੇ ਕਿਹਾ ਕਿ ਮੇਰਾ ਇਸ ਨਾਲ ਸਹਿਮਤ ਹੋਣਾ ਦੂਰ ਦੀ ਗੱਲ ਹੈ ਅਤੇ ਮੈਂ ਇਸ ਦੇ ਸਖ਼ਤ ਖ਼ਿਲਾਫ਼ ਹਾਂ। ਉਨ੍ਹਾਂ ਨੇ ਕਿਹਾ ਸਾਡੀ ਕੰਮ-ਕਾਜ ਦੀ ਭਾਸ਼ਾ ਹਿੰਦੀ ਜ਼ਰੂਰ ਹੈ ਅਤੇ ਸਰਕਾਰੀ ਪੱਧਰ 'ਤੇ ਹਿੰਦੀ 'ਚ ਕੰਮ-ਕਾਜ ਵੀ ਹੋ ਰਹੇ ਹਨ ਸਾਨੂੰ ਇਸ ਪ੍ਰਤੀ ਕੋਈ ਇਤਰਾਜ਼ ਨਹੀਂ ਹੈ ਪਰ ਜੇ ਕਿਸੇ ਇੱਕ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਬਣਾਉਣ ਦੀ ਕੋਸ਼ਿਸ਼ ਹੋਵੇ ਤਾਂ ਮੈਂ ਇਸ ਗੱਲ ਦੇ ਖ਼ਿਲਾਫ਼ ਹਾਂ। ਸਾਨੂੰ ਰਾਸ਼ਟਰੀ ਭਾਸ਼ਾ ਦੀ ਬਿਲਕੁਲ ਹੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਨੇ ਵੱਖਰੇ ਵੱਖਰੇ ਸੂਬਿਆਂ 'ਚ 22 ਭਾਸ਼ਾਵਾਂ ਨੂੰ ਸਵੀਕਾਰ ਕੀਤਾ ਹੋਇਆ ਹੈ ਜੋ ਕਿ ਸਾਡੇ ਲਈ 22 ਦੀਆਂ 22 ਭਾਸ਼ਾਵਾਂ ਰਾਸ਼ਟਰੀ ਭਾਸ਼ਾਵਾਂ ਹਨ।

ਗੁਰਦਾਸ ਮਾਨ ਨਾਲ ਜੁੜੇ ਵਿਵਾਦ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇੱਕ ਰਾਸ਼ਟਰ ਇੱਕ ਭਾਸ਼ਾ ਬਾਰੇ ਜੋ ਸਵਾਲ ਪੁੱਛਿਆ ਗਿਆ ਸੀ ਉਹ ਗ੍ਰਹਿ ਮੰਤਰੀ ਅਮਿੱਤ ਸ਼ਾਹ ਦੇ ਬਿਆਨ ਨਾਲ ਜੋੜ ਕੇ ਪੁੱਛਿਆ ਗਿਆ ਸੀ ਕਿਉਂਕਿ ਅਮਿੱਤ ਸ਼ਾਹ ਇੱਕ ਰਾਸ਼ਟਰ ਇੱਕ ਬੋਲੀ ਦੀ ਵਕਾਲਤ ਕਰ ਰਹੇ ਸਨ, ਪਰ ਗੁਰਦਾਸ ਮਾਨ ਇਸ ਗੱਲ ਨੂੰ ਸਮਝ ਨਾ ਸਕੇ ਅਤੇ ਉਨ੍ਹਾਂ ਨੇ ਸਰਸਰੀ ਹੀ ਇਹ ਕਹਿ ਦਿੱਤਾ ਕਿ ਹਾਂ! ਇਸ ਤਰਾਂ ਹੋਣਾ ਚਾਹੀਦਾ ਕਿਉਂਕਿ ਹਿੰਦੀ ਸਾਡੀ ਮਾਸੀ ਹੈ ਅਤੇ ਇਸ ਦਾ ਵੀ ਖਿਆਲ ਰੱਖਣ ਦੀ ਲੋੜ ਹੈ।ਗੁਰਦਾਸ ਮਾਨ ਪੰਜਾਬੀ ਗਾਇਕੀ ਦਾ ਵੱਡਾ ਥੰਮ ਹੋਣ ਕਾਰਨ ਇਹ ਗੱਲ ਸਮਝਣ ਵਿੱਚ ਮਾਰ ਖਾ ਗਿਆ ਕਿ ਸਵਾਲ ਪੁੱਛਣ ਵਾਲਾ ਬੜਾ ਗੰਭੀਰ ਸਵਾਲ ਪੁੱਛ ਰਿਹਾ ਸੀ। ਇੱਕ ਰਾਸ਼ਟਰ ਇੱਕ ਭਾਸ਼ਾ ਵਾਲਾ ਗੁਰਦਾਸ ਮਾਨ ਦਾ ਜਵਾਬ ਅਮਿੱਤ ਸ਼ਾਹ ਦੇ ਬਿਆਨ ਨਾਲ ਜੁੜ ਕੇ ਇਨਾਂ ਖ਼ਤਰਨਾਕ ਹੋ ਗਿਆ ਕਿ ਉਨ੍ਹਾਂ ਖਿਲਾਫ਼ ਉੱਠੇ ਵਿਵਾਦ ਨੂੰ ਉਹ ਖ਼ੁਦ ਵੀ ਰੋਕ ਨਾ ਸਕੇ।

ਇਸ ਤੋਂ ਇਲਾਵਾ ਇੱਕ ਹੋਰ ਵਿਵਾਦ ਵੀ ਚੁੱਪ ਚੁਪੀਤੇ ਗੁਰਦਾਸ ਮਾਨ ਨਾਲ ਜੁੜਿਆ ਹੋਇਆ ਉੱਭਰਕੇ ਸਾਹਮਣੇ ਆਇਆ ਕਿ ਗੁਰਦਾਸ ਮਾਨ ਤਿੰਨ ਕੁ ਸਾਲ ਤੋਂ ਨਕੋਦਰ ਵਾਲੇ ਮੁਰਾਦ ਸ਼ਾਹ ਦੇ ਡੇਰੇ ਕਰਕੇ ਵੀ ਸੋਸ਼ਲ ਮੀਡੀਆ ਦੇ ਨਿਸ਼ਾਨੇ 'ਤੇ ਚੱਲਿਆ ਆ ਰਿਹਾ ਹੈ ਕਿਉਂਕਿ ਜਦੋਂ ਦਾ ਉਹ ਇਸ ਡੇਰੇ ਦਾ ਗੱਦੀ ਨਸ਼ੀਨ ਹੋਇਆ ਹੈ, ਉਦੋਂ ਤੋਂ ਹੀ ਸੋਸ਼ਲ ਮੀਡੀਆ ਉਨ੍ਹਾਂ ਨੂੰ ਚਿਲਮਾਂ ਵਾਲਾ ਅਤੇ ਕਈ ਤਰਾਂ ਦੇ ਹੋਰ ਬੋਲ-ਕਬੋਲ ਬੋਲ ਰਿਹਾ ਹੈ ਨਾਲ ਇਹ ਗੱਲ ਵੀ ਕਹਿ ਰਿਹਾ ਕਿ ਜਦੋਂ ਪੰਜਾਬ 'ਚ ਨਸ਼ੇ ਦਾ ਝੱਖੜ ਝੁੱਲ ਰਿਹਾ ਸੀ ਤਾਂ ਮਾਨ ਉਦੋਂ ਕਿਉਂ ਨ੍ਹੀ ਬੋਲਿਆ।

ਬੱਤੀ ਬਾਰੇ ਗੱਲ ਕਰਦਿਆਂ ਸ੍ਰੀ ਪਾਲੀ ਨੇ ਕਿਹਾ ਬੱਤੀ ਵਾਲੀ ਗਾਲ਼ ਤੋਂ ਮਾਨ ਨੇ ਮਾਫ਼ੀ ਮੰਗਣ ਦੀ ਬਜਾਏ ਅਗਲੇ ਦਿਨ ਸਟੇਜ਼ ਤੋਂ ਫਿਰ ਸ਼ਰਾਰਤਾਂ ਵਾਲਾ ਰੁਖ ਅਖਤਿਆਰ ਕਰਦਿਆਂ 'ਦੇਹ ਸਿਵਾ ਬਰ ਮੋਹਿ' ਗੀਤ ਨੂੰ 'ਬੰਮ-ਬੰਮ ਬੋਲੇਂ' ,ਚ ਬਦਲ ਕੇ ਹੈਂਕੜ ਦਿਖਾਈ ਕਿ ਜਾਉ ਜਿਹੜਾ ਕੁਝ ਕਰਨਾ ਕਰ ਲਉ। ਉਸ ਸਮੇਂ ਇਹ ਸਾਫ਼ ਝਲਕ ਰਿਹਾ ਸੀ ਕਿ ਗੁਰਦਾਸ ਮਾਨ ਪੰਗੇ ਲੈਣ 'ਤੇ ਉੱਤਰ ਆਇਆ ਹੈ। ਮਾਫ਼ੀ ਬਾਰੇ ਗੱਲ ਕਰਦਿਆ ਸ੍ਰੀ ਪਾਲੀ ਨੇ ਕਿਹਾ ਕਿ ਮਾਨ ਮਾਫ਼ੀ ਮੰਗੇ ਜਾਂ ਨਾ ਮੰਗੇ ਪਰ ਉਨ੍ਹਾਂ ਦਾ ਅਤੇ ਉਨ੍ਹਾਂ ਦੀ ਗਾਇਕੀ ਦਾ ਨਾ ਪੂਰਾ ਹੋਣ ਵਾਲਾ ਨੁਕਸਾਨ ਹੋ ਗਿਆ ਹੈ।

ਆਖ਼ਰ ਵਿੱਚ ਪੰਜਾਬੀ ਜ਼ੁਬਾਨ ਬਾਰੇ ਗੱਲ ਕਰਦਿਆਂ ਸ੍ਰੀ ਪਾਲੀ ਨੇ ਕਿਹਾ ਕਿ ਦੂਜੀਆਂ ਭਾਸ਼ਾਵਾਂ ਸਿੱਖਣ ਨਾਲ ਕਦੇ ਵੀ ਕਿਸੇ ਦੀ ਮਾਂ ਬੋਲੀ ਪਿੱਛੇ ਨਹੀਂ ਰਹਿੰਦੀ ਕਿਉਂਕਿ ਜੰਮਣ ਤੋਂ ਲੈ ਕੇ ਬੋਲੀ ਜਾਣ ਵਾਲੀ ਮਾਂ ਬੋਲੀ ਕਦੇ ਵੀ ਨਹੀਂ ਭੁੱਲਦੀ ਹੁੰਦੀ, ਨਾ ਭੁਲਾਈ ਜਾ ਸਕੇ ਤੇ ਨਾ ਹੀ ਕੋਈ ਮਾਂ ਬੋਲੀ ਮਰੇ। ਖ਼ੁਸ਼ਵੰਤ ਸਿੰਘ ਨੇ ਤਾਂ 80ਵਿਆਂ 'ਚ ਹੀ ਪੰਜਾਬੀ ਬਾਰੇ ਕਹਿ ਦਿੱਤਾ ਸੀ ਸੰਨ 2000 ਤੱਕ ਪੰਜਾਬੀ ਖਤਮ ਹੋ ਜਾਵੇਗੀ। ਯੂਨਾਈਟਿਡ ਨੇਸ਼ਨ ਵੀ ਕਹਿ ਰਿਹਾ ਸੀ ਕਿ ਜਿਹੜੀਆਂ ਦੋ ਢਾਈ ਸੌ ਭਾਸ਼ਾਵਾਂ ਮਰਨਗੀਆਂ ਉਨ੍ਹਾਂ ਵਿੱਚ ਪੰਜਾਬੀ ਇੱਕ ਹੈ। 152 ਮੁਲਕਾਂ 'ਚ ਪੰਜਾਬੀ ਆਪਣੀ ਮਾਂ ਬੋਲੀ ਬੋਲ ਰਹੇ ਹਨ। ਵੈਨਕੂਵਰ ਦੀਆਂ ਯੂ ਬੀ ਸੀ ਤੋਂ ਦੋ ਚੀਨੀ ਕੁੜੀਆਂ ਨੇ ਪੰਜਾਬੀ 'ਚ ਮਾਸਟਰ ਡਿਗਰੀ ਕੀਤੀ ਹੈ। ਕੈਨੇਡਾ 'ਚ ਕਈ ਪੰਜਾਬੀ ਸਕੂਲ ਬੜੀ ਸਫਲਤਾ ਨਾਲ ਚੱਲ ਰਹੇ ਹਨ ਅਤੇ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ ਜਦੋਂ ਕਿ ਹੋਰਨਾਂ ਭਾਈਚਾਰਿਆਂ ਦੇ ਬੱਚੇ ਵੀ ਪੰਜਾਬੀ ਸਿੱਖਣ 'ਚ ਦਿਲਚਸਪੀ ਦਿਖਾ ਰਹੇ ਹਨ। ਸੋ ਪੰਜਾਬੀ ਕਦੇ ਵੀ ਨਹੀਂ ਮਰੇਗੀ ਸਗੋਂ ਦਿਨੋ ਦਿਨ ਤਰੱਕੀ ਕਰ ਰਹੀ ਹੈ।

# ਬਾਲ ਕਹਾਣੀ ਘੁਮੰਡ

ਇੱਕ ਸਕੂਲ ਵਿੱਚ ਲੜਕੀ ਪੜ ?ਦੀ ਸੀ, ਉਸਦਾ ਨਾਂ ਸੀਤਾ ਸੀ। ਪੜਾਈ ਵਿੱਚ ਉਹ ਬਹੁਤ ਤੇਜ਼ ਸੀ। ਹਰ ਸਾਲ ਉਹ ਆਪਣੀ ਜਮਾਤ ਵਿੱਚੋ ਪਹਿਲੇ ਸਥਾਨ 'ਤੇ ਆਉਂਦੀ। ਉਸ ਨੂੰ ਆਪਣੀ ਇਸ ਖ਼ੂਬੀ ਦਾ ਬਹੁਤ ਹੀ ਘੁਮੰਡ ਸੀ। ਉਹ ਆਪਣੇ ਆਪ ਨੂੰ ਦੁਨੀਆਂ ਨਾਲੋਂ ਵੱਖਰੀ ਸਮਝਣ ਲੱਗੀ।

ਕਈ ਵਾਰ ਉਹ ਆਪਣੇ ਮਨ ਵਿੱਚ ਸੋਚਦੀ ਕਿ ਮੇਰੇ ਨਾਲੋਂ ਸਮਝਦਾਰ ਹੋਰ ਕੋਈ ਹੈ ਹੀ ਨਹੀਂ ਉਹ ਆਪਣੀ ਜਮਾਤ ਵਿੱਚ ਕਮਜ਼ੋਰ ਬੱਚਿਆਂ ਨੂੰ ਕੁਝ ਦੱਸਣ ਦੀ ਬਜਾਏ ਉਨ੍ਹਾਂ ਦਾ ਮਜ਼ਾਕ ਉਡਾਉਂਦੀ। ਹੌਲ਼ੀ-ਹੌਲ਼ੀ ਦਿਨ ਬੀਤਣ ਲੱਗੇ। ਹੁਣ ਉਸਦੇ ਇਮਤਿਹਾਨ ਨੇੜੇ ਆ ਰਹੇ ਸਨ, ਉਹ ਸੋਚਣ ਲੱਗੀ ਕਿ ਜਦੋਂ ਮੇਰੇ ਇਮਤਿਹਾਨਾ ਵਿੱਚੋਂ ਸਭ ਤੋਂ ਵੱਧ ਅੰਕ ਆਏ ਤਾਂ ਸਾਰੇ ਜਮਾਤੀਆਂ ਨੂੰ ਸ਼ਰਮ ਮਹਿਸੂਸ ਹੋਵੇਗੀ ਅਤੇ ਸਾਰੇ ਮੇਰੀ ਹੀ ਤਾਰੀਫ਼ ਕਰਨਗੇ।

ਪੜਾਈ ਦੇ ਘੁਮੰਡ ਕਾਰਨ ਉਹ ਪੜ ?ਨਾ ਛੱਡ ਕੇ ਇੱਧਰ ਉੱਧਰ ਦੀਆਂ ਗੱਲਾਂ ਵਿੱਚ ਵਕਤ ਬਿਤਾਉਣ ਲੱਗੀ। ਪੜ ?ਨ ਨੂੰ ਉਹ ਬਹੁਤ ਤੁੱਛ1 ਜਿਹਾ ਕੰਮ ਸਮਝਦੀ ਸੀ। ਉਸਨੂੰ ਜਾਪਦਾ ਸੀ ਕਿ ਉਹ ਤਾਂ ਉਂਝ ਹੀ ਸਿਰ ਖਪਾਈ ਕਰਦੇ ਰਹਿਣ ਵਾਲੇ ਜਮਾਤੀਆਂ ਤੋਂ ਅਵੱਲ ਆ ਹੀ ਜਾਵੇਗੀ।

ਅੰਤ ਇਮਤਿਹਾਨ ਹੋ ਗਏ ਅਤੇ ਨਤੀਜਿਆਂ ਵਿੱਚ ਸੀਤਾ ਕਾਫ਼ੀ ਪਛੜ ਗਈ, ਮਿਹਨਤ ਅਤੇ ਲਗਨ ਨਾਲ ਪੜਨ ਵਾਲੇ ਅਰਸ਼ਦੀਪ ਅਤੇ ਗੁਰਪ੍ਰੀਤ ਉਸ ਤੋਂ ਕਿਤੇ ਵਧੀਆ ਨੰਬਰ ਲੈ ਕੇ ਪਾਸ ਹੋਏ। ਤਾਂ ਹੁਣ ਉਸਨੂੰ ਬਹੁਤ ਪਛਤਾਵਾ ਹੋਇਆ। ਪਰ ਹੁਣ ਕੀ ਹੋ ਸਕਦਾ ਸੀ। ਵਕਤ ਹੱਥ ਵਿੱਚੋਂ ਨਿਕਲ ਚੁੱਕਾ ਸੀ। ਇਸ ਲਈ ਕਿ ਸਾਨੂੰ ਹਮੇਸ਼ਾ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ। ਵਕਤ ਵੱਡੇ ਵੱਡੇ ਲੋਕਾਂ ਦਾ ਘੁਮੰਡ ਤੋੜ ਦਿੰਦਾ ਹੈ।

- ਟਵਿੰਕਲ
ਜਮਾਤ ਅੱਠਵੀਂ ਬੀ,
ਸਰਕਾਰੀ ਮਿਡਲ ਸਕੂਲ ਖੇੜਾ (ਫਗਵਾੜਾ) ਕਪੂਰਥਲਾ।
ਫੋਨ 6283964386

# ਭਾਰਤ ਬਹੁਭਾਂਤੀ ਭਾਸ਼ਾਈ ਅਤੇ ਸਭਿਆਚਾਰਾਂ ਦਾ ਦੇਸ਼ : ਤਿਵਾੜੀ

## ਕੈਨੇਡਾ ਵਿਚ ਐਮ . ਪੀ ਮਨੀਸ਼ ਤਿਵਾੜੀ ਦਾ ਸਨਮਾਨ




ਨਿਊਯਾਰਕ /ਬਰੈਂਪਟਨ, 27 ਸਤੰਬਰ ( ਰਾਜ ਗੋਗਨਾ )— ਅਮਰੀਕਾ, ਕੈਨੇਡਾ ਆਪਣੀ ਫੇਰੀ ਤੇ ਆਏ ਸ੍ਰੀ ਅਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਨੇ ਕੈਨੇਡਾ ਚ' ਪਾਰਟੀ ਵਲੋ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤ ਬਹੁ ਭਾਸ਼ਾਈ ਦੇਸ਼ ਹੈ । ਪੰਜਾਬੀ ਸਮੇਤ 22 ਭਾਰਤੀ ਭਾਸ਼ਾਵਾਂ ਨੂੰ ਸੰਵਿਧਾਨਕ ਮਾਣਤਾ ਦਿਤੀ ਗਈ ਹੈ। ਕਿਉਂਕਿ ਇਥੇ ਵੱਖ ਵੱਖ ਖਿਤਿਆਂ ਦਾ ਕਲਚਰ ਤੇ ਭਾਸ਼ਾ ਵੱਖ ਵੱਖ ਹਨ ।ਤਿਵਾੜੀ ਇਥੇ ਈਟੋਬੀਕੋ ਵਿਚ ਪੈਂਦੇ ਈਲੀਟ ਬੈਂਕੁਟ ਹਾਲ ਵਿੱਚ ਇੰਡੀਆ ਓਵਰਸੀਜ ਕਾਂਗਰਸ ਵਲੋ ਕਰਵਾਏ ਗਏ ਸਮਾਗਮ ਵਿੱਚ ਸੰਬੋਧਨ ਕਰ ਰਹੇ ਸਨ। ਇਸ ਮੌਕੇ ਤਿਵਾੜੀ ਨੇ ਭਾਸ਼ਾ ਦੇ ਮੁੱਦੇ ਤੇ ਕਿਹਾ ਹੈ ਕਿ ਭਾਰਤ ਬਹੁ ਭਾਸ਼ਾਈ ਦੇਸ਼ ਹੈ । ਪੰਜਾਬੀ ਸਮੇਤ 22 ਭਾਰਤੀ ਭਾਸ਼ਾਵਾਂ ਨੂੰ ਸੰਵਿਧਾਨਕ ਮਾਣਤਾ ਦਿਤੀ ਗਈ ਹੈ। ਕਿਉਂਕਿ ਇਥੇ ਵੱਖ ਵੱਖ ਖਿਤਿਆਂ ਦਾ ਕਲਚਰ ਤੇ ਭਾਸ਼ਾ ਵੱਖ ਵੱਖ ਹਨ । ਉਨ੍ਹਾਂ ਪ੍ਰਵਾਸੀ ਪੰਜਾਬੀਆਂ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਦੁਨੀਆਂ ਦੇ ਬਹੁਤ ਸਾਰੇ ਦੇਸ਼ਾ ਵਿਚ ਪੰਜਾਬੀ ਵੱਸੇ ਹੋਏ ਹਨ, ਜਿਥੇ ਉਨ੍ਹਾਂ ਨੇ ਵਪਾਰਕ ਖੇਤਰ ਵਿਚ ਤਰੱਕੀ ਕੀਤੀ ਹੈ, ਉਥੇ ਰਾਜਨੀਤੀ ਵਿਚ ਵੀ ਅਮਿੱਟ ਪੈੜਾਂ ਛੱਡ ਰਹੇ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਨਵੀਂ ਬਣ ਰਹੀ ਕੈਨੇਡਾ ਸਰਕਾਰ ਵਿਚ ਪੰਜਾਬੀਆਂ ਦੀ ਚੰਗੀ ਸਾਖ ਹੋਵੇਗੀ।ਪੰਜਾਬ ਲਾਰਜ ਇੰਡਸਟਰੀਅਲ ਡੀਵੈਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਨੇ ਕਿਹਾ ਕਿ ਪ੍ਰਵਾਸੀ ਪੰਜਾਬੀ ਪੰਜਾਬ ਦੇ ਪਿੰਡਾਂ ਦੇ ਸਕੂਲਾਂ ਤੇ ਹੈਲਥ ਸੈਂਟਰਾਂ ਲਈ ਹੈਲਪ ਗਰੁੱਪ ਬਣਾਉਣ ਤਾਂ ਸਰਕਾਰ ਉਨ੍ਹਾਂ ਦੇ ਸਹਿਯੋਗ ਨਾਲ ਲੋਕਾਂ ਲਈ ਜ਼ਰੂਰੀ ਸੇਵਾਵਾਂ ਨੂੰ ਕਨੇਡਾ ਦੇ ਪੈਟਰਨ ਤੇ ਪ੍ਰਦਾਨ ਕਰ ਸਕੇ। ਉਨ੍ਹਾਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਐਨ ਆਰ ਆਈਜ ਲਈ ਜ਼ਰੂਰੀ ਕਦਮ ਚੁਕੇ ਹਨ ਤਾਂ ਕਿ ਪ੍ਰਵਾਸੀਆਂ ਨੂੰ ਹਰ ਪੱਧਰ ਤੇ ਇਨਸਾਫ ਮੁਹੱਇਆ ਕਰਵਾਇਆ ਜਾ ਸਕੇ। ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਵਲੋਂ ਤਿਵਾੜੀ ਨੂੰ ਸਨਮਾਣਤ ਵੀ ਕੀਤਾ ਗਿਆ । ਸਮਾਗਮ ਵਿਚ ਓਵਰਸੀਜ ਕਾਂਗਰਸ ਦੇ ਪ੍ਰਧਾਨ ਅਮਰਪ੍ਰੀਤ ਔਲਖ, ਓਨਟਾਰੀਓ ਦੇ ਦੀਪਕ ਅਨੰਦ ਐਮ ਪੀ ਪੀ, ਅਮਰਜੋਤ ਸੰਧੂ ਐੱਮ ਪੀ ਪੀ, ਗੁਰਦੀਪ ਝੱਜ, ਗੁਰਬਕਸ਼ ਭੱਟੀ, ਸਰਬਜੀਤ ਖੰਗੂੜਾ, ਰਣਜੋਧ ਸਿੱਧੂ, ਜਰਨੈਲ ਸਿੰਘ ਗਰੇਵਾਲ, ਰੂਪਾ ਬਰਾੜ, ਪ੍ਰਮਿੰਦਰ ਢਿਲੋਂ, ਇੰਦਰਜੀਤ ਮਾਂਗਟ, ਹਰਪਾਲ ਸੰਧੂ, ਜੋਗਾ ਕੰਗ, ਜਸਪਾਲ ਗੁਨੀਆ, ਗੋਲਡੀ ਕਾਹਲੋ, ਧਰਮਜੀਤ ਮੰਡ, ਜੋਗਾ ਕੰਗ, ਜੀਤਾ ਨੱਤ, ਗੁਰਵਿੰਦਰ ਥਿੰਦ, ਕੁਲਵਿੰਦਰ ਬਰਾੜ, ਰੂਬੀ ਗੋਰਾਇਆ, ਸਰਬਜੀਤ ਸਿੰਘ ਸੈਣੀ ਵੀ ਮੌਜੂਦ ਸਨ। ਅਖੀਰ ਵਿਚ ਅਮਨਪ੍ਰੀਤ ਔਲਖ ਨੇ ਆਏ ਲੋਕਾਂ ਦਾ ਧੰਨਵਾਦ ਕੀਤਾ।

# ਸਮੀਤਪਾਲ ਕੌਰ ਨੇ ਚਮਕਾਇਆ ਕੈਨੇਡਾ ਚ' ਕੈਂਬਰਿਜ ਇੰਟਰਨੈਸਨਲ ਸਕੂਲ ਦਾ ਨਾਂਅ



ਨਿਊਯਾਰਕ/ ਸਰੀ ( ਰਾਜ ਗੋਗਨਾ )— ਕੈਨੇਡਾ ਦੇ ਸ਼ਹਿਰ ਸਰੀ, ਜੋ ਕਿ ਪੰਜਾਬੀਆਂ ਦੀ ਭਰਵੀਂ ਵੱਸੋਂ ਵਾਲਾ ਇਲਾਕਾ ਹੈ, ਉਥੋਂ ਦੇ ਪ੍ਰਸਿੱਧ ਸਮਾਜਸੇਵੀ ਸੁੱਖੀ ਬਾਠ ਵੱਲੋਂ ਆਪਣੇ ਪਿਤਾ ਸਵ: ਸ:ਅਰਜਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ , ਪੰਜਾਬੀ ਸੱਭਿਆਚਾਰ ਦੀ ਪ੍ਰਫੁੱਲਤਾ ਲਈ, ਪੰਜਾਬ ਭਵਨ ਸਰੀ ਵਿਖੇ ਦੋ ਰੋਜ਼ਾ ਅੰਤਰਰਾਸ਼ਟਰੀ ਸਾਹਿਤ ਤੇ ਸੱਭਿਆਚਾਰਿਕ ਸੰਮੇਲਨ ਕਰਵਾਇਆ ਗਿਆ। ਇਸ ਸੰਮੇਲਨ ਦੀ ਪ੍ਰਧਾਨਗੀ ਡਾ. ਐਸ. ਪੀ. ਸਿੰਘ, ਸਾਬਕਾ ਉਪ-ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਕੀਤੀ। ਇਸ ਸੰਮੇਲਨ ਵਿੱਚ ਭਾਰਤ, ਪਾਕਿਸਤਾਨ, ਯੂਰਪ, ਆਸਟਰੇਲੀਆਂ ਤੇ ਉੱਤਰੀ ਅਮਰੀਕਾ ਤੋਂ ਪੰਜਾਬੀ ਭਾਸ਼ਾ ਨੂੰ ਪ੍ਰਫੂਲਤ ਕਰਨ ਵਾਲੇ ਬੁੱਧੀਜੀਵੀ ਵੱਡੀ ਗਿਣਤੀ ਵਿਚ ਸ਼ਾਮਿਲ ਹੋਏ, ਜਿਨ੍ਹਾਂ ਨੇ ਵੱਖ ਵੱਖ ਵਿਸ਼ਿਆਂ, ਜਿਵੇਂ; 'ਗੁਰੂ ਨਾਨਕ ਬਾਣੀ ਵਿਚ ਸਰਬ ਸਾਂਝੀਵਾਲਤਾ ਦਾ ਸੰਕਲਪ', 'ਪੰਜਾਬੀ ਸਾਹਿਤ, ਵਿਰਸਾ, ਵਰਤਮਾਨ ਤੇ ਰੁਝਾਨ', 'ਪੰਜਾਬੀ ਸਾਹਿਤ ਵਿਚ ਆਸ਼ਾਵਾਦ ਦੀ ਪ੍ਰਵਿਰਤੀ, ਅਤੇ 'ਅੰਤਰਰਾਸ਼ਟਰੀ ਵਿਦਿਆਰਥੀ: ਚਣੌਤੀਆਂ ਤੇ ਜ਼ਿੰਮੇਵਾਰੀਆਂ' ਉਪਰ ਵਿਚਾਰ ਚਰਚਾ ਕੀਤੀ। ਦੋਵੇਂ ਦਿਨ ਚੱਲੇ ਕਵੀ ਦਰਬਾਰ ਤੇ ਅਨੀਤਾ ਸ਼ਬਦੀਸ਼ ਦੇ ਨਾਟਕਾਂ ਨੂੰ ਜਿੱਥੇ ਸਰੋਤਿਆਂ ਨੇ ਭਰਪੂਰ ਹੁੰਗਾਰਾ ਦਿੱਤਾ। ਉੱਥੇ ਪੰਜਾਬ ਭਵਨ ਵਿਚ ਸ. ਜਰਨੈਲ ਸਿੰਘ ਆਰਟਿਸਟ ਦੀ ਦੇਖ ਰੇਖ ਹੇਠ ਲਾਈ ਗਈ, ਪੰਜਾਬੀ ਚਿੱਤਰਕਾਰਾਂ ਦੀ ਚਿੱਤਰ ਪ੍ਰਦਰਸ਼ਨੀ, ਦਰਸ਼ਕਾ ਤੇ ਸਰੋਤਿਆਂ ਦੀ ਖਾਸ ਖਿੱਚ ਦਾ ਕਾਰਨ ਬਣੀ ਹੋਈ ਸੀ। ਇਸ ਪ੍ਰਦਰਸ਼ਨੀ ਵਿਚ ਕੈਂਬਰਿਜ ਇੰਟਰਨੈਸ਼ਨਲ ਸਕੂਲ ਮੋਗਾ ਦੀ ਫਾਈਨ ਆਰਟਸ ਦੀ ਲੈਕਚਰਾਰ ਸਮੀਤਪਾਲ ਕੌਰ, ਦੀ ਇਕ ਪੇਂਟਿੰਗ ਵੀ ਸ਼ਮਿਲ ਸੀ। ਕੈਂਬਰਿਜ ਸਕੂਲ ਮੋਗਾ ਦੇ ਚੇਅਰਮੈਨ ਦਵਿੰਦਰਪਾਲ ਸਿੰਘ, ਪ੍ਰਧਾਨ ਕੁਸ਼ਲਦੀਪ ਸਿੰਘ ਸਹਿਗਲ, ਮੀਤ ਪ੍ਰਧਾਨ ਡਾ. ਇਕਬਾਲ ਸਿੰਘ, ਜਨਰਲ ਸੈਕਟਰੀ ਸ. ਗੁਰਦੇਵ ਸਿੰਘ ਤੇ ਪ੍ਰਿੰਸੀਪਲ ਸ੍ਰੀਮਤੀ ਸਤਵਿੰਦਰ ਕੌਰ ਨੇ ਸਮੀਤਪਾਲ ਕੌਰ ਨੂੰ ਵਧਾਈ ਦਿੱਤੀ ਅਤੇ ਸਕੂਲ ਦਾ ਨਾਂ ਚਮਕਾਉਣ ਲਈ ਉਸ ਦਾ ਧੰਨਵਾਦ ਵੀ ਕੀਤਾ। ਦਵਿੰਦਰਪਾਲ ਸਿੰਘ ਨੇ, ਸਾਹਿਤ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਖਾਤਰ ਅਜਿਹੇ ਸੰਮੇਲਨ ਕਰਵਾਉਣ ਲਈ ਪੰਜਾਬ ਭਵਨ ਸਰੀ ਦੇ ਬਾਨੀ ਉੱਘੇ ਸਮਾਜ ਸੇਵੀ ਸੁੱਖੀ ਬਾਠ ਨੂੰ ਵਧਾਈ ਦਿੱਤੀ।







# ਵਾਤਾਵਰਣ ਦੇ ਨਾਲ ਮਨੁੱਖੀ ਜੀਵਨ ਦੇ ਲਈ ਵੀ ਖ਼ਤਰਾ ਹੈ ਪਲਾਸਟਿਕ

ਸਾਲ 1907 'ਚ ਜਦੋਂ ਪਹਿਲੀ ਵਾਰ ਲੈਬੋਰੇਟਰੀ 'ਚ ਪਲਾਸਟਿਕ ਦੀ ਖੋਜ਼ ਹੋਈ ਤਾਂ ਇਸਦੇ ਖੋਜ਼ੀ ਵਿਗਿਆਨਕ ਲਿਓ ਬਕਲੈਂਡ ਨੇ ਕਿਹਾ ਸੀ, ਜੇਕਰ ਮੈਂ ਗਲਤ ਨਹੀਂ ਤਾਂ ਮੇਰੀ ਇਹ ਖੋਜ਼ ਇਕ ਨਵੇਂ ਭਵਿੱਖ ਦੀ ਰਚਨਾ ਕਰੇਗੀ ।ਅਤੇ ਅਜਿਹਾ ਹੋਇਆ ਵੀ ।ਜਦੋਂ 80 ਦੇ ਦਹਾਕੇ 'ਚ ਹੌਲੀ-ਹੌਲੀ ਪਾੱਲੀਥੀਨ ਦੇ ਲਿਫਾਫਿਆਂ ਨੇ ਕੱਪੜੇ ਦੇ ਥੈਲੇ, ਜੂਟ ਦੇ ਬੈਗ, ਕਾਗਜ਼ ਦੇ ਲਿਫ਼ਾਫਿਆਂ ਦੀ ਥਾਂ ਲੈਣੀ ਸ਼ੁਰੂ ਕੀਤੀ ਤਾਂ ਹਰ ਕੋਈ ਮੰਤਰ-ਮੁਗਧ ਹੋ ਗਿਆ ਸੀ। ਹਰ ਰੰਗ 'ਚ, ਹਰ ਨਾਪ 'ਚ ਇਸ ਪਾੱਲੀਥੀਨ ਨਾਲ ਬਣੇ ਲਿਫ਼ਾਫਿਆਂ 'ਚ ਭਾਵੇਂ ਜਿੰਨਾ ਮਰਜੀ ਸਮਾਨ ਪਾ ਲਵੋ, ਫਟਣ ਦਾ ਕੋਈ ਫ਼ਿਕਰ ਨਹੀਂ ਹੁੰਦਾ। ਇਸ ਨਾਲ ਬਣੇ ਕੱਪਾਂ 'ਚ ਜਿੰਨੀ ਮਰਜ਼ੀ ਗਰਮ ਚਾਹ-ਕੌਫ਼ੀ ਜਾਂ ਗਰਮ ਦਾਲ ਸਬਜ਼ੀ ਪਾ ਲਵੋ, ਹੱਥ ਸੜਨ ਦਾ ਕੋਈ ਡਰ ਨਹੀਂ।

ਸਮਾਨ ਢੋਣਾ ਹੈ, ਖਰਾਬ ਹੋਣ ਤੋਂ ਜਾਂ ਭਿੱਜਣ ਤੋਂ ਬਚਾਉਣਾ ਹੈ ਤਾਂ ਝੱਟ ਲਿਫ਼ਾਫੇ ਦਾ ਖਿਆਲ ਆਉਂਦਾ ਹੈ। ਬਿਜਲੀ ਦੀ ਤਾਰ ਨੂੰ ਛੂਹਣਾ ਹੈ ਪਰ ਬਿਜਲੀ ਦੇ ਝਟਕੇ ਤੋਂ ਬਚਣਾ ਹੈ ਤਾਂ ਪਲਾਸਟਿਕ ਜਾਂ ਰਬੜ ਦੇ ਬਣੇ ਦਸਤਾਨਿਆਂ ਦਾ ਖਿਆਲ ਆਉਂਦਾ ਹੈ। ਜ਼ਾਹਰ ਹੈ ਖ਼ੁਦ ਵਜ਼ਨ 'ਚ ਬੇਹੱਦ ਹਲਕੀ ਪਰ ਵਜ਼ਨ ਸਹਿਣ 'ਚ ਚੰਗੀ ਸਮਰੱਥਾ ਰੱਖਣ ਵਾਲੀ ਇਕ ਅਜਿਹੀ ਚੀਜ਼ ਸਾਡੇ ਹੱਥ ਲੱਗ ਗਈ ਸੀ ਜੋ ਲਗਪਗ ਸਾਡੀ ਹਰ ਮੁਸ਼ਕਿਲ ਦਾ ਹੱਲ ਸੀ, ਸਾਡੇ ਹਰ ਸਵਾਲ ਦਾ ਜਵਾਬ ਸੀ। ਇਹੋ ਨਹੀਂ, ਉਹ ਸਸਤੀ ਸੋਹਣੀ ਅਤੇ ਟਿਕਾਊ ਵੀ ਸੀ , ਪਰ ਕਿਸ ਨੂੰ ਪਤਾ ਸੀ ਕਿ ਆਧੁਨਿਕ ਵਿਗਆਨ ਦੇ ਇਕ ਵਰਦਾਨ ਦੇ ਰੂਪ 'ਚ ਸਾਡੇ ਜੀਵਨ ਦਾ ਅਹਿਮ ਹਿੱਸਾ ਬਣ ਜਾਣ ਵਾਲਾ ਇਹ ਪਲਾਸਟਿਕ ਇਕ ਦਿਨ ਮੁਨੱਖੀ ਜੀਵਨ ਹੀ ਨਹੀਂ, ਸਗੋਂ ਸਮੁੱਚੇ ਪਰਿਆਵਰਣ ਦੇ ਲਈ ਵੀ ਬਹੁਤ ਵੱਡਾ ਸ਼ਰਾਪ ਬਣ ਜਾਵੇਗਾ ।ਇਹ ਨਾ ਪੂਰੀ ਤਰ੍ਹਾਂ ਮੱਚੇਗਾ, ਨਾ ਪਿਘਲੇਗਾ ।ਜੋ ਇਸ ਦਾ ਸਭ ਤੋਂ ਵੱਡਾ ਗੁਣ ਸੀ, ਉਹੀ ਇਸਦਾ ਸਭ ਤੋਂ ਵੱਡਾ ਅਵਗੁਣ ਬਣ ਜਾਵੇਗਾ ।ਜੀ ਹਾਂ, ਅੱਜ ਜਿਸ ਪਲਾਸਟਿਕ ਦੇ ਲਿਫ਼ਾਫਿਆਂ 'ਚ ਸਮਾਨ ਲਿਆ ਕੇ ਅੱਧੇ ਘੰਟੇ ਦੇ ਇਸਤੇਮਾਲ ਤੋਂ ਬਾਅਦ ਹੀ ਸੁੱਟ ਦਿੰਦੇ ਹਾਂ ਉਸ ਨੂੰ ਨਸ਼ਟ ਹੋਣ 'ਚ ਹਜ਼ਾਰਾਂ ਸਾਲ ਲੱਗ ਜਾਂਦੇ ਹਨ। ਐਨਾ ਹੀ ਨਹੀਂ ਇਸੇ ਪ੍ਰਕਿਰਿਆ ਦੌਰਾਨ ਇਹ ਜਿੱਥੇ ਵੀ ਰਹਿੰਦਾ ਹੈ, ਮਿੱਟੀ ਜਾਂ ਪਾਣੀ ਹੋਵੇ, ਉਥੇ ਆਪਣੇ ਜ਼ਹਿਰੀਲੇ ਤੱਤ ਆਲੇ-ਦੁਆਲੇ ਦੇ ਵਾਤਾਵਰਣ 'ਚ ਛੱਡਦੇ ਰਹਿੰਦੇ ਹਨ।

ਨਵੀਆਂ ਸੋਧਾਂ 'ਚ ਪਰਿਆਵਰਣ ਅਤੇ ਮਨੁੱਖੀ ਜ਼ਿੰਦਗੀ ਨੂੰ ਪਲਾਸਟਿਕ ਨਾਲ ਹੋਣ ਵਾਲੇ ਖ਼ਤਰਨਾਕ ਅਸਰਾਂ ਦੇ ਸਾਹਮਣੇ ਆਉਣ ਤੋਂ ਬਾਅਦ ਅੱਜ ਦੁਨੀਆਂ ਦਾ ਲਗਪਗ ਹਰ ਦੇਸ਼ ਇਸਤੇ ਇਸਤੇਮਾਲ ਨੂੰ ਸੀਮਤ ਕਰਨ ਦੀ ਦਿਸ਼ਾ ਵੱਲ ਕਦਮ ਚੱਕਦਾ ਦਿਖਾਈ ਦੇ ਰਿਹਾ ਹੈ।

ਭਾਰਤ ਸਰਕਾਰ ਨੇ ਵੀ ਦੇਸ਼ਵਾਸੀਆਂ ਨੂੰ ਇਕ ਵਾਰ ਇਸਤੇਮਾਲ ਕੀਤੇ ਜਾਣ ਵਾਲੇ ਪਲਾਸਟਿਕ ਦਾ ਇਸਤੇਮਾਲ ਬੰਦ ਕਰਨ ਦਾ ਸੱਦਾ ਦਿੱਤਾ ਹੈ। ਇਸ ਤੋਂ ਪਹਿਲਾਂ ਸਾਲ 2018 'ਚ ਵਿਸ਼ਵ ਪਰਿਆਵਰਣ ਦਿਹਾੜੇ ਦੀ ਮੇਜ਼ਬਾਨੀ ਕਰਦੇ ਹੋਈ ਵੀ ਭਾਰਤ ਨੇ ਦੁਨੀਆਂ ਭਰ 'ਚ ਇਕ ਵਾਰ ਵਰਤੇ ਜਾਣ ਵਾਲੇ ਪਲਾਸਟਿਕ ਤੋਂ ਮੁਕਤ ਹੋਣ ਦੀ ਅਪੀਲ ਕੀਤੀ ਸੀ।

ਪਰ ਜਿਸ ਤਰ੍ਹਾਂ ਅੱਜ ਪਲਾਸਟਿਕ ਸਾਡੀ ਰੋਜ਼ਮੱਰਾ ਦੀ ਜਿੰਦਗੀ ਦਾ ਹਿੱਸਾ ਬਣ ਗਿਆ ਹੈ ਉਨ੍ਹਾਂ ਹਲਾਤਾਂ 'ਚ ਲੋਕਾਂ ਦੀ ਭਾਗੀਦਾਰੀ ਤੈਅ ਕੀਤੇ ਬਿਨਾਂ ਪਲਾਸਟਿਕ ਦੇ ਲਿਫ਼ਾਫਿਆਂ ਦਾ ਇਸਤੇਮਾਲ ਪੂਰੀ ਤਰ੍ਹਾਂ ਬੰਦ ਹੋ ਪਾਉਣਾ ਸੰਭਵ ਨਹੀਂ ਹੈ ।

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**

# ਹੰਝੂ



ਬਾਰਵੀ ਜਮਾਤ ਪਾਸ ਕਰਦਿਆ ਹੀ ਹਰਮੀਤ ਦੇ ਘਰ ਦਿਆ ਨੇ ਉਸ ਦਾ ਵਿਆਹ ਕਰਨ ਦਾ ਸੋਚ ਲਿਆ।ਭਾਵੇ ਹਰਮੀਤ ਵਿਆਹ ਕਰਵਾਉਣ ਲਈ ਤਿਆਰ ਨਹੀ ਸੀ।ਸ਼ੁਰੂ ਤੋ ਹੀ ਪੜ੍ਹਾਈ ਚ ਹੁਸ਼ਿਆਰ ਹੋਣ ਕਰਕੇ ਉਹ ਹਾਲੇ ਹੋਰ ਅੱਗੇ ਪੜ੍ਹਨਾ ਚਾਹੁੰਦੀ ਸੀ।ਪਰ ਮਾਂ-ਬਾਪ ਨੇ ਯੋਗ ਵਰ ਮਿਲਦਾ ਵੇਖ ਅਤੇ ਘਰ ਦੀ ਖਸਤਾ ਮਾਲੀ ਹਾਲਤ ਦੇਖ ਵਿਆਹ ਦਾ ਫੈਸਲਾ ਹੀ ਠੀਕ ਸਮਝਿਆ ਤਿੱਖੇ ਨੈਣ ਨਕਸ ਗੋਰਾ ਰੰਗ ਅਤੇ ਮਿੱਠੇ ਸੁਭਾਅ ਦੀ ਮਾਲਕ ਹਰਮੀਤ ਮੁੰਡੇ ਵਾਲਿਆ ਨੂੰ ਪਹਿਲੀ ਨਜ਼ਰ ਹੀ ਪਸੰਦ ਆ ਗਈ।ਮਾਪਿਆ ਦੇ ਘਰ ਚਾਅ ਪੂਰੇ ਕਰਨ ਦੀ ਉਮਰੇ ਗਲ ਵੱਡੀ ਜਿੰਮੇਵਾਰੀ ਪੈ ਗਈ।ਇਹ ਜਿੰਮੇਵਾਰੀ ਉਦੋ ਹੋਰ ਵੱਡੀ ਹੋ ਗਈ ਜਦੋ ਵਿਆਹ ਦੇ ਸਾਲ ਮਗਰੋਂ ਉਸ ਦੀ ਕੁੱਖੋ ਇੱਕ ਧੀ ਨੇ ਜਨਮ ਲੈ ਲਿਆ।ਸੌ-ਸੌ ਨਖਰੇ ਕਰਨ ਵਾਲੀ ਨੱਕ ਤੇ ਮੱਖੀ ਨਾ ਬਹਿਣ ਦੇਣ ਵਾਲੀ ਹਰਮੀਤ ਦੀ ਸੱਸ ਦਾ ਗੁੱਸਾ ਘਰ ਧੀ ਦੇ ਜਨਮ ਲੈਣ ਤੇ ਜਿਵੇ ਸੱਤਵੇ ਆਸਮਾਨ ਤੇ ਸੀ।ਜਿਵੇ ਹਰਮੀਤ ਨੇ ਧੀ ਨਹੀ ਉਸ ਦੇ ਦੁਸ਼ਮਣ ਨੂੰ ਉਸ ਦੇ ਸਾਹਮਣੇ ਲਿਆ ਖੜ੍ਹਾ ਕਰ ਦਿੱਤਾ ਹੋਵੇ।ਨਿੱਕੀਆ-ਨਿੱਕੀਆ ਗੱਲਾਂ ਤੋ ਜਾਣਬੁੱਝ ਕੇ ਉਸ ਦੀ ਸੱਸ ਘਰ ਚ ਬਖੇੜਾ ਖੜ੍ਹਾ ਕਰੀ ਰੱਖਦੀ।ਹਰਮੀਤ ਦੇ ਘਰ ਵਾਲਾ ਵੀ ਮਾਂ ਦਾ ਪੱਖ ਲੈਂਦਾ।ਘਰ ਦਾ ਮਾਹੌਲ ਦਿਨੋ ਦਿਨ ਬਦਲਦਾ ਹੀ ਗਿਆ।ਉਸ ਦੇ ਘਰ ਵਾਲਾ ਰੋਜ ਸ਼ਾਮ ਨੂੰ ਠੇਕੇ ਤੋ ਦਾਰੂ ਪੀ ਕੇ ਘਰ ਆਉਂਦਾ।ਕਦੇ ਕਹਿੰਦਾ ਦਾਲ ਚ ਲੂਣ ਹੈਨੀ ਕਦੇ ਕੁੱਝ। ਕਿਸੇ ਨਾ ਕਿਸੇ ਗੱਲੋ ਘਰ ਚ ਕਲੇਸ਼ ਪੈ ਜਾਂਦਾ।ਵਿਚਾਰੀ ਹਰਮੀਤ ਦੀ ਨਿੱਕੀ ਨਿੱਕੀ ਗੱਲ ਤੋ ਕੁੱਟਮਾਰ ਕਰ ਦਿੰਦਾ।ਨਿੱਤਦੀ ਵੱਧਦੀ ਲੜਾਈ ਸੱਸ ਦੇ ਤਾਹਨੇ ਮਿਹਣੇ।ਕਦੇ ਕਹਿਣਾ ਤੈਨੂੰ ਤੇਰੀ ਮਾਂ ਨੇ ਰੋਟੀ ਪਕਾਉਣ ਦਾ ਚੱਜ ਨੀ ਸਿਖਾਇਆ।ਜਾਹ ਚਲੀ ਜਾਅ ਆਪਣੇ ਘਰ ਇੱਥੇ ਤੇਰਾ ਕੁੱਝ ਨੀ ਅਸੀ ਨੀ ਤੈਨੂੰ ਆਪਣੇ ਘਰ ਰੱਖਣਾ।ਸੱਸ ਨੇ ਹਰਮੀਤ ਦਾ ਸਹੁਰੇ ਘਰ ਰਹਿਣਾ ਮੁਸ਼ਕਿਲ ਕਰ ਦਿੱਤਾ।ਇੱਕ ਦਿਨ ਦੁੱਖੀ ਹੋਈ ਹਰਮੀਤ ਨੇ ਆਪਣੇ ਪੇਕੇ ਘਰ ਜਾਣ ਦਾ ਮਨ ਬਣਾ ਲਿਆ।ਸਾਰੀ ਆਪ ਬੀਤੀ ਜਾ ਮਾਂ-ਬਾਪ ਨੂੰ ਸੁਣਾਈ।ਧੀ ਦੇ ਦੁੱਖ ਸੁਣ ਬਾਪ ਅੰਦਰੋ ਅੰਦਰੀ ਸਬਰਾਂ ਦੇ ਘੁੱਟ ਭਰ ਕੇ ਰਹਿ ਗਿਆ।ਮਾਪਿਆ ਨੂੰ ਦੁੱਖੜਾ ਸੁਣਾ ਹਰਮੀਤ ਦਾ ਮਨ ਹਲਕਾ ਹੋ ਗਿਆ।ਮਾਂ-ਬਾਪ ਦੇ ਦਿਲਾਸਿਆ ਨੇ ਉਸ ਦੇ ਮਨ ਤੇ ਹੋਏ ਡੂੰਘੇ ਜਖਮਾਂ ਤੇ ਮੱਲਮ ਦਾ ਉਸ ਨੂੰ ਅਹਿਸਾਸ ਕਰਵਾਇਆ।ਉਸ ਨੇ ਆਪਣੇ ਆਪ ਨਾਲ ਅੰਦਰੋ ਅੰਦਰੀ ਇਹ ਫੈਸਲਾ ਵੀ ਕਰ ਲਿਆ ਕੇ ਉਹ ਹੁਣ ਇੱਥੇ ਹੀ ਰਹੇਗੀ।ਆਪਣੇ ਮਾਂ-ਬਾਪ ਕੋਲ ਆਪਣੇ ਘਰ ਹੁਣ ਉਹ ਉਸ ਨਰਕ ਵਿੱਚ ਦੁਬਾਰਾ ਨਹੀ ਜਾਏਗੀ।ਕੁੱਝ ਦਿਨ ਬੀਤ ਜਾਣ ਬਾਅਦ ਉਸ ਦੇ ਪਿਤਾ ਨੇ ਉਸ ਨੂੰ ਆਪਣੇ ਕੋਲ ਬਿਠਾਇਆ ਤੇ ਬੜੇ ਪਿਆਰ ਨਾਲ ਸਮਝਾਇਆ ਕੇ ਦੇਖ ਧੀਏ ਘਰਾਂ ਵਿੱਚ ਮਾੜੀਆ ਮੋਟੀਆ ਉੱਚੀਆ ਨੀਵੀਂਆ ਕਈ ਵਾਰ ਗੱਲਾ ਹੋ ਜਾਂਦੀਆ ਨੇ।ਬਹੁਤੀਆ ਮਨ ਤੇ ਨੀ ਲਾਈ ਦੀਆ ਐਵੇ ਗੁੱਸੇ ਚੋ ਆ ਕੇ ਗਲਤ ਫੈਸਲੇ ਨੀ ਕਰੀ ਦੇ।ਆਹ ਆਪਣੀ ਛੋਟੀ ਭੈਣ ਵੱਲ ਵੇਖ ਹਾਲੇ ਇਹਦਾ ਵੀ ਵਿਆਹ ਕਰਨਾ ਏ ਵੀਰ ਤੇਰਾ ਅਜੇ ਛੋਟਾ ਏ ਸਾਰੀ ਘਰ ਦੀ ਕਬੀਲਦਾਰੀ ਪਹਿਲਾ ਹੀ ਬੜੀ ਔਖੀ ਚੱਲਦੀ ਏ ਅਸੀ ਉਹਨਾ ਨਾਲ ਗੱਲ ਕਰਾਂਗੇ।ਤੂੰ ਧੀਏ ਆਪਣੀ ਜਿੱਦ ਛੱਡ ਆਪਣੇ ਸਹੁਰੇ ਘਰ ਚਲੀ ਜਾਹ।ਧੀਆਂ ਦਾ ਅਸਲੀ ਘਰ ਉਹੀ ਹੁੰਦਾ।ਕੋਲ ਖੜ੍ਹੀ ਮਾਂ ਨੇ ਉਸ ਦੇ ਬਾਪ ਦੀ ਹਾ ਚੋ ਹਾ ਮਿਲਾਈ।ਹਰਮੀਤ ਤੇ ਜਿਵੇ ਮਨਾ ਮੂੰਹੀ ਭਾਰ ਆ ਡਿੱਗਿਆ।ਉਸ ਨੂੰ ਲੱਗਾ ਉਸ ਦੇ ਉਹੀ ਅੱਲੇ ਜਖਮ ਅੱਜ ਫੇਰ ਕਿਸੇ ਨੇ ਉਚੇੜ ਦਿੱਤੇ।ਉਸ ਦੀ ਧਾਹ ਨਿਕਲ ਗਈ।ਭੁੱਬਾ ਮਾਰਦੀ ਹਰਮੀਤ ਨੇ ਆਪਣੀ ਮਾਂ ਦੇ ਗਲ ਨਾਲ ਚਿੰਬੜ ਦਿਆ ਦਰਦ ਭਰੀ ਅਵਾਜ਼ ਚੋ ਪੁੱਛਿਆ।ਸਹੁਰੇ ਕਹਿੰਦੇ ਤੇਰਾ ਘਰ ਪੇਕਾ ਏ ਬਾਬਲ ਕਹਿੰਦਾ ਮੇਰਾ ਘਰ ਸਹੁਰਾ ਘਰ ਆ।ਹੁਣ ਤੂੰ ਹੀ ਦੱਸ ਅੰਮੜੀਏ ਮੇਰਾ ਕਿਹੜਾ ਘਰ ਨੀ।ਧੀ ਦੇ ਵਿਰਲਾਪ ਅੱਗੇ ਬੇਬੱਸ ਮਾਂ ਬੁੱਤ ਬਣੀ ਖੜ੍ਹੀ ਸੀ।ਮਾਂ ਦੀਆ ਅੱਖਾ ਚੋ ਟਪਕ ਦੇ ਹੰਝੂ ਸ਼ਾਇਦ ਇਹੀ ਕਹਿ ਰਹੇ ਸੀ। ਇਹਦਾ ਜੁਆਬ ਤਾ ਮੇਰੇ ਕੋਲ ਵੀ ਨਹੀ ਧੀਏ।

**ਬਲਤੇਜ ਸੰਧੂ**
**9465818158**



# ਨਲਕੇ ਦੀ ਕਹਾਣੀ ਨਲਕੇ ਦੀ ਜ਼ੁਬਾਨੀ...





ਜਸਵੀਰ ਸ਼ਰਮਾਂ ਦੱਦਾਹੂਰ
95691-49556

ਸਤਿਕਾਰਿਤ ਦੋਸਤੋ ਅੱਜ ਤੁਸੀਂ ਮੈਨੂੰ ਭੁੱਲਦੇ ਜਾ ਰਹੇ ਹੋਂ, ਕਿਉਂਕਿ ਤੁਸੀਂ ਹੁਣ ਬਹੁਤ ਤਰੱਕੀ ਕਰ ਲਈ ਹੈ ਇੱਕੀਵੀਂ ਸਦੀ ਵਿਚ ਪੈਰ ਧਰਨ ਕਰਕੇ ਅਗਾਂਹ ਵਧੂ ਖਿਆਲਾਂ ਦੇ ਵਿੱਚ ਸਦਾ ਹੀ ਖੋਏ ਰਹਿੰਦੇ ਹੋਂ।ਪਰ ਆਮ ਕਹਾਵਤ ਹੈ ਕਿ ਜੋ ਬੰਦਾ ਆਪਣੇ ਅਤੀਤ ਨੂੰ ਭੁੱਲ ਜਾਂਦਾ ਹੈ ਓਹ ਤਾਂ.. ਤੁਸੀਂ ਸਮਝ ਹੀ ਗਏ ਹੋਵੋਂਗੇ ਕਿ ਮੈਂ ਕੀ ਕਹਿਣਾ ਚਾਹੁੰਦਾ ਹਾਂ, ਪਰ ਮੈਂ ਬੇਜਾਨ ਚੀਜ਼ ਜਿਸ ਨਾਲ ਤੁਹਡੀ ਸਦੀਆਂ ਤੋਂ ਸਾਂਝ ਰਹੀ ਹੋਵੇ ਓਹ ਭਲਾਂ ਕੋਈ ਮਾੜਾ ਸ਼ਬਦ ਤੁਹਾਨੂੰ ਕਿਵੇਂ ਬੋਲ ਸਕਦਾ ਹੈ ? ਮੈਂ ਮਾੜੇ ਸ਼ਬਦ ਬੋਲਕੇ ਅਕਿਰਤਘਣਾ ਵਾਲਾ ਧੱਬਾ ਆਪਣੇ ਉੱਪਰ ਨਹੀਂ ਲਵਾਉਣਾ ਚਾਹੁੰਦਾ।

ਚਲੋ ਖੈਰ ਮੈਨੂੰ ਤਾਂ ਅੱਜ ਵੀ ਕੁੱਲ ਲੁਕਾਈ ਨਾਲ ਪਿਆਰ ਮੁਹੱਬਤ ਹੈ। ਦੋਸਤੋ ਪਿਛਲੇ ਸਮਿਆਂ ਤੇ ਥੋੜ ੀ ਜਿਹੀ ਝਾਤ ਮਾਰੋ, ਜਦੋਂ ਮੇਰੇ ਨਾਲ ਤੁਹਾਡੀ ਵੀ ਤੂਤੀ ਬੋਲਦੀ ਹੁੰਦੀ ਸੀ।ਹਰ ਮੋੜ ਤੇ ਸਾਰੀਆਂ ਹੀ ਪੰਚਾਇਤੀ ਥਾਵਾਂ ਤੇ,ਹਰ ਚੌਰਾਹੇ ਵਿਚ ਬਹੁਤ ਸਾਰੀਆਂ ਐਸੀ ਥਾਵਾਂ ਤੇ ਸੜਕਾਂ ਤੇ ਜਾਂ ਕੱਚਿਆਂ ਰਾਹਾਂ ਤੇ ਤੁਸੀਂ ਚਾਈਂ ਚਾਈਂ ਮੈਨੂੰ ਆਪ ਲਵਾਉਂਦੇ ਰਹੇ ਹੋਂ। ਓਦੋਂ ਤਾਂ ਦੋਸਤੋ ਇਹ ਗੱਲ ਵੀ ਸਿਖਰਾਂ ਤੇ ਰਹੀ ਹੈ ਕਿ ਪਾਣੀ ਪਿਲਾਉਣ ਦਾ ਤੇ ਥਾਂ ਥਾਂ ਉੱਤੇ ਮੈਨੂੰ ਲਵਾਉਣ ਦਾ ਪੁੰਨ ਹੀ ਬਹੁਤ ਵੱਡਾ ਲਗਦਾ ਸੀ ਇਹ ਗੱਲ ਤੁਸੀਂ ਆਪ ਹੀ ਮੂੰਹੋਂ ਕਿਹਾ ਕਰਦੇ ਸੀ।ਪਰ ਹੁਣ ਮੇਰਾ ਖਿਆਲ ਹੈ ਕਿ ਤੁਹਾਨੂੰ ਪੁੰਨ ਪਾਪ ਦੀ ਪ੍ਰੀਭਾਸ਼ਾ ਹੀ ਭੁੱਲ ਗਈ ਲੱਗਦੀ ਹੈ, ਕਿਉਂਕਿ ਤੁਸੀਂ ਬਹੁਤ ਪੈਸੇ ਵਾਲੇ ਤੇ ਅਮੀਰ ਹੋ ਚੁੱਕੇ ਹੋਂ। ਚਲੋ ਕਿਹੜਾ ਮੇਰਾ ਤੁਹਾਡੇ ਉੱਪਰ ਕੋਈ ਜ਼ੋਰ ਹੈ ਮੈਂ ਤਾਂ ਆਖਿਰ ਨਾ ਜਾਨ ਚੀਜ਼ ਜੋ ਹੋਇਆ।

ਪਰ ਤੁਸੀਂ ਓਹ ਸਮੇਂ ਭੁੱਲ ਗਏ ਜਦੋਂ ਜੇਠ ਹਾੜ ਦੀਆਂ ਧੁੱਪਾਂ ਲੂਆਂ ਵਿੱਚ ਮੈਨੂੰ ਥੋੜ ਾ ਜਿਹਾ ਹਿਲਾ ਕੇ ਪਿਆਸ ਬੁਝਾ ਕੇ ਕਹਿੰਦੇ ਹੁੰਦੇ ਸੀ ਆਹਾ.. ਜਾਨ ਚ ਜਾਨ ਆਈ।ਮੈਨੂੰ ਤੁਸੀਂ ਓਨਾਂ ਸਮਿਆਂ ਦੇ ਵਿੱਚ ਤਿੰਨ ਚਾਰ ਨਮੂਨਿਆਂ ਵਿੱਚ ਵੇਖਦੇ ਰਹੇ ਹੋਂ।ਮੈਨੂੰ ਕੁੱਤਾ ਨਲਕਾ ਵੀ ਤੋਤਾ ਨਲਕਾ ਵੀ ਵੱਡਾ ਛੋਟਾ ਨਲਕਾ ਵੀ ਕਹਿ ਲੈਂਦੇ ਸੀ।ਪਰ ਮੈਨੂੰ ਤੁਸੀਂ ਜਿੱਥੇ ਵੀ ਲਾ ਦਿੰਦੇ ਰਹੇ ਹੋਂ ਮੈਂ ਓਥੇ ਹੀ ਜੇਠ ਹਾੜ ਦੀਆਂ ਧੁੱਪਾਂ ਲੂਆਂ ਤੇ ਝੱਖੜ ਝੋਲਿਆਂ ਦੇ ਵਿੱਚ ਅਡੋਲ ਖੜ ਾ ਰਹਿਕੇ ਜੀਅ ਜਾਨ ਨਾਲ ਤੁਹਾਨੂੰ ਠੰਡੇ ਪਾਣੀ ਦੇ ਨਜ਼ਾਰਿਆਂ ਨਾਲ ਤਰੋ ਤਾਜਾ ਕਰਦਾ ਰਿਹਾ ਹਾਂ,ਇਹੀ ਮੇਰੀ ਤਾਸੀਰ ਸੀ ਤੇ ਇਹੀ ਮੇਰਾ ਫਰਜ਼ ਸੀ। ਹਾਂ ਮੈਂ ਭੁੱਲ ਗਿਆ ਸੀ ਰੇਲਵੇ ਸਟੇਸ਼ਨ ਤੇ ਵੀ ਮੇਰੀ ਇੱਕ ਹੋਰ ਵੀ ਵੱਖਰੀ ਕਿਸਮ ਹੁੰਦੀ ਸੀ,ਪਰ ਕੰਮ ਮੇਰਾ ਹਰ ਥਾਂ ਤੇ ਇੱਕੋ ਇੱਕ ਰਿਹਾ ਹੈ ਤਪਦੇ ਹਿਰਦਿਆਂ ਨੂੰ ਠੰਡਕ ਪਹੁੰਚਾਉਣੀ ਜਿਸ ਨੂੰ ਮੈਂ ਆਪਣੀ ਜੀਅ ਜਾਨ ਨਾਲ ਨਿਭਾਇਆ ਹੈ। ਕਦੇ ਕਦੇ ਤਾਂ ਮੇਰੀ ਬਾਂਹ ਵੀ ਚੋਰ ਲੈ ਜਾਂਦੇ ਜਿਸ ਕਰਕੇ ਮੈਂ ਬਾਂਹ ਬਿਨ ਵਾਂਝਾ ਹੋ ਜਾਂਦਾ ਸਾਂ ਤੇ ਤੁਹਾਡੀ ਸੇਵਾ ਕਰਨ ਤੋਂ ਅਸਮਰਥ ਹੋ ਜਾਂਦਾ ਸਾਂ। ਪਿੰਡਾਂ ਦੀਆਂ ਪੰਚਾਇਤਾਂ ਮੈਨੂੰ ਥਾਂ ਥਾਂ ਲਵਾਉਂਦੀਆ ਰਹੀਆਂ ਹਨ।

ਉਨ ਾਂ ਸਮਿਆਂ ਵਿੱਚ ਧਰਤੀ ਹੇਠਲਾ ਪਾਣੀ ਨੇੜੇ ਵੀ ਹੁੰਦਾ ਸੀ ਤੇ ਹੁੰਦਾ ਵੀ ਸ਼ਹਿਦ ਵਰਗਾ ਮਿੱਠਾ ਸੀ ਤੇ ਦੇ ਤੁਸੀਂ ਮੈਨੂੰ ਕਿਤੇ ਨਹਿਰ ਦੇ ਕਿਨਾਰੇ ਤੇ ਲਵਾ ਦਿੰਦੇ ਸੀ ਤਾਂ ਫਿਰ ਕਿਆ ਬਾਤਾਂ ਹੁੰਦੀਆਂ ਸਨ ਠੰਡਾ ਪਾਣੀ ਤੇ ਨਾਲ ਹੀ ਹਾਜ਼ਮੇਦਾਰ ਵੀ ਸੀ।ਸ਼ਾਇਦ ਦੋਸਤੋ ਤੁਹਾਨੂੰ ਯਾਦ ਹੋਵੇਗਾ ਕਿ ਕਿਤੇ ਕਿਤੇ ਤਾਂ ਮੇਰੇ ਪਾਣੀ ਪੀਣ ਲਈ ਬਹੁਤ ਵੱਡੀਆਂ ਵੱਡੀਆਂ ਲਾਈਨਾਂ ਵੀ ਲੱਗ ਜਾਂਦੀਆਂ ਸਨ ਤੇ ਹੁਣ ਵੀ ਕਿਤੇ ਕਿਤੇ ਮੈਂ ਓਹ ਆਪਣੀ ਡਿਊਟੀ ਖੂਬ ਨਿਭਾ ਵੀ ਰਿਹਾ ਹਾਂ। ਵੈਸੇ ਮੈਂ ਓਦੋਂ ਬਹੁਤ ਖੁਸ਼ ਹੁੰਦਾ ਹੈ ਜਦੋਂ ਲਾਈਨਾਂ ਦੇ ਵਿੱਚ ਲੱਗਕੇ ਤੇ ਆਪਣੀ ਵਾਰੀ ਉਡੀਕ ਕੇ ਬਹੁਤ ਸਾਰੇ ਮੈਨੂੰ ਪਿਆਰ ਕਰਨ ਵਾਲੇ ਤੇ ਮੈਨੂੰ ਚਾਹੁਣ ਵਾਲੇ ਮੈਥੋਂ ਪਾਣੀ ਲੈਕੇ ਆਪਣੀ ਤੇ ਆਪਣੇ ਪਰਿਵਾਰਾਂ ਦੀ ਪਿਆਸ ਬੁਝਾਉਂਦੇ ਹਨ, ਓਦੋਂ ਮੈਨੂੰ ਆਪਣੀ ਜਵਾਨੀ ਵੀ ਯਾਦ ਆ ਜਾਂਦੀ ਹੈ। ਹਾਂ ਇੱਕ ਗੱਲ ਹੋਰ ਹੁਣ ਤੁਸੀਂ ਬਹੁਤ ਤਰੱਕੀ ਕਰ ਲਈ ਹੈ ਤੁਹਾਡੇ ਸਭਨਾਂ ਕੋਲ ਹੀ ਹੱਥਾਂ ਚ ਮੋਬਾਇਲ ਫੜੇ ਹੋਏ ਹਨ ਤੇ ਕਦੇ ਕਦੇ ਤੁਸੀਂ ਵੀਡੀਓ ਕਲਿੱਪ ਵਿੱਚ ਮੇਰੀ ਵੱਡੀ ਬਾਂਹ ਵਾਲੇ ਵੱਡੇ ਭਰਾ ਤੋਂ ਕਈ ਬਹੁਤ ਤਿਹਾਏ ਪਸ਼ੂ ਵੀ ਮੇਰੀ ਬਾਂਹ ਨੂੰ ਵਾਰ ਵਾਰ ਹੇਠ ਉੱਤੇ ਕਰਕੇ ਭਾਵ ਮੈਨੂੰ ਗੇੜਕੇ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦੇ ਵੇਖੇ ਵੀ ਹੋਣਗੇ। ਪਰ ਹੁਣ ਤੁਹਾਡੇ ਵਿੱਚ ਵੀ ਮੇਰੇ ਦੋਸਤੋ ਬਹੁਤ ਕਮੀਆਂ ਆ ਗਈਆਂ ਹਨ ਕਿਉਂਕਿ ਤੁਸੀਂ ਜ਼ਹਿਰੀਲੀਆਂ ਦਵਾਈਆਂ ਤੇ ਸਪਰੇਆਂ ਫਸਲਾਂ ਤੇ ਛਿੜਕ ਛਿੜਕ ਕੇ ਪਾਣੀ ਨੂੰ ਜਹਿਰੀਲਾ ਕਰ ਦਿੱਤਾ ਹੈ, ਤੇ ਪਾਣੀ ਦੀ ਸੰਭਾਲ ਕਰਨੋਂ ਵੀ ਕੰਨੀ ਕਤਰਾਉਣ ਲੱਗ ਪਏ ਹੋਂ।ਇਸ ਕਰਕੇ ਮੈਨੂੰ ਹੁਣ ਥਾ ਥਾਂ ਤੇ ਲਵਾਉਣਾ ਬਹੁਤ ਮਹਿੰਗਾ ਪੈਂਦਾ ਹੈ, ਪਾਣੀ ਡੂੰਘੇ ,ਖਾਰੇ ਤੇ ਜ਼ਹਿਰੀ ਹੋ ਚੁੱਕਿਆ ਹੈ।ਪਹਿਲਾਂ ਮੈਨੂੰ ਤੁਸੀਂ ਕਿਤੇ ਕਿਤੇ ਪਿੰਡਾਂ ਤੋਂ ਬਾਹਰਵਾਰ ਸਾਂਝੀਆਂ ਥਾਵਾਂ ਤੇ ਵੀ ਲਵਾਉਂਦੇ ਰਹੇ ਹੋਂ ਕਿਉਂਕਿ ਓਥੇ ਪਾਣੀ ਮਿੱਠਾ ਨਿਕਲ਼ਿਆ ਕਰਦਾ ਸੀ ਤੇ ਮੈਂ ਵੀ ਕਿਸੇ ਦਰੱਖ਼ਤ ਦੀ ਸੰਘਣੀ ਛਾਂ ਵਿੱਚ ਅਡੋਲ ਖੜ ਾ ਰਹਿੰਦਾ ਸੀ ਤੇ ਮੈਨੂੰ ਕਦੇ ਕਿਸੇ ਨੇ ਨੁਕਸਾਨ ਵੀ ਨਹੀਂ ਸੀ ਪਹੁੰਚਾਇਆ।ਹੁਣ ਤਾਂ ਮੈਂ ਜਿਥੇ ਕਿਤੇ ਕਿਤੇ ਬਹੁਤ ਦੇਰ ਤੋਂ ਲੱਗਿਆ ਹੋਇਆ ਹਾਂ ਓਥੇ ਥੱਲੇ ਪਾਣੀ ਨਹੀਂ ਕਰਕੇ ਬੱਚਿਆਂ ਦੇ ਤੇ ਵੱਡਿਆਂ ਦੇ ਦੰਦ ਵੀ ਤੋੜ ਦਿੰਦਾ ਹਾਂ ਕਿਉਂਕਿ ਮੈਨੂੰ ਥੱਲਿਓਂ ਮੇਰੀ ਖੁਰਾਕ ਹੀ ਨਹੀਂ ਮਿਲਦੀ ਤੇ ਫਿਰ ਦੱਸੋ ਮੈਂ ਤੁਹਾਡੀ ਪਿਆਸ ਕਿਵੇਂ ਬੁਝਾਵਾਂ ? ਹਾਂ ਕਿਸੇ ਕਿਸੇ ਜਗ ਾ ਤੇ ਕਿਸੇ ਕਿਸੇ ਪਿੰਡ ਵਿੱਚ ਅੱਜ ਵੀ ਮੈਨੂੰ ਲੋਕ ਭੁੱਲੇ ਨਹੀਂ ਹਨ ਤੇ ਮੇਰੀ ਜੀਅ ਜਾਨ ਨਾਲ ਸੰਭਾਲ ਵੀ ਕਰਦੇ ਨੇ ਤੇ ਮੈਨੂੰ ਪਿਆਰ ਵੀ ਕਰਦੇ ਨੇ।ਕਈ ਕਈ ਨਹਿਰੀ ਕਿਨਾਰਿਆਂ ਤੇ ਵੀ ਮੈਂ ਹਾਲੇ ਆਪਣੀ ਹੋਂਦ ਨੂੰ ਸੰਭਾਲੀ ਬੈਠਾ ਹਾਂ ਪਰ ਆਪਣੇ ਚਾਹੁਣ ਵਾਲਿਆਂ ਨੂੰ ਹਮੇਸ਼ਾਂ ਉਡੀਕਦਾ ਰਹਿੰਦਾ ਹਾਂ।ਹੁਣ ਤੁਸੀਂ ਘਰ ਘਰ ਮੱਛੀ ਮੋਟਰਾਂ ਲਵਾ ਲਈਆਂ ਹਨ, ਉੱਤੇ ਟੂਲੂ ਪੰਪ ਲਵਾ ਕੇ ਵੱਡੀਆਂ ਵੱਡੀਆਂ ਕੋਠੀਆਂ ਪਾ ਕੇ ਉੱਤੇ ਵੱਡੀਆਂ ਵੱਡੀਆਂ ਟੈਂਕੀਆਂ ਬਣਾ ਕੇ ਉੱਤੇ ਪਾਣੀ ਚੜ ਾ ਲੈਂਦੇ ਹੋਂ ਤੇ ਹਰ ਘਰ ਵਿੱਚ ਆਰ ਓ ਲੱਗੇ ਹੋਏ ਕਰਕੇ ਮੇਰੀ ਲੋੜ ਕੀ ਤੁਹਾਨੂੰ ਮਹਿਸੂਸ ਨਹੀਂ ਹੁੰਦੀ।ਇਸੇ ਤਰ ਾਂ ਸਰਕਾਰ ਨੇ ਵੀ ਸਰਕਾਰੀ ਥਾਵਾਂ ਤੇ ਸਰਕਾਰੀ ਆਰ ਓ ਸਿਸਟਮ ਲਵਾ ਦਿੱਤੇ ਹਨ ਤੇ ਤਾਂਹੀਓਂ ਮੇਰੀ ਲੋੜ ਤੁਹਾਨੂੰ ਘਟਗੀ ਜਾਪਦੀ ਹੈ। ਚਲੋ ਓਹ ਦੋਸਤੋ ਤੁਹਡੀ ਆਪਣੀ ਸੋਚਣੀ ਆਂ ਤੁਹਾਡੀ ਮਰਜੀ ਹੈ,ਪਰ ਮੈਂ ਤਾਂ ਅੱਜ ਵੀ ਤੁਹਾਡੇ ਲਈ ਸਦਾ ਹਾਜਰ ਹਾਂ ਜਦੋਂ ਮਰਜ਼ੀ ਮੈਨੂੰ ਜਿਥੇ ਮਰਜੀ ਲਵਾਓ ਮੈਂ ਧੁੱਪ ਦੇ ਵਿੱਚ ਆਪਣੇ ਆਪ ਨੂੰ ਸਾੜਕੇ ਵੀ ਤੁਹਾਡੀ ਸੇਵਾ ਲਈ ਹਾਜ਼ਰ ਹਾਂ।

ਹਾਂ ਸੱਚ ਇੱਕ ਤਾਂ ਬਹੁਤ ਹੀ ਮੁੱਦੇ ਦੀ ਗੱਲ ਮੈਂ ਭੁੱਲ ਹੀ ਗਿਆ ਸਾਂ ਕਿ ਹੁਣ ਤੁਹਾਨੂੰ ਡਾਕਟਰਾਂ ਨੇ ਖੜ ਕੇ ਜਾਂ ਕੋਡੇ ਹੋਕੇ ਪਾਣੀ ਪੀਣ ਤੋਂ ਵੀ ਰੋਕਿਆ ਹੋਇਆ ਹੈ ਕਿਉਂਕਿ ਡਾਕਟਰਾਂ ਮੁਤਾਬਕ ਇਉਂ ਪਾਣੀ ਪੀਣ ਨਾਲ ਸਿਹਤ ਤੰਦਰੁਸਤ ਨਹੀਂ ਰਹਿੰਦੀ, ਪਰ ਮੇਰੇ ਸਤਿਕਾਰਯੋਗ ਦੋਸਤੋ ਪਹਿਲਾਂ ਵਾਲੇ ਸਮਿਆਂ ਵਿੱਚ ਤੁਸੀਂ ਜਦੋਂ ਮੈਥੋਂ ਪਾਣੀ ਪੀਂਦੇ ਸਾਂ ਓਦੋਂ ਵੀ ਤਾਂ ਕੋਡੇ ਹੋਕੇ ਹੀ ਪੀਂਦੇ ਰਹੇ ਹੋਂ ?ਕੀ ਕਦੇ ਸਿਰ ਵੀ ਦੁਖਿਆ ਸੀ ਤੁਹਾਡਾ ? ਗੱਲ ਤਾਂ ਸਮੇਂ ਸਮੇਂ ਦੀ ਹੈ ਦੋਸਤੋ ਮੈਂ ਤਾਂ ਇਹੀ ਕਹਾਂਗਾ ਕਿ ਇਸ ਸਾਰੀ ਆਈ ਤਬਦੀਲੀ ਲਈ ਪਾਣੀ ਦੀ ਸੰਭਾਲ ਨਾ ਕਰਨ ਲਈ ਤੇ ਪਾਣੀ ਨੂੰ ਜਹਿਰੀਲਾ ਕਰਨ ਲਈ ਤੁਸੀਂ ਖੁਦ ਹੀ ਜ਼ਿੰਮੇਵਾਰ ਹੋਂ।ਮੈਂ ਅੱਜ ਵੀ ਤੁਹਾਡੇ ਲਈ ਆਪਣੇ ਆਪ ਨੂੰ ਧੁੱਪ ਦੇ ਵਿੱਚ ਅਡੋਲ ਰਹਿ ਕੇ ਵੀ ਤੁਹਾਡੀ ਸੇਵਾ ਲਈ ਸਦਾ ਤਿਆਰ ਹਾਂ।ਹਾਂ ਓਨਾਂ ਦੋਸਤਾਂ ਦਾ ਮੈਂ ਸਦਾ ਤਹਿ ਦਿਲੋਂ ਰਿਣੀ ਹਾਂ ਜੋ ਅੱਜ ਵੀ ਮੈਨੂੰ ਵਰਤਦੇ ਹਨ ਬੇਸ਼ੱਕ ਮੇਰੇ ਰੂਪ ਦੇ ਵਿੱਚ ਸਮੇਂ ਦੇ ਨਾਲ ਨਾਲ ਫ਼ਓਮਪ;ਰਕ ਪੈ ਚੱਲਿਆ ਹੈ ਕਿ ਮੈਂ ਪਹਿਲਾਂ ਪਹਿਲਾਂ ਤਾਂ ਸਾਰਾ ਹੀ ਜਿਸਤੀ ਪਾਈਪਾਂ ਦਾ ਰਿਹਾ ਹਾਂ ਤਾਂ ਫਿਲਟਰ ਵੀ ਪਿੱਤਲ ਦਾ ਹੋਇਆ ਕਰਦਾ ਸੀ ਪਰ ਹੁਣ ਜਿਉਂ ਜਿਉਂ ਪਾਣੀ ਖਾਰੇ ਤੇ ਸ਼ਓਰੇ ਵਾਲੇ ਹੋਏ ਨੇ ਓਦੋਂ ਤੋਂ ਮੇਰਾ ਰੂਪ ਤੁਸੀ ਉੱਪਰਲੀ ਮਸ਼ੀਨ ਤੋਂ ਬਿਨਾਂ ਸਾਰਾ ਹੀ ਪਲਾਸਟਿਕ ਦਾ ਕਰ ਦਿੱਤਾ ਹੈ। ਓਨਾਂ ਸਮਿਆਂ ਦੇ ਵਿੱਚ ਛੋਟੇ ਛੋਟੇ ਮਸੂਮ ਬੱਚੇ ਮੈਨੂੰ ਗੇੜਕੇ ਆਪਣੀਆਂ ਫੱਟੀਆਂ ਪੋਚਦੇ ਰਹੇ ਹਨ,ਪਰ ਹੁਣ ਤੁਸੀਂ ਦੋਸਤੋ ਸਾਰਿਆਂ ਨੇ ਰਲਮਿਲ ਕੇ ਮੇਰੀ ਹੀ ਪੱਟੀ ਪੋਚ ਦਿੱਤੀ ਹੈ। ਨਲਕਿਆਂ ਤੋਂ ਪਾਣੀ ਭਰਦੀਆਂ ਮੁਟਿਆਰਾਂ ਤੇ ਕਈ ਗੀਤ ਵੀ ਲਿਖੇ ਗਏ ਹਨ।ਸੋ ਦੋਸਤੋ ਓਨਾਂ ਸਾਂਝਾਂ ਨੂੰ ਕਾਇਮ ਰੱਖਦਿਆਂ ਆਪ ਸੱਭ ਦੋਸਤਾਂ ਨੂੰ ਸਨਿਮਰ ਬੇਨਤੀ ਹੈ ਕਿ ਮੇਰੀ ਹੋਂਦ ਨੂੰ ਮਿਟਾਓ ਨਾ ਮੈਨੂੰ ਬਚਾ ਕੇ ਰੱਖੋ... ਚਲੋ ਖੈਰ ਇਹ ਤੁਹਾਡੀ ਵੀ ਮਜਬੂਰੀ ਹੈ ਮੈਂ ਸਮਝਦਾ ਹਾਂ,ਪਰ ਭੁਲਾਓ ਨਾ ਮੇਰੇ ਦੋਸਤੋ ਆਪਣੀ ਸਾਂਝ ਯੁਗਾਂ ਤੋਂ ਚਲੀ ਆਉਂਦੀ ਕਰਕੇ ਹੀ ਬੜੇ ਮਾਣ ਨਾਲ ਤੁਹਾਨੂੰ ਮੈਂ ਬੇਨਤੀ ਕਰਦਾ ਹਾਂ ਜੇਕਰ ਕਿਤੇ ਤੁਹਾਡੀ ਸ਼ਾਨ ਦੇ ਵਿੱਚ ਕੋਈ ਸ਼ਬਦ ਵੱਧ ਘੱਟ ਬੋਲਿਆ ਗਿਆ ਹੋਵੇ ਤਾਂ ਮੈਂ ਮੁਆਫੀ ਚਾਹੁੰਦਾ ਹਾਂ। ਸਦੀਆਂ ਤੋਂ ਤੁਹਾਡਾ ਸਾਥੀ ਨਲਕਾ।ਆਮੀਨ..

# ਮੁੱਲ ਖਰੀਦੀ ਗੁਲਾਮੀ

ਅਜੇ ਇੱਕ ਦੋ ਰਿਸ਼ਤੇਦਾਰ ਜਾਣ ਵਾਲੇ ਰਹਿੰਦੇ ਸਨ ਉਹ ਵੀ ਤਾਂ ਰਿਹ ਪਏ ਕਿਉਂਕਿ ਦੂਰ ਦੇ ਸਨ ਉਹਨਾਂ ਦਾ ਉਸੇ ਦਿਨ ਮੁੜਣਾ ਔਖਾ ਸੀ। ਜੱਦ ਦੂਜੇ ਦਿਨ ਤੜਕਸਾਰ ਜਾਂਦੇ ਹੋਏ ਉਹ ਅਮਰਜੀਤ ਨੂੰ ਕਹਿਣ ਲੱਗੇ "ਕਾਕਾ ਹੁਣ ਜਲਦੀ ਗੇੜਾ ਮਾਰ ਜਾਇਆ ਕਰੀਂ ਤੂੰ ਤਾਂ ਬੇਬੇ ਦੇ ਵੀ ਆਖਰੀ ਦਰਸ਼ਨ ਨਾ ਕਰ ਸਕਿਆ ਤੇ ਹੁਣ ਬਜੁਰਗ ਵਾਰੀ ਵੀ ਤੂੰ ਮਸਾਂ ਭੋਗ ਤੇ ਹੀ ਅਪੜਿਆਂ ਹੈਂ " ਇਹ ਸੁਣ ਕੇ ਅਮਰਜੀਤ ਦੇ ਦਿਲ ਨੂੰ ਟੀਸ ਜਹੀ ਪਹੁੰਚੀ ਜਿਵੇ ਕਿ ਇਹ ਸਾਰਾ ਕੁੱਝ ਉਸ ਦੇ ਵੱਸ'ਚ ਹੋਵੇ ਤੇ ਜਾਣਬੁਝ ਕੇ ਨਾ ਆਇਆ ਹੋਵੇ। ਉਹ ਅੱਖਾਂ ਪੂੰਝਦਿਆਂ ਹੋਇਆਂ ਸਿਰ ਸੁਟੀ ਸੁਣੀ ਜਾਂਦਾ ਸੀ। ਪਰ ਉਹ ਉਨ੍ਹਾਂ ਨੂੰ ਕਿਸ ਤਰ੍ਹਾਂ ਸਮਝਾਉਂਦਾ ਕਿ ਮਾਪਿਆਂ ਨੂੰ ਸੁੱਖ ਦੇਣ ਲਈ ਕਿੰਝ ਏਜੰਟਾਂ ਦੇ ਦੱਸੇ ਰਾਹਾਂ ਤੇ ਕਦੀ ਸਮੁੰਦਰ ਰਾਂਹੀਂ ਤੇ ਕਦੇ ਕੰਡਿਆਲੀਆਂ ਤਾਰਾਂ ਨੂੰ ਟੱਪ ਕੇ ਅਣਜਾਣੇ ਲੋਕਾਂ ਤੇ ਅਣਜਾਣੇ ਦੇਸਾਂ ਵਿੱਚੋ ਦੀ ਹੁੰਦਾ ਹੋਇਆ ਕਈ ਕਈ ਦਿਨ ਬਿਨਾ ਕੁੱਝ ਖਾਧੇ ਪੀਤੇ ਤੇ ਵਗੈਰ ਨਹਾਤੇ ਹੋਏ ਫਟੇ ਪੁਰਾਣੇ ਕਪੜਿਆਂ ਵਿੱਚ ਕਿੰਨੇ ਦਿਨ ਬਤੀਤ ਕਰ ਛੱਡਣੇ ਫਿਰ ਕਾਫੀ ਲੰਮਾ ਸਮਾਂ ਗੁਜਾਰ ਕੇ ਕਿੱਤੇ ਟਿਕਾਣੇ ਪੁੱਜਾ। ਪਰ ਉਸਦੇ ਦਿਲ ਨੂੰ ਬਾਪੂ ਦੇ ਮੌਤ ਦੇ ਨਾਲ ਨਾਲ ਇਹ ਗੱਲ ਜਿਆਦਾ ਦੁੱਖ ਦੇ ਰਹੀ ਸੀ ਕਿ ਜੱਦ ਵੀ ਉਸ ਨੇ ਬਾਪੂ ਨੂੰ ਫੋਨ ਕਰਨਾ ਕਿ ਮੈਂ ਹੋਰ ਅਗਾਂਹ ਅਗਲੇ ਮੁਲਕ ਜਾਣਾ ਹੈ ਤਾਂ ਭੇਜਣ ਵਾਲੇ ਪੈਸੇ ਮੰਗਦੇ ਹਨ ਤਾਂ ਬਾਪੂ ਕਦੇ ਸਿਰੜ ਨਹੀਂ ਵੱਟਣੀ ਸਗੋਂ ਹੌਸਲਾ ਦੇਣਾ "ਕੋਈ ਨਾ ਤੂੰ ਤਕੜਾ ਹੋ ਕੇ ਆਪਣੀ ਤਰੱਕੀ ਬਾਰੇ ਸੋਚ ਮੈਂ ਪੈਸਿਆਂ ਦਾ ਇੰਤਜਾਮ ਕਰ ਲਵਾਂਗਾ ਤੇ ਦੇ ਦਵਾਂਗਾ ਉਨ੍ਹਾਂ ਨੂੰ " ਅਮਰਜੀਤ ਸੋਚੇ ਕਿ ਪਤਾ ਨਹੀਂ ਸੀ ਕਿ ਬਾਪੂ ਕਰਜੇ ਫੜਦਾ ਤੇ ਕਦੀ ਜਮੀਨ ਦਾ ਟੱਕ ਗਹਿਣੇ ਰੱਖ ਕੇ ਮੈਨੂੰ ਪੈਸੇ ਭੇਜ਼ ਕਿੰਝ ਭੇਜ਼ ਦਿੰਦਾ ਸੀ ।ਆਖਰ ਮੈਂ ਵਿਦੇਸ ਵਿੱਚ ਪੱਕਾ ਹੋ ਗਿਆ। ਪਰ ਅੱਜ ਪਿਉ ਦੀ ਅਰਥੀ ਨੂੰ ਮੋਢਾ ਦੇਣ ਲਈ ਵੀ ਨਾ ਪੁੱਜ ਸਕਣਾ ਮੇਰੇ ਲਈ ਜਿੰਦਗੀ ਦੀ ਸਭ ਤੋਂ ਦੁਖਦਾਈ ਗੱਲ ਸੀ। ਇੰਝ ਜਾਪਦਾ ਸੀ ਕਿ ਜਿਵੇਂ ਮੈਂ ਬਾਪੂ ਦੀ ਨੇਕ ਕਮਾਈ ਨਾਲ ਮੁੱਲ ਖਰੀਦੀ ਗੁਲਾਮੀ ਦੀ ਜਿੰਦਗੀ ਬਤੀਤ ਕਰ ਰਿਹਾ ਹੋਵਾਂ ਕਿਉਂਕਿ ਜੱਦ ਵੀ ਮੈਂ ਆਪਣੇ ਪਿੰਡ ਆਉਣ ਨੂੰ ਵਿਦੇਸ਼ੀ ਮਾਲਕ ਨੂੰ ਕਹਿਣਾ ਤਾਂ ਉਸ ਨੇ ਜਵਾਬ ਦੇਣਾ "ਚਲੇ ਤਾਂ ਤੂੰ ਜਾ ਪਰ ਅਸੀਂ ਤੇਰੀ ਜਗ੍ਹਾ ਤੇ ਕੋਈ ਹੋਰ ਬੰਦਾ ਰੱਖ ਲੈਣਾ ਹੈ ਤੇ ਤੂੰ ਆਉਣੇ ਵੇਲੇ ਹੋਰ ਕੰਮ ਤਲਾਸ ਕਰ ਲਵੀਂ " ਬਸ ਮਾਲਕ ਦੇ ਇਸੇ ਜਵਾਬ ਕਰਕੇ ਹੀ ਮੈਂ ਖਿਚੋ ਤਾਣੀ'ਚ ਫਸਿਆ ਨਾ ਤੇ ਮਾਂ ਅਤੇ ਨਾ ਹੀ ਬਾਪੂ ਦਾ ਮੂੰਹ ਵੇਖ ਸਕਿਆ।ਜਾਣ ਵਾਲੇ ਰਿਸ਼ਤੇਦਾਰ ਨੇ ਅਮਰਜੀਤ ਨੂੰ ਮੋਢੇ ਤੋਂ ਹਿਲਾ ਕੇ ਕਿਹਾ ਕਿਹੜੀ ਸੋਚੀਂ ਪੈ ਗਿਆ ਤਾਂ ਅਮਰਜੀਤ ਨੇ ਤਰਬਭੱਕ ਕੇ ਕਿਹਾ "ਹਾਂ ਜੀ ਜਲਦੀ ਹੀ ਆ ਜਾਇਆ ਕਰਾਂਗਾ" ਕਿਹ ਕੇ ਫਿਰ ਚੁੱਪ ਖੜਾ ਸੋਚ ਰਿਹਾ ਸੀ ਕਿ ਪਹਿਲਾਂ ਤਾਂ ਆਸ ਸੀ ਕਿ ਮੇਰੇ ਆਉਣ ਤੇ ਸ਼ਗਨ ਮਨਾਏ ਜਾਣਗੇ ਦਰਾਂ ਤੇ ਤੇਲ ਚੋ ਕੇ ਮਾਂ ਅੰਦਰ ਵੜਣ ਤੇ ਹੱਥ ਉੱਤੇ ਖੰਡ ਧਰ ਕੇ ਲੰਘਾਵੇਗੀ, ਹੁਣ ਤਾਂ ਆਏ ਜਾ ਨਾ ਆਏ ਇੱਕੋ ਜਿਹਾ ਹੀ ਲੱਘਣ ਲੱਗਾ।

ਵਿਨੋਦ ਫਕੀਰਾ, ਸਟੇਟ ਐਵਾਰਡੀ
ਮੋ.9872197326

# ਹੌਕਾ



ਇੱਕ ਪਿੰਡ ਵਿੱਚ ਬਹੁਤ ਜਿਆਦਾ ਮਿਹਨਤ ਕਰਨ ਵਾਲਾ ਇੱਕ ਕਿਸਾਨ ਬਾਪੂ ਬਿਸ਼ਨ ਸਿੰਘ ਰਹਿੰਦਾ ਸੀ। ਉਸਦੇ ਦੇ ਦੋ ਪੁੱਤ ਅਤੇ ਦੋ ਧੀਆਂ ਸਨ । ਬਾਪੂ ਨੇ ਬਹੁਤ ਮਿਹਨਤ ਕੀਤੀ ਅਤੇ ਜਿੰਨੇ ਜੋਗਾ ਸੀ ਉਸ ਤੋਂ ਕਈ ਗੁਣਾਂ ਵੱਧ ਉਸ ਨੇ ਆਪਣੇ ਬੱਚਿਆਂ ਨੂੰ ਪਿਆਰ ਤੇ ਚੰਗੀ ਪਰਵਰਿਸ਼ ਦਿੱਤੀ । ਬਾਪੂ ਜੀ ਉਸ ਸਮੇਂ ਬਹੁਤ ਜਵਾਨ ਅਤੇ ਤਕੜੇ ਸਰੀਰ ਦੇ ਹੋਇਆ ਕਰਦੇ ਸਨ ਕਿਉਂਕਿ ਉਨ੍ਹਾਂ ਨੇ ਆਪਣੇ ਸਮੇਂ ਦੀਆਂ ਪੁਰਾਣੀਆਂ ਖੁਰਾਕਾਂ ਖਾਧੀਆਂ ਹੋਈਆਂ ਸਨ। ਉਹ ਸਵੇਰ ਹੁੰਦੇ ਹੀ ਖੇਤਾਂ ਵਿੱਚ ਆਪਣੇ ਬਲਦਾਂ ਨਾਲ ਹਲ ਜੋੜ ਕੇ ਲੈ ਜਾਂਦਾ ਤੇ ਜਦੋਂ ਤੱਕ 10 ਵਜੇ ਦੀ ਕੜਕਦੀ ਹੋਈ ਧੁੱਪ ਨਿਕਲਦੀ ਉਸ ਸਮੇਂ ਤੱਕ ਤਾਂ ਬਾਬਾ ਬਿਸ਼ਨ ਸਿੰਘ ਆਪਣੇ ਖੇਤ ਦੀ ਇੱਕ ਏਕੜ ਜਮੀਨ ਨੂੰ ਤਾਂ ਹਲਾਂ ਨਾਲ ਵਾਹ ਚੁੱਕਾ ਹੁੰਦਾ ਸੀ। ਉਹ ਕਦੇ ਵੀ ਆਪਣੇ ਆਪ ਨੂੰ ਥੱਕਿਆ ਹੋਇਆ ਮਹਿਸੂਸ ਨਹੀਂ ਕਰਦਾ ਸੀ। ਭਾਵੇਂ ਉਸਦੇ ਸਰੀਰ ਨੂੰ ਤਾਂ ਥਕਾਵਟ ਮਹਿਸੂਸ ਹੁੰਦੀ ਹੀ ਸੀ ਪਰ ਉਹ ਆਪਣੇ ਬੱਚਿਆਂ ਦੇ ਸਾਹਮਣੇ ਆਪਣੀ ਥਕਾਵਟ ਨੂੰ ਜਾਹਰ ਨਹੀਂ ਸੀ ਹੋਣ ਦਿੰਦਾ। ਤਾਂ ਜੋ ਉਸਦੇ ਬੱਚੇ ਉਸਨੂੰ ਦੇਖ ਕੇ ਦੁਖੀ ਨਾ ਹੋਣ ਜਾਣ । ਉਹ ਨਹੀਂ ਸੀ ਚਾਹੁੰਦਾ ਕਿ ਉਸਦੇ ਬੱਚਿਆਂ ਦੇ ਬਚਪਨ ਦੀ ਖੁਸ਼ੀ ਦੇ ਰੰਗ ਵਿੱਚ ਉਹ ਭੰਗ ਪਾਵੇ। ਬੱਚੇ ਵੀ ਬਹੁਤ ਪਿਆਰ ਨਾਲ ਪੇਸ਼ ਆਉਂਦੇ ਸਨ। ਜਦੋਂ ਵੀ ਉਨ੍ਹਾਂ ਨੇ ਕਿਸੇ ਵੀ ਚੀਜ ਦੀ ਮੰਗ ਕਰਨੀ ਤਾਂ ਬਾਪੂ ਬਿਸ਼ਨ ਸਿੰਘ ਨੇ ਆਪਣੇ ਬੱਚਿਆਂ ਦੀ ਮੰਗ ਨੂੰ ਛੇਤੀ ਤੋਂ ਛੇਤੀ ਪੂਰਾ ਕਰਨ ਦੀ ਕੋਸ਼ਿਸ਼ ਜਰੂਰ ਕਰਨੀ ਹੁੰਦੀ ਤੇ ਕਈ ਵਾਰ ਤਾਂ ਬੱਚਿਆਂ ਦੀ ਕਿਸੇ ਚੀਜ ਦੀ ਮੰਗ ਕਰਦਿਆਂ ਨਾਲ ਹੀ ਬਾਪੂ ਉਨ੍ਹਾਂ ਲਈ ਸ਼ਹਿਰ ਜਾ ਕੇ ਕੁਝ ਹੀ ਸਮੇਂ ਵਿੱਚ ਉਹ ਚੀਜ ਬੱਚਿਆਂ ਲਈ ਪੇਸ਼ ਕਰ ਦਿੰਦਾ। ਬੱਚੇ ਵੀ ਆਪਣੇ ਪਿਤਾ ਦੇ ਇਸ ਸੁਭਾਅ ਤੋਂ ਬਹੁਤ ਖੁਸ਼ ਹੁੰਦੇ ਤੇ ਪਿਆਰ ਕਰਦੇ। ਉਸਨੇ ਆਪਣੇ ਬੱਚਿਆਂ ਲਈ ਇੱਕ ਚੰਗੇ ਭਵਿੱਖ ਦਾ ਵੀ ਸੁਪਨਾ ਵੇਖਿਆ। ਉਹ ਚਾਹੁੰਦਾ ਸੀ ਕਿ ਉਸਦੇ ਪੁੱਤ ਅਤੇ ਧੀਆਂ ਪੜ੍ਹ-ਲਿਖ ਕੇ ਕਿਸੇ ਵਧੀਆ ਮੁਕਾਮ ਤੇ ਪਹੁੰਚ ਜਾਣ ਪਰ ਸ਼ਾਇਦ ਕਿਸਮਤ ਨੂੰ ਇਹ ਮਨਜ਼ੂਰ ਨਹੀਂ ਸੀ। ਬੱਚੇ ਪੜ੍ਹ-ਲਿਖ ਵੀ ਗਏ ਤੇ ਆਪਣੇ ਕੰਮ ਵੀ ਕਰਨ ਲੱਗੇ ।

ਸਮਾਂ ਬੀਤਦਾ ਗਿਆ। ਫਿਰ ਉਹ ਦਿਨ ਆਇਆ ਜਿਸ ਦਾ ਬਾਪੂ ਨੂੰ ਵਰ੍ਹਿਆਂ ਤੋਂ ਇੰਤਜਾਰ ਸੀ। ਉਸਨੇ ਆਪਣੇ ਵੱਡੇ ਪੁੱਤ ਦਾ ਵਿਆਹ ਕਰ ਦਿੱਤਾ। ਵਿਆਹ ਤੋਂ ਬਾਅਦ ਕੁੱਝ ਸਮਾਂ ਤਾਂ ਨੂੰਹ ਅਤੇ ਪੁੱਤਰ ਬਾਪੂ ਜੀ ਦੇ ਨਾਲ ਹੀ ਰਹੇ ਪਰ ਇਹ ਸਮਾਂ ਜਿਆਦਾ ਦੇਰ ਤੱਕ ਨਾ ਠਹਿਰਿਆ। ਬਾਪੂ ਦੀਆਂ ਆਸਾਂ ਅਤੇ ਉਮੀਦਾਂ ਤੇ ਉਸ ਸਮੇਂ ਪਾਣੀ ਫਿਰ ਗਿਆ ਜਦੋਂ ਨੂੰਹ ਨੇ ਘਰੋਂ ਵੱਖ ਹੋਣ ਦੀ ਗੱਲ ਆਪਣੇ ਪਤੀ ਨਾਲ ਕੀਤੀ। ਬਾਪੂ ਦੇ ਵੱਡੇ ਪੁੱਤ ਨੇ ਆ ਕੇ ਕਿਹਾ ਕਿ ਅਸੀਂ ਤੁਹਾਡੇ ਨਾਲ ਹੁਣ ਹੋਰ ਸਮਾਂ ਨਹੀਂ ਰਹਿਣਾ ਚਾਹੁੰਦੇ ਅਤੇ ਆਪਣਾ ਅਲੱਗ ਤੋਂ ਘਰ ਬਣਾਉਣਾ ਹੈ , ਇਸ ਲਈ ਤੁਸੀਂ ਸਾਨੂੰ ਸਾਡੇ ਹਿੱਸੇ ਦੀ ਜਮੀਨ ਦੇ ਦਿਓ। ਬਾਪੂ ਦੀਆਂ ਅੱਖਾਂ ਵਿੱਚ ਹੰਝੂ ਆ ਗਏ ਤੇ ਉਹ ਆਪਣੇ ਪੁੱਤ ਨੂੰ ਹੰਝੂਆਂ ਨਾਲ ਭਰੀਆਂ ਅੱਖਾਂ ਨਾਲ ਤੱਕਦਾ ਰਿਹਾ। ਬਾਪੂ ਜੀ ਨੇ ਪੁੱਤ ਦੇ ਕਹਿਣ ਤੇ ਜਮੀਨ ਦੋਵਾਂ ਪੁੱਤਾਂ ਵਿੱਚ ਬਰਾਬਰ ਵੰਡ ਦਿੱਤੀ ਅਤੇ ਉਸ ਜਮੀਨ ਦਾ ਇੱਕ ਛੋਟਾ ਜਿਹਾ ਹਿੱਸਾ ਦੋ ਕਿਲੇ ਆਪ ਰੱਖ ਲਏ ਅਤੇ ਬਾਕੀ 10-10 ਕਿਲੇ ਆਪਣੇ ਦੋ ਪੱਤਰਾਂ ਨੂੰ ਦੇ ਦਿੱਤੇ। ਜਿਵੇਂ ਜਿਵੇਂ ਸਮਾਂ ਬੀਤਿਆ ਬਾਪੂ ਜੀ ਦੀ ਹਾਲਤ ਠੀਕ ਨਾ ਰਹਿਣ ਲੱਗੀ। ਉਸ ਦੀ ਅੱਖਾਂ ਦੀ ਰੋਸ਼ਨੀ ਵੀ ਹੁਣ ਜਿਆਦਾ ਚੰਗੀ ਨਹੀਂ ਸੀ। ਜਿਸ ਕਰਕੇ ਉਸਨੇ ਆਪਣੇ ਦੋਹਾਂ ਪੁੱਤਾਂ ਨੂੰ ਆਪਣੀਆਂ ਅੱਖਾਂ ਦੇ ਇਲਾਜ ਲਈ ਕਿਹਾ। ਪੁੱਤਾਂ ਨੇ ਝੱਟ ਹਾਂ ਕਰ ਦਿੱਤੀ। ਇਹ ਇੱਕ ਬੜੀ ਹੀ ਹੈਰਾਨੀ ਵਾਲੀ ਗੱਲ ਸੀ ਕਿ ਕੱਲ ਤੱਕ ਜਿਹੜੇ ਪੁੱਤ ਉਸਨੂੰ ਵੇਖ ਕੇ ਵੀ ਖੁਸ਼ ਨਹੀਂ ਸਨ ਅੱਜ ਉਹ ਕਿਵੇਂ ਬਾਪੂ ਜੀ ਦੀ ਨਿਗ੍ਹਾਂ ਦਾ ਇਲਾਜ ਕਰਵਾਉਣ ਲਈ ਵੀ ਤਿਆਰ ਹੋ ਗਏ। ਹੁਣ ਉਹ ਬਾਪੂ ਨੂੰ ਸ਼ਹਿਰ ਲੈ ਗਏ ਤੇ ਹਸਪਤਾਲ ਲਿਜਾਣ ਦੀ ਥਾਂ ਉਹ ਉਨ੍ਹਾਂ ਨੂੰ ਕਚਹਿਰੀ ਵਿੱਚ ਲੈ ਗਏ। ਬਾਪੂ ਦੀ ਘੱਟ ਨਜਰ ਦਾ ਫਾਇਦਾ ਦੋਹਾਂ ਪੁੱਤਾਂ ਨੇ ਖੂਬ ਉਠਾਇਆ। ਉਨ੍ਹਾਂ ਨੇ ਬਾਪੂ ਦੇ ਨਾਂ ਰਹਿੰਦੀ ਦੋ ਕਿਲੇ ਜਮੀਨ ਵੀ ਆਪਣੇ ਨਾਂ ਲਗਵਾ ਲਈ । ਬਾਪੂ ਦੀ ਜੁਬਾਨ ਉੱਥੇ ਹੀ ਬੰਦ ਹੋ ਗਈ। ਫਿਰ ਜਦੋਂ ਬਾਪੂ ਨੂੰ ਘਰ ਲੈ ਕੇ ਆਇਆ ਗਿਆ ਤਾਂ ਉਹਨਾਂ ਨੇ ਇਸ ਗੱਲ ਦਾ ਹੌਕਾ ਖਿੱਚਿਆ ਕਿ ਜਿਹੜੇ ਪੁੱਤਾਂ ਲਈ ਉਸਨੇ ਐਨੇ ਸੁਪਨੇ ਦੇਖੇ ਸਨ ਉਹ ਅੱਜ ਉਸ ਨਾਲ ਇਸ ਤਰ੍ਹਾਂ ਕਰਨਗੇ ਜਿਸ ਬਾਰੇ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ। ਇਹ ਗੱਲ ਸੋਚਦੇ ਹੀ ਬਾਪੂ ਅਚਾਨਕ ਧਰਤੀ ਤੇ ਡਿੱਗ ਪਿਆ । ਬਾਪੂ ਦੀਆਂ ਅੱਖਾਂ ਹੁਣ ਉਨ੍ਹਾਂ ਹੰਝੂਆਂ ਨਾਲ ਭਰੀਆਂ ਹੋਈਆਂ ਸਨ ਜੋ ਉਨ੍ਹਾਂ ਦੇ ਦਿਲ ਦੀ ਗੱਲ ਦੱਸ ਰਹੀਆਂ ਸਨ , ਜਿਹੜੀ ਗੱਲ ਉਸ ਦੀ ਜੁਬਾਨ ਨਹੀਂ ਸੀ ਦੱਸ ਸਕੀ। ਬਾਪੂ ਨੇ ਇਸ ਗੱਲ ਦਾ ਹੌਕਾ ਖਿੱਚਿਆ ਸੀ ਤੇ ਜਦੋਂ ਡਾਕਟਰ ਨੂੰ ਬੁਲਾਇਆ ਗਿਆ ਤਾਂ ਡਾਕਟਰ ਨੇ ਕਿਹਾ ਕਿ ਇਹ ਆਪਣਾ ਸਰੀਰ ਛੱਡ ਚੁੱਕੇ ਸਨ।

ਗੀਤਾ ਜੋਸਨ (ਮਮਦੋਟ) ਫਿਰੋਜਪੁਰ
ਸੰਪਰਕ-9646568045

# ਮਿੱਠ ਬੋਲੜੇ ਸੁਭਾਅ ਪੁਲੀਸ ਅ.ਫ਼ਸਰ ਸੀ
# ਸੰਦੀਪ ਸਿੰਘ ਧਾਲੀਵਾਲ



ਅਮਰੀਕਾ ਦੇ ਸ਼ਹਿਰ ਹਿਊਸਟਨ ਵਿੱਚ ਪਿਛਲੇ ਹਫਤੇ ਪੁਲਿਸ ਅਫਸਰ ਸੰਦੀਪ ਸਿੰਘ ਧਾਲੀਵਾਲ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਇਹ ਆਪਣੀ ਡਿਊਟੀ ਤੇ ਉਸ ਟਾਈਮ ਟ੍ਰੈਫਿਕ ਸਟਾਫ ਦੌਰਾਨ ਇੱਕ ਸਿਰ ਫਿਰੇ ਸਪੈਨਿਸ਼ ਮੂਲ ਦੇ ਰਾਬਰਟ ਸੋਲਸ ਨਾਮੀ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱੱਤਾ ਗਿਆ ਬਹੁਤ ਦੁੱਖਦਾਈ ਖ਼ਬਰ ਸੁਣ ਕੇ ਪੰਜਾਬੀ ਕਮਿਊਨਿਟੀ ਅਤੇ ਸਿੱਖ ਭਾਰੀ ਚਾਰੇ ਵਿੱਚ ਸੋਗ ਦੀ ਲਹਿਰ ਪੈ ਗਈ । ਇਹ ਇੱਕ ਸਿੱਖੀ ਨਾਲ ਸੰਬੰਧ ਰੱਖਣ ਵਾਲੇ ਦਸਤਾਰਧਾਰੀ ਪੁਲਿਸ ਅ.ਫ਼ਸਰ ਸਨ ਬਹੁਤ ਨਿੱਘੇ ਤੇ ਮਿੱਠ ਬੋਲੜੇ ਸੁਭਾਅ ਦੇ ਪੁਲੀਸ ਅ.ਫ਼ਸਰ ਸਨ ਇਨ੍ਹਾਂ ਦੇ ਵਿੱਚ ਬਹੁਤ ਪਿਆਰ ਤੇ ਲੋਕਾਂ ਪ੍ਰਤੀ ਇਤ.ਫ਼ਾਕ ਸੀ । ਸੰਦੀਪ ਸਿੰਘ ਧਾਲੀਵਾਲ ਦਾ ਪਿਛਲਾ ਪਿੰਡ ਧਾਲੀਵਾਲ ਬੇਟ ਜ਼ਿਲ੍ਹਾ ਕਪੂਰਥਲਾ ਵਿੱਚ ਪੈਂਦਾ ਹੈ ਉਹ ਆਪਣੇ ਪਿੱਛੇ ਦੋ ਬੇਟੀਆਂ ਉਮਰ 13 ਸਾਲ ਅਤੇ 10 ਸਾਲ ਅਤੇ ਉਨ੍ਹਾਂ ਦਾ ਛੋਟਾ ਬੇਟਾ 5 ਸਾਲ ਅਤੇ ਪਤਨੀ ਛੱਡ ਕੇ ਸੰਸਾਰ ਨੂੰ ਅਲਵਿਦਾ ਕਹਿ ਗਏ ।ਸੰਦੀਪ ਸਿੰਘ ਨੂੰ ਅਮਰੀਕਨ ਲੋਕਾਂ ਅਤੇ ਸਰਕਾਰ ਅਤੇ ਪੁਲਿਸ ਵਿਭਾਗ ਨੇ ਪੂਰੇ ਸਤਿਕਾਰ ਸਹਿਤ ਸੰਦੀਪ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਸੰਦੀਪ ਸਿੰਘ ਧਾਲੀਵਾਲ ਨੂੰ ਟੈਕਸਸ ਦੀ ਫੁੱਟਬਾਲ ਟੀਮ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਖੜ੍ਹੇ ਹੋ ਕੇ ਸਾਰਿਆਂ ਨੇ ਹੱਥ ਜੋੜ ਕੇ ਸਾਰਿਆਂ ਨੇ ਸ਼ਰਧਾਂਜਲੀ ਦਿੱਤੀ । ਸੰਦੀਪ ਸਿੰਘ ਪੱਗ ਬੰਨ੍ਹਣ ਦੇ ਬਹੁਤ ਸ਼ੌਕੀਨ ਸਨ ਅਤੇ ਸਿੱਖੀ ਨਾਲ ਸੰਬੰਧ ਰੱਖਦੇ ਸਨ ਉਹ ਆਪਣੀ ਇਸ ਦੇਸ਼ ਵਿੱਚ ਲੋਕਾਂ ਨੂੰ ਆਪਣੀ ਪਹਿਚਾਣ ਦੱਸਣਾ ਚਾਹੁੰਦੇ ਸਨ ਸੰਦੀਪ ਸਿੰਘ ਧਾਲੀਵਾਲ ਨੇ 2008 ਵਿੱਚ ਪੁਲੀਸ ਵਿੱਚ ਨੌਕਰੀ ਆਪਣੇ ਸ਼ੁਰੂ ਕੀਤੀ ਇਨ੍ਹਾਂ ਦੀ ਮੈਂ ਇੱਕ ਇੰਟਰਵਿਊ ਸੁਣ ਕੇ ਬਹੁਤ ਖੁਸ਼ੀ ਮਹਿਸੂਸ ਹੋਈ ਇਨ੍ਹਾਂ ਨੇ ਬੱਸ ਆਪਣੀ ਸਿੱਖੀ ਦੀ ਪਹਿਚਾਣ ਬਾਰੇ ਹੀ ਇਸ ਇੰਟਰਵਿਊ ਵਿੱਚ ਸਾਰਾ ਕੁਝ ਦੱਸਿਆ ਇਸ ਇੰਟਰਵਿਊ ਵਿੱਚ ਇਨ੍ਹਾਂ ਨੇ ਦੱਸਿਆ ਕੇ ਪੁਲਿਸ ਅਫਸਰ ਵੱਲੋਂ ਇਨ੍ਹਾਂ ਨੂੰ ਕਿਹਾ ਗਿਆ ਕਿਸੇ ਦੇ ਪਿੱਛੇ ਦੌੜਨ ਦੇ ਸਮੇਂ ਪੱਗ ਲੱਥ ਜਾਵੇਗੀ ਜਾਂ ਕਿਸੇ ਦੇ ਲੜਾਈ ਦੇ ਸਮੇਂ ਤੇਰੀ ਪੱਗ ਲੱਥ ਜਾਵੇਗੀ ਇਸ ਤਰ੍ਹਾਂ ਦੇ ਕਾਫੀ ਸਾਰੇ ਸਵਾਲ ਜਵਾਬ ਇਨ੍ਹਾਂ ਨੂੰ ਕੀਤੇ ਗਏ ਪਰ ਇਨ੍ਹਾਂ ਨੇ ਸਾਰੇ ਸਵਾਲਾਂ ਦੇ ਜਵਾਬ ਦਿੱਤੇ। 6 ਸਾਲਾਂ ਦੇ ਸੰਘਰਸ਼ ਤੋਂ ਬਾਅਦ ਇਨ੍ਹਾਂ ਨੂੰ ਪੱਗ ਬੰਨ੍ਹਣ ਵਾਸਤੇ ਇਜਾਜ਼ਤ ਦਿੱਤੀ ਗਈ 2015 ਵਿੱਚ ਕਾਨਫਰੰਸ ਤੋਂ ਬਾਅਦ ਇਨ੍ਹਾਂ ਨੇ ਦਸਤਾਰ ਬੰਨਣੀ ਸ਼ੁਰੂ ਕਰ ਦਿੱਤੀ ਤੇ ਫਿਰ ਇਨ੍ਹਾਂ ਨੇ ਆਪਣੀ ਇੰਟਰਵਿਊ ਚ ਵਿੱਚ ਇਹੀ ਕਿਹਾ ਕਿ ਆਪਣਾ ਕਲਚਰ ਨਾ ਭੁੱਲੋ ,ਸਰਦਾਰ ਬਣੋ ,ਨਸ਼ੇ ਛੱਡੋ ,ਸੇਵਾ ਕਰੋ, ਸਿੱਖੀ ਸਿਧਾਤਾਂ ਵੱਲ ਸਾਰੀ ਹੀ ਨੌਜਵਾਨੀ ਨੂੰ ਤੋਰਨ ਦਾ ਉਪਦੇਸ਼ ਦਿੱਤਾ । ਪਿਛਲੇ ਦੋ ਸਾਲ ਪਹਿਲਾਂ ਹਿਊਸਟਨ ਦੇ ਵਿੱਚ ਭਾਰੀ ਤਬਾਹੀ ਮੀਂਹ ਹਨੇਰੀਆਂ ਦੇ ਕਾਰਨ ਹੋਈ ਜਿਸ ਦੇ ਵਿੱਚ ਇਨ੍ਹਾਂ ਨੇ ਉੱਥੇ ਲੋਕਾਂ ਦੀ ਕਾਫ਼ੀ ਮਦਦ ਕਰ ਕੇ ਉਨ੍ਹਾਂ ਨੂੰ ਰਾਸ਼ਨ ਪਾਣੀ ਅਤੇ ਉਨ੍ਹਾਂ ਦਾ ਖਾਣਾ ਫੂਡ ਪਹੁੰਚਾਉਣ ਵਿੱਚ ਇੰਨੇ ਬਹੁਤ ਜ਼ਿਆਦਾ ਮਦਦ ਕੀਤੀ ਟਰੱਕਾਂ ਦੇ ਟਰੱਕ ਇਨ੍ਹਾਂ ਨੇ ਲੋਕਾਂ ਨੂੰ ਨਾਲ ਰਲਾ ਕੇ ਸਾਰਾ ਖਾਣ ਪੀਣ ਦਾ ਸਾਮਾਨ ਜੋ ਕਿ ਲੋਕਾਂ ਦਾ ਨੁਕਸਾਨ ਹੋ ਚੁੱਕਾ ਸੀ ਉਨ੍ਹਾਂ ਨੂੰ ਵੰਡਿਆ ਗਿਆ ਉੱਥੋਂ ਦੇ ਲੋਕ ਇਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਪਛਾਣ ਚੁੱਕੇ ਸਨ ਕਿ ਇਹ ਪਗੜੀਧਾਰੀ ਸਿੱਖ ਕੌਣ ਹਨ । ਪਰ ਇਹ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ ਉਸ ਪ੍ਰਮਾਤਮਾ ਨੇ ਜਿੰਨੀ ਕੋ ਲਿਖੀ ਸੀ ਆਪਣੇ ਸਵਾਸ ਪੂਰੇ ਕਰਕੇ ਆਪਣੇ ਲੋਕਾਂ ਨੂੰ ਅਲਵਿਦਾ ਕਹਿ ਗਏ । ਹਿਊਸਟਨ ਸ਼ਹਿਰ ਵਿੱਚ ਉਨ੍ਹਾਂ ਦੀ ਜਾਣ ਪਹਿਚਾਣ ਬਹੁਤ ਜ਼ਿਆਦਾ ਲੋਕਾਂ ਵਿੱਚ ਬਣ ਚੁੱਕੀ ਸੀ ਸੰਦੀਪ ਸਿੰਘ ਦੇ ਜਾਣ ਤੋਂ ਬਾਅਦ ਸਿੱਖ ਭਾਈਚਾਰੇ ਵਿਚ ਬਹੁਤ ਜ਼ਿਆਦਾ ਸੋਗ ਦੀ ਲਹਿਰ ਹੈ ਪੰਜਾਬੀਆਂ ਦਾ ਹੀਰਾ ਪੁੱਤ ਸਦਾ ਲਈ ਸਾਥੋਂ ਦੂਰ ਚਲਿਆ ਗਿਆ ਪਰ ਉਨ੍ਹਾਂ ਦੀਆਂ ਯਾਦਾਂ ਸਾਡੇ ਦਿਲ ਵਿੱਚ ਸਦਾ ਹੀ ਰਹਿਣਗੀਆਂ । ਇਸ ਤਰ੍ਹਾਂ ਦੇ ਪੁਲਿਸ ਅਫਸਰ ਦਸਤਾਰਧਾਰੀ ਬਾਹਰਲੇ ਪ੍ਰਦੇਸਾਂ ਵਿੱਚ ਕਿਤੇ ਕਿਤੇ ਹੀ ਨਜ਼ਰ ਆਉਂਦੇ ਹਨ । ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਗੁਰਦੁਆਰਿਆਂ ਵਿੱਚ ਰੱਖੇ ਗਏ ਪਾਠਾਂ ਦੇ ਭੋਗ ਪੈ ਰਹੇ ਹਨ । ਸੋ ਇਨ੍ਹਾਂ ਦੇ ਪਰਿਵਾਰ ਨਾਲ ਸਾਰਾ ਸਿੱਖ ਭਾਈਚਾਰਾ ਸਿੱਖ ਕਮਿਊਨਟੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ ਪ੍ਰਮਾਤਮਾ ਇਨ੍ਹਾਂ ਦੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਤੇ ਬੁੱਧ ਬਖਸ਼ੇ।

**ਸਿੰਦਰ ਸਿੰਘ ਮੀਰਪੁਰੀ**
5592850841

# ਡਾਕਟਰੀ ਪੇਸ਼ੇ ਦੀ ਹੈਵਾਨੀਅਤ



ਕਿੰਨੇ ਚੰਗੇ ਸਮੇਂ ਸੀ ਜਦੋਂ ਡਾਕਟਰ ਰੱਬ ਦਾ ਰੂਪ ਹੁੰਦੇ ਸੀ। ਡਾਕਟਰ ਆਪਣੇ ਨਿੱਜੀ ਹਸਪਤਾਲਾ ਚ ਵੀ ਗਰੀਬਾਂ ਤੇ ਲੋੜਵੰਦ ਲੋਕਾਂ ਨੂੰ ਮੁ.ਫ਼ਤ ਦਵਾਈਆਂ ਦਿੰਦੇ ਸੀ।

ਪਰ ਅੱਜ ਸਚਾਈ ਬਿਲਕੁੱਲ ਉਲਟ ਹੈ। ਬਿਮਾਰੀ 'ਚ ਕਈ ਵਾਰ ਬਹੁਤ ਦੀ ਉਮੀਦ ਹੁੰਦੀ ਹੈ ਪਰ ਡਾਕਟਰ ਦੇ ਜਾ ਕੇ ਉਹ ਉਮੀਦ ਵੀ ਖਤਮ ਹੋ ਜਾਂਦੀ ਏ। ਡਾਕਟਰ ਵੱਲੋਂ ਮਰੀਜ਼ ਨੂੰ ਇੱਕ ਬੱਕਰਾ ਸਮਝਿਆਂ ਜਾਂਦਾ ਏ ਜਿਸ ਨੂੰ ਹਲਾਲ ਕਰਨਾ ਉਹ ਆਪਣਾ ਹੱਕ ਸਮਝਦਾ ਏ।

ਗੱਲ ਕਰੀਏ ਨਿੱਜ਼ੀ ਹਸਪਤਾਲਾਂ ਦੀ ਜਿੱਥੇ ਆਪਣੇ ਮੈਡੀਕਲ ਸਟੋਰ ਤੇ ਆਪਣੀਆਂ ਹੀ ਲੈਬਾਂ ਤੇ ਮਾਮੂਲੀ ਜਿਹੀ ਬਿਮਾਰੀ ਤੇ ਤੂਹਾਨੂੰ ਇੰਨ੍ਹਾਂ ਡਰਾ ਦਿੱਤਾ ਜਾਂਦਾ ਹੈ ਤੇ ਫਿਰ ਤੁਹਾਨੂੰ ਕਈ ਤਰ੍ਹਾਂ ਦੇ ਟੈਸਟ ਕਰਵਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਵੀਹ ਰੁਪਏ ਕੀਮਤ ਦੇ ਟੈਸਟ ਦਾ ਤੁਹਾਡੇ ਤੋ ਸੌ ਰੁਪਏ ਲੈ ਲਿਆ ਜਾਂਦਾ ਏ। ਜੇਕਰ ਤੁਸੀ ਟੈਸਟ ਬਾਹਰ ਕਿਸੇ ਸਸਤੀ ਲੈਬਾਟਰੀ ਤੋਂ ਕਰਵਾ ਲਓ ਤਾਂ ਉਹ ਉਹਨਾਂ ਨੂੰ ਠੁਕਰਾ ਕੇ ਦੁਬਾਰਾ ਟੈਸਟ ਕਰਾਉਣ ਲਈ ਕਹਿੰਦੇ ਹਨ। ਕਈ ਵਾਰ ਦਵਾਈ ਦੇ ਰੇਟ ਤਿੰਨ ਸੌ ਲਿਖਿਆ ਹੁੰਦਾ ਹੈ ਤੇ ਬਾਹਰ ਉਹੀ ਦਵਾਈ ਸੌ ਰੁਪਏ ਦੀ ਮਿਲ ਰਹੀ ਹੁੰਦੀ ਹੈ ਪਰ ਤੁਹਾਨੂੰ ਜਬਰਦਸਤੀ ਦਵਾਈ ਅੰਦਰੋ ਹੀ ਦਿੱਤੀ ਜਾਵੇਗੀ। ਕਈ ਵਾਰ ਜਣੇਪਾ ਕੇਸਾਂ ਵਿੱਚ ਨਾਰਮਲ ਕੇਸ ਕਰਨ ਦੀ ਜਗ੍ਹਾਂ ਅਪਰੇਸ਼ਨ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਏ ਤਾਂ ਜੋ ਜਿਆਦਾ ਰਕਮ ਵਸੂਲੀ ਜਾਵੇ।

ਮੇਰੇ ਇੱਕ ਜਾਣਕਾਰ ਨਾਲ ਤਾ ਜੱਗੋਂ ਤੇਰਵੀਂ ਹੋਈ ਉਹ ਲੇਬਰ ਰੂਮ ਦੇ ਬਾਹਰ ਬੈਠੇ ਸਨ ਉਹਨਾਂ ਨੇ ਬੱਚੇ ਦੇ ਰੋਣ ਦੀ ਆਵਾਜ ਵੀ ਸੁਣੀ ਪਰ ਬਾਦ ਚ ਕਿਹਾ ਕਿ ਅਪਰੇਸ਼ਨ ਹੋ ਰਿਹਾ ਏ ਭਾਵ ਬੱਚੇ ਦਾ ਜਨਮ ਕੁਦਰਤੀ ਤਰੀਕੇ ਨਾਲ ਹੋਣ ਤੋਂ ਬਾਅਦ ਪੈਸਿਆਂ ਲਈ ਪੇਟ ਵੱਢ ਕੇ ਸਿਉ ਕੇ ਹੈਵਾਨੀਅਤ ਦਾ ਸਬੂਤ ਦਿੱਤਾ।

ਅਜਿਹੇ ਵੀ ਲੱਖਾਂ ਕੇਸ ਤੁਸੀ ਸੁਣੇ ਹੋਣਗੇ ਜਿੱਥੇ ਪੈਸੇ ਨਾ ਹੋਣ ਕਾਰਨ ਗਰਭਵਤੀ ਮਹਿਲਾ ਨੇ ਹਸਪਤਾਲ ਦੇ ਵਰਾਂਡੇ 'ਚ ਬੱਚੇ ਨੂੰ ਜਨਮ ਦਿੱਤਾ ਹੋਵੇਗਾ। ਕਈ ਵਾਰ ਮਰਿਆਂ ਦੇ ਆਕਸੀਜਨ ਲਾ ਕੇ ਕਈ-ਕਈ ਦਿਨ ਵੈਂਟੀਲੇਟਰ ਤੇ ਰੱਖਿਆ ਜਾਂਦਾ ਏ ਤੇ ਅਖੀਰ ਲੱਖਾਂ ਰੁਪਏ ਦਾ ਬਿੱਲ ਬਣਾ ਲਿਆ ਜਾਂਦਾ ਏ। ਇੱਕ ਵੱਡੇ ਹਸਪਤਾਲ ਦਾ ਇੱਕ ਦਿਨ ਦਾ ਬੈੱਡ ਦਾ ਕਿਰਾਇਆ ਹੀ ਪੰਜ ਹਜਾਰ ਦਾ ਇਸ ਤੋਂ ਵੱਧ ਹੁੰਦਾ ਹੈ ਭਲਿਓ ਲੋਕੋ ਐਸਾ ਕਿਹੜਾ ਬੈੱਡ ਨੇ ਬੰਦੇ ਨੂੰ ਅਸਮਾਨ ਦੇ ਸੈਰ ਕਰਵਾਈ ਸੀ ਏ ਸੀ ਨੇ ਤਿੰਨ ਸੌ ਤੋਂ ਵੱਧ ਰੁਪਏ ਦੀ ਬਿਜਲੀ ਨੀ ਖਾਧੀ ਹੋਈ ਚੌਵੀ ਘੰਟਿਆ 'ਚ ਤੇ ਸੌ ਰੁਪਏ ਪਾਣੀ ਤੇ ਸਫ਼ਾਈ ਦੇ ਲਾ ਲਓ ਕੁੱਝ ਪੰਜ ਸੌ ਰੁਪਏ ਖਰਚ ਹੋਏ ਹੋਣਗੇ।

ਇਹ ਤਸਵੀਰ ਤਾਂ ਪ੍ਰਾਈਵੇਟ ਹਸਪਤਾਲ ਦਾ ਸੀ ਹੁਣ ਗੱਲ ਕਰੀਏ ਸਰਕਾਰੀ ਹਸਪਤਾਲ ਦੀ ਜਿਹੜੇ ਕਿ ਨਾਂ ਦੇ ਹੀ ਹਸਪਤਾਲ ਨੇ ਬਾਕੀ ਇੱਥੇ ਪਰੇਸ਼ਾਨੀ ਤੋਂ ਸਿਵਾ ਕੁੱਝ ਵੀ ਨਹੀਂ, ਪਹਿਲਾਂ ਤਾ ਸਰਕਾਰ ਨੇ ਡਾਕਟਰਾਂ ਦੀ ਭਰਤੀ ਵਿੱਚ ਉਹਨਾਂ ਨੂੰ ਬੱਝਵੀ ਤਨਖਾਹ ਦੇ ਘੇਰੇ 'ਚੋਂ (10300) ਬਾਹਰ ਰੱਖਿਆ ਹੈ। ਸਿਰ.ਫ਼ ਡਾਕਟਰ ਹੀ ਹਨ ਜਿਹੜੇ ਸਰਕਾਰੀ ਨੌਕਰੀ ਲਗਦੇ ਹੀ ਸਾਰੀ ਤਨਖਾਹ ਸਮੇਤ ਭੱਤਿਆਂ ਦੇ ਲੈਣ ਦੇ ਹੱਕਦਾਰ ਨੇ ਬਾਕੀ ਸਾਰੇ ਵਿਭਾਗਾਂ ਦੇ ਪਹਿਲੇ ਤਿੰਨ ਸਾਲ ਸਿਰਫ ਮੁੱਢਲੀ ਤਨਖਾਹ ਹੀ ਦਿੱਤੀ ਜਾਂਦੀ ਹੈ। ਸੋ ਡਾਕਟਰ ਸ਼ੁਰੂ ਤੋਂ ਹੀ ਆਪਣੇ ਆਪ ਨੂੰ ਦੂਜਿਆਂ ਨਾਲੋਂ ਉੱਤਮ ਸਮਝਣਾ ਸ਼ੁਰੂ ਕਰ ਦਿੰਦੇ ਹਨ।

ਮੁੱਖ ਮੰਤਰੀ ਤੇ ਸਿਹਤ ਮੰਤਰੀ ਦਾ ਸ਼ਹਿਰ ਹੁੰਦੇ ਹੋਏ ਵੀ ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਮਰੀਜਾਂ ਦੀ ਖੱਜਣ-ਖੁਆਰੀ ਤੇ ਲੁੱਟ ਸਭ ਤਂ ਵੱਧ ਹੋ ਰਹੀ ਏ। ਇੱਥੇ ਸਵੇਰੇ ਅੱਠ ਵਜੇ ਡਾਕਟਰਾਂ ਦੇ ਕਮਰੇ ਖੋਲ ਕੇ ਏ.ਸੀ ਚਲਾ ਦਿੱਤੇ ਜਾਂਦੇ ਹਨ ਪਰਚੀਆਂ ਤੇ ਨੰਬਰ ਲਗਾ ਕੇ ਭੁੱਖੇ ਤੇ ਬਿਮਾਰ ਮਰੀਜਾਂ ਨੂੰ ਲਾਇਨਾਂ 'ਚ ਲਗਾ ਦਿੱਤਾ ਜਾਂਦਾ ਹੈ ਦਸ ਵਜੇ ਤੱਕ ਇਹੀ ਕਿਹਾ ਜਾਂਦਾ ਹੈ ਕਿ ਡਾਕਟਰ ਰਾਉਂਡ ਤੇ ਹੈ ਫਿਰ ਦਸ ਵਜੇ ਕਿਹਾ ਜਾਵੇਗਾ ਕਿ ਦੂਜੇ ਡਾਕਟਰ ਨੂੰ ਦਿਖਾ ਲਓ ਇਹ ਡਾਕਟਰ ਨਹੀ ਆਇਆ ਜੇ ਆਇਆ ਹੀ ਨਹੀ ਤਾਂ ਰਾਉਂਡ ਕੀ ਭੂਤ ਬਣਕੇ ਲਾ ਗਿਆ। ਸਵੇਰ ਅੱਠ ਵਜੇ ਹੀ ਕਿਉ ਨਾ ਕਿਹਾ ਗਿਆ ਕਿ ਡਾਕਟਰ ਛੁੱਟੀ ਤੇ ਹੈ ਕਿਉਂਕਿ ਬਹੁਤੇ ਮਰੀਜਾਂ ਨੂੰ ਟੈਸਟ ਕਰਾਉਣ ਕਰਕੇ ਖਾਲੀ ਪੇਟ ਬੁਲਾਇਆ ਗਿਆ ਹੁੰਦਾ ਏ। ਰਜਿੰਦਰਾ ਦੇ ਕਈ ਡਾਕਟਰ ਡਿਊਟੀ ਦੇ ਟਾਇਮ ਵੀ ਬਾਹਰ ਮਰੀਜ ਵੇਖਦੇ ਹਨ। ਜਦੋਂ ਇਹਨਾਂ ਨੂੰ ਸਰਕਾਰ ਇੰਨੀ ਤਨਖਾਹ ਦਿੰਦੇ ਏ ਤਾਂ ਘਰ ਮਰੀਜ ਦੇਖਣ ਤੇ ਪਬੰਧੀ ਕਿਉਂ ਨਹੀ ਲਗਾਈ ਜਾਂਦੀ। ਕਈ ਵੱਡੇ ਵੱਡੇ ਡਾਕਟਰ ਜਿੰਨ੍ਹਾਂ ਦੇ ਨਾ ਨਾਲ ਪ੍ਰੋਫੈਸਰ ਦਾ ਬੋਰਡ ਕਮਰੇ ਅੱਗੇ ਲਾਇਆ ਏ ਉਹ ਤਾਂ ਬਸ ਬੈਠ ਕੇ ਦਿਨ ਪੂਰਾ ਕਰਦੇ ਨੇ ਸਾਰੇ ਮਰੀਜ ਟਰੇਨਿੰਗ ਲੈ ਰਹੇ ਅਨਟਰੇਡ ਡਾਕਟਰ ਹੀ ਵੇਖਦੇ ਨੇ। ਨਾ ਡਾਕਟਰ ਉਹਨਾਂ ਨੂੰ ਦੱਸਦੇ ਨੇ ਨਾ ਦੇਖਦੇ ਨੇ ਵੀ ਕਿਹੜੀ ਦਵਾਈ ਲਿਖੀ ਏ ਮੰਨਿਆ ਕਿ ਉਹਨਾਂ ਚੋ ਕੁੱਝ MBBS ਪਾਸ ਨੇ ਉਹ MD ਕਰ ਰਹੇ ਹੋਣਗੇ ਪਰ ਹੈ ਤਾਂ ਉਹ ਸਿੱਖਿਆਰਥੀ ਹੀ ਹਨ। ਅਸੀਂ ਉਹਨਾਂ ਨੂੰ ਨਾਲ ਬਿਠਾ ਸਕਦੇ ਹਾਂ ਪਰ ਇਹ ਤਾਂ ਨਹੀ ਕਿ ਚੈਕਅੱਪ ਵੀ ਉਹੀ ਕਰਨ ਤੇ ਦਵਾਈ ਵੀ ਉਹੀ ਦੇਣ। ਜੇਕਰ ਸਾਰਾ ਕੰਮ ਉਹਨਾਂ ਨੇ ਹੀ ਕਰਨਾ ਹੈ ਤਾ ਫਿਰ ਉਹ ਆਪ ਡਾਕਟਰ ਲੱਖ ਰੁਪਏ ਤਨਖਾਹ ਕੀ ਕਰਨ ਦੀ ਲੈਂਦਾ ਏ। ਇੱਥੇ ਜਾਓ ਉੱਥੇ ਜਾਓ ਬੁੱਧਵਾਰ ਆਉ ਵੀਰਵਾਰ ਆਉ। ਅਸੀ ਮਰੀਜ ਦਾ ਇਲਾਜ ਕਰਨਾ ਏ ਜਾ ਉਸਨੂੰ ਭੰਬਲਭੂਸੇ 'ਚ ਪਾਉਣਾ ਹੈ। ਇਹਨਾਂ ਮਹਾਨ ਡਾਕਟਰਾਂ ਦੀ ਲਿਖਾਈ ਤੁਸੀ ਕਦੇ ਨਹੀ ਪੜ੍ਹ ਸਕਦੇ। ਤੁਸੀ ਵਿਉ ਮਾਤਾ ਦੁਆਰਾ ਲਿਖੀ ਮੱਥੇ ਦੀ ਤਕਦੀਰ ਵੀ ਪੜ ਲ ?ਗੇ। ਪਰ ਡਾਕਟਰ ਦੀ ਲਿਖਾਈ ਨਹੀ। ਇਹ ਤਾਂ ਉਹ ਮੈਡੀਕਲ ਸਟੋਰ ਵਾਲਾ ਹੀ ਪੜ ਸਕੇਗਾ ਜਿਹੜਾਂ 30 ਤੋਂ 40 ਪ੍ਰਸੈਂਟ ਕਮੀਸ਼ਨ ਡਾਕਟਰ ਨੂੰ ਦੇਵੇਗਾ। ਇਕ ਸ.ਫ਼ਾਈ ਕਮਚਾਰੀ ਵੀ ਲੋਕਾਂ ਨੂੰ ਦੁਕਾਨ ਦੱਸਦਾ ਕਿ ਉਸ ਦੁਕਾਨ ਤੋਂ ਦਵਾਈ ਲਿਓ। ਕਈ ਡਾਕਟਰਾਂ ਨੇ ਤਾਂ ਪ੍ਰਚਾਰ ਲਈ ਬੰਦੇ ਰੱਖੇ ਨੇ ਜੋ ਤੁਹਾਨੂੰ ਲੈਬ ਤੇ ਮੈਡੀਕਲ ਸਟੋਰ ਦੱਸਣਗੇ। ਗੰਦਗੀ ਪਸਰੀ ਹੋਈ ਹੈ ਜਿੱਥੇ ਚੰਗਾ ਭਲਾ ਬੰਦਾ ਵੀ ਬਿਮਾਰ ਹੋ ਜਾਵੇ। ਸਰਕਾਰ ਦੀ ਆਮਦਨ ਦਾ ਇੱਕ ਤਿਹਾਈ ਹਿੱਸਾ ਤਾਂ ਸਿਹਤ ਵਿਭਾਗ ਤੇ ਖਰਚ ਹੋ ਜਾਂਦਾ ਹੈ। ਪਰ ਸਹੂਲਤਾਂ ਫਿਰ ਵੀ ਨਹੀਂ। ਮੁ.ਫ਼ਤ ਸਿਹਤ ਸਹੂਲਤ ਹਰ ਨਾਗਰਿਕ ਦਾ ਅਧਿਕਾਰ ਹੈ ਇਹ ਕੋਈ ਖੈਰਾਤ ਨਹੀਂ ਕਿਉਂਕਿ ਲੋਕਾਂ ਨੇ ਸਰਕਾਰ ਭਲਾਈ ਲਈ ਚੁਣੀ ਏ ਨਾ ਕਿ ਵਕਤ ਗੁਜਾਰੇ ਲਈ। ਹਰ ਨਾਗਰਿਕ ਹਰ ਵਸਤੂ ਖਰੀਦਣ ਸਮੇਂ ਟੈਕਸ ਦਿੰਦਾ ਹੈ ਤਾਂ ਉਹ ਹਰ ਸਹੂਲਤ ਦਾ ਹੱਕਦਾਰ ਏ। ਸਰਕਾਰ ਨੂੰ ਬੇਨਤੀ ਹੈ ਕਿ ਘੱਟੋ ਘੱਟ ਰਜਿੰਦਰਾ ਹਸਪਤਾਲ ਵੱਲ ਤੇ ਥੋੜਾ ਧਿਆਨ ਦਿਓ। ਮਾਣਯੋਗ ਕਿਸ਼ਨ ਕੁਮਾਰ ਜੀ ਨੇ ਜਿਸ ਤਰ੍ਹਾਂ ਸਿੱਖਿਆ ਵਿਭਾਗ 'ਚ ਸੁਧਾਰ ਕੀਤਾ ਹੈ। ਸ. ਨੌਰੰਗ ਸਿੰਘ ਜੀ ਨੇ ਪੀ.ਆਰ.ਟੀ.ਸੀ. 'ਚ ਕੀਤਾ ਉਹ ਇੱਕ ਉਦਾਹਰਣ ਹੈ। ਇਸੇ ਤਰ੍ਹਾਂ ਕਿਸੇ ਯੋਗ ਅ.ਫ਼ਸਰ ਨੂੰ ਸਿਹਤ ਵਿਭਾਗ ਦੀ ਵਾਂਗਡੋਰ ਸੌਂਪੀ ਜਾਵੇ। ਟੀਮਾ ਬਣਾ ਕੇ ਡਾਕਟਰੀ ਅਮਲੇ ਦੀ ਚੈਕਿੰਗ ਕੀਤੀ ਜਾਵੇ ਤੇ ਫਰਲੋ ਬੰਦ ਕੀਤੀ ਜਾਵੇ ਮੋਟੋ ਕਮੀਸ਼ਨ ਤੇ ਘਰ 'ਚ ਮਰੀਜ ਦੇਖਣੇ ਬੰਦ ਕੀਤੇ ਜਾਣ। ਚਿਰਾਂ ਤੋਂ ਮਰੀ ਜਮੀਰ ਜਗਾਉਣ ਲਈ ਤੱਕ ਕੁੱਝ ਮਿਹਨਤ ਤੇ ਕਰਨੀ ਹੀ ਪਵੇਗੀ।

**ਹਰਚਰਨ ਕੌਰ**
**ਮੋ: 99158-06550**



# ਵਿਦੇਸ਼ਾਂ ਚ ਫਸੇ ਜਵਾਨਾਂ ਵਾਂਗ ਨਸ਼ੇ ਚ ਫਸਿਆ ਨੂੰ ਵੀ ਬਚਾਉਣ ਮੰਤਰੀ

ਹਰ ਰੋਜ ਹੀ ਅਖਬਾਰਾਂ ਵਿੱਚ ਪੜ੍ਹਦੇ ਹਾਂ।ਸੋਸ਼ਲ ਮੀਡੀਏ ਉੱਪਰ ਵੇਖਦੇ ਹਾਂ। ਕਿਵੇਂ ਨਾ ਕਿਵੇਂ ਕਰਕੇ ਵਿਦੇਸ਼ਾਂ ਵਿੱਚ ਬਹੁਤ ਨੋਜਵਾਨ ਫਸ ਜਾਂਦੇ ਹਨ।ਓਥੇ ਫਿਰ ਅਸੀਂ ਵੇਖਦੇ ਸੁਣਦੇ ਹਾਂ। ਕਿ ਓਹ ਮੰਤਰੀ ਨੇ ਵਿਦੇਸ਼ਾਂ ਵਿੱਚ ਫਸ਼ੇ ਨੋਜਵਾਨਾਂ ਨੂੰ ਬਚਾਇਆ।ਓਹਨਾਂ ਦੇ ਪਰਿਵਾਰਾਂ ਦੀ ਸਾਰ ਲਈ।ਓਹਨਾਂ ਨੋਜਵਾਨਾਂ ਨੂੰ ਓਹਨਾਂ ਦੇ ਪਰਿਵਾਰਾਂ ਤੱਕ ਪਹੁੰਚਾਓਂਣ ਦਾ ਯਤਨ ਕਰ ਰਹੇ ਹਨ।ਬਹੁਤ ਵਧੀਆ ਗੱਲ ਹੈ ।ਕਿਸੇ ਮਾਂ ਪਿਓ ਦਾ ਪੁੱਤ ਓਹਨਾਂ ਕੋਲ ਸਹੀ ਸਲਾਮਤ ਆ ਜਾਂਦਾ ਹੈ।ਜੋ ਸੱਤ ਸਮੁੰਦਰੋਂ ਪਾਰ ਬੈਠਾ ਹੁੰਦਾ ਹੈ।ਇਸ ਤਰ੍ਹਾਂ ਕਰਨ ਵਾਲਿਆਂ ਨੂੰ ਸਲਾਮ ਵੀ ਕਰਦੇ ਹਾਂ।ਜੋ ਮੰਤਰੀ ਇਸ ਤਰ੍ਹਾਂ ਦੇ ਕਾਰਜ ਕਰਦੇ ਹਨ।

ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ।ਮੇਰੇ ਮੁਲਕ ਦੇ ਨੋਜਵਾਨ ਨਸ਼ੇ ਦੀ ਦਲਦਲ ਵਿੱਚ ਫਸੇ ਪਏ ਹਨ।ਜਿੰਨਾਂ ਦੇ ਮਾਪੇ ਦਰ ਦਰ ਬਿਰ ਬਿਰ ਕਰਦੇ ਫਿਰਦੇ ਹਨ।ਨਸ਼ੇ ਨੇ ਕਿੰਨੇ ਹੀ ਮਾਵਾਂ ਦੇ ਪੁੱਤ ਸਦਾ ਲਈ ਦੂਰ ਕਰ ਦਿੱਤੇ ਹਨ।ਕਿੰਨੇ ਘਰਾਂ ਦੇ ਚਿਰਾਗ ਬੁਝਾ ਦਿੱਤੇ ਹਨ।ਘਰਾਂ ਦੇ ਘਰ ਉਜਾੜ ਦਿੱਤੇ ਹਨ।ਹੱਥ ਜੋੜਕੇ ਬੇਨਤੀ ਹੈ ਅਜਿਹੇ ਮੰਤਰੀਆਂ ਨੂੰ ਕਿ ਆਪਣੇ ਹੀ ਮੁਲਕ ਚ ਨਸ਼ੇ ਦੀ ਲਤ ਚ ਫਸਿਆ ਨੂੰ ਬਚਾ ਲੈਣ।ਇਹਨਾਂ ਨੋਜਵਾਨਾਂ ਨੂੰ ਇਸ ਸਮੁੰਦਰ ਚੋਂ ਕੱਢ ਲੈਣ।ਬਹੁਤ ਬੁਰਾ ਹਾਲ ਹੋ ਗਿਆ ਹੈ।ਪਿੰਡਾਂ ਵਿੱਚ ਨਿੱਕੇ ਨਿੱਕੇ ਜਵਾਕ ਹੀ ਚਿੱਟੇ ਦੇ ਆਦੀ ਹੋ ਗਏ ਹਨ।ਹਾਲ ਵੇਖ ਨਹੀਂ ਹੁੰਦੇ।ਸਰੀਰ ਜਵਾਬ ਦੇ ਰਹੇ ਹਨ।ਬਚੇ ਤਾਂ ਫਿਰਦੇ ਆ ਪਰ ਜਿਓਂਦੇ ਨਹੀਂ।ਬਚਾ ਲਓ ਪਨੀਰੀ ਖਤਮ ਹੋਣ ਦੇ ਕਿਨਾਰੇ ਹੈ।ਮਾਪਿਆਂ ਦੇ ਮੂੰਹਾਂ ਚ ਜੁਬਾਨ ਨਹੀਂ ਜਿੰਨਾਂ ਦੇ ਜਵਾਨ ਪੁੱਤਾਂ ਦੇ ਸਰੀਰਾਂ ਚ ਜਾਨ ਨਹੀਂ।ਸਿਵੇ ਬੁਜਣ ਦਾ ਨਾਮ ਨਹੀਂ ਲੈਂਦੇ।ਬੁੱਢੇ ਬਾਪੂ ਨੂੰ ਮੋਢਾ ਦਿੰਦੇ ਹਰ ਰੋਜ ਵੇਖਦੇ ਹਾਂ ਅਰਥੀ ਨੂੰ।ਜੋ ਵਿਦੇਸ਼ਾਂ ਚੋਂ ਪੁੱਤ ਬਚਾ ਕੇ ਲਿਓਂਦੇ ਆ।ਓਹ ਮੰਤਰੀ ਆਪਣੀ ਪਨੀਰੀ ਨੂੰ ਨਸ਼ੇ ਦੀ ਦਲਦਲ ਚੋਂ ਕੱਢਣ ਦੀ ਖੇਚਲਾ ਕਰਨ।ਜਵਾਨੀ ਨਾਲ ਮਜਾਕ ਨਾ ਕੀਤੇ ਜਾਣ।ਰੁਜ਼ਗਾਰ ਦੇ ਨਾਮ ਤੇ ਸਰੇਆਮ ਮਜਾਕ ਹੁੰਦੇ ਹਨ।ਦੂਜੇ ਪਾਸੇ ਸਮਾਰਟ ਫੋਨਾਂ ਵੰਡੇ ਜਾਣਗੇ ।ਇਹ ਕਹਿ ਕਿ ਮਜਾਕ ਹੀ ਹੋ ਰਹੇ ਹਨ।ਫੋਨ ਸਭ ਕੋਲ ਹੈ ।ਹੱਥ ਜੋੜਕੇ ਬੇਨਤੀਆ ਕਿ ਜਵਾਨੀ ਨੂੰ ਬਚਾ ਲਓ।ਨਸ਼ਾ ਆਓਂਦਾ ਕਿੱਥੋਂ ਹੈ ? ਕੌਣ ਲੈ ਕੇ ਆਓਂਦਾ ਹੈ ? ਕੌਣ ਲੰਘਵਾ ਰਿਹਾ ਹੈ ?ਕੌਣ ਵੇਚਦਾ ਹੈ ਤੇ ਕੌਣ ਵਿਕਾ ਰਿਹਾ ਹੈ ? ਇਹਨਾਂ ਸਵਾਲਾਂ ਵੱਲ ਗੌਰ ਕੀਤੀ ਜਾਵੇ।ਬਚਾਇਆ ਜਾਵੇ ਜਵਾਨੀ ਨੂੰ ਮਾਰਿਆ ਨਾ ਜਾਵੇ।

**ਮੱਖਣ ਸ਼ੇਰੋਂ ਵਾਲਾ 98787-98726**

# ਕੀ ਮੈਂ ਕੁਦਰਤੀ ਜੀਵ ਨਹੀਂ?





ਕੌਰ ਕਿਰਨਪ੍ਰੀਤ
+4368864013133

ਲਿੰਗ“ ਜਿਸ ਨੂੰ ਅਸੀਂ ਅੰਗਰੇਜ਼ੀ ਵਿੱਚ “ਜੈਂਡਰ“ ਵੀ ਕਹਿੰਦੇ ਹਾਂ ਜਿਸ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕੋਈ ਵੀ ਜੀਵ ਮਰਦ ਹੈ ਜਾਂ ਫਿਰ ਔਰਤ। ਇਨਸਾਨਾਂ, ਜਾਨਵਰਾਂ, ਕੀੜੇ - ਮਕੌੜੇ ਅਤੇ ਹੋਰ ਜੀਵ ਜੰਤੂਆਂ ਦੀ ਪਹਿਚਾਣ ਅਸੀਂ ਉਸ ਦੇ ਲਿੰਗ ਤੋਂ ਹੀ ਕਰਦੇ ਹਾਂ। ਇਨਸਾਨ ਦੀ ਪ੍ਰਜਾਤੀ ਵਿੱਚ ਕੁਦਰਤ ਨੇ ਬਹੁਗਿਣਤੀ ਵਿੱਚ ਦੋ ਲਿੰਗ ਬਣਾਏ ਹਨ -ਇੱਕ ਹੈ ਔਰਤ ਅਤੇ ਦੂਸਰਾ ਹੈ ਮਰਦ।

ਪਰ ਇਸ ਵਿੱਚ ਇੱਕ ਹੋਰ ਲਿੰਗ ਵੀ ਆਉਂਦਾ ਹੈ ਜਿਸ ਨੂੰ ਅਸੀਂ “ਤੀਸਰਾ ਲਿੰਗ“ ਆਖਦੇ ਹਾਂ। ਆਮ ਭਾਸ਼ਾ ਵਿੱਚ ਲੋਕ ਇਨ੍ਹਾਂ ਨੂੰ ਕਿੰਨਰ ਜਾਂ ਖੁਸਰੇ ਆਖ ਕੇ ਬੁਲਾਉਂਦੇ ਹਨ। ਅਸਲ ਵਿੱਚ ਕੁਦਰਤ ਨੇ ਅਜਿਹੇ ਲੋਕਾਂ ਵਿੱਚ ਔਰਤ ਅਤੇ ਮਰਦ ਦੋਹਾਂ ਦੇ ਹਾਰਮੋਨ ਪਾਏ ਹੁੰਦੇ ਹਨ ਜਿਸ ਨਾਲ ਨਾ ਤਾਂ ਇਹ ਲੋਕ ਪੂਰੇ ਮਰਦ ਹੁੰਦੇ ਹਨ ਤੇ ਨਾ ਹੀ ਔਰਤ।

ਸਦੀਆਂ ਤੋਂ ਇਹ ਦੇਖਣ ਨੂੰ ਮਿਲਦਾ ਆਇਆ ਹੈ ਕਿ ਬਹੁ ਗਿਣਤੀ ਦੇ ਲੋਕ ਘੱਟ ਗਿਣਤੀ ਤੇ ਆਪਣਾ ਪ੍ਰਭਾਵ ਪਾਉਂਦੇ ਆਏ ਹਨ। ਉਨ੍ਹਾਂ ਨੂੰ ਹਮੇਸ਼ਾ ਦਬਾ ਕੇ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ ਤੀਸਰੇ ਲਿੰਗ ਦੇ ਲੋਕਾਂ ਨੂੰ ਵੀ ਸਾਡੇ ਸਮਾਜ ਵਿੱਚ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਅਤੇ ਕਾਫੀ ਹੱਦ ਤੱਕ ਹੁਣ ਵੀ ਕਰਨਾ ਪੈ ਰਿਹਾ ਹੈ।ਲੋਕ ਇਨ੍ਹਾਂ ਨੂੰ ਬਨਦਾ ਸਤਿਕਾਰ ਨਹੀਂ ਦਿੰਦੇ। ਸਾਡੀ ਤ੍ਰਾਸਦੀ ਇੱਥੋਂ ਤੱਕ ਹੈ ਕਿ ਜੇਕਰ ਕਿਸੇ ਘਰ ਵਿੱਚ ਕਿੰਨਰ ਪੈਦਾ ਹੋ ਜਾਵੇ ਤਾਂ ਮਾਤਮ ਜਿਹਾ ਮਾਹੌਲ ਹੁੰਦਾ ਹੈ ਅਤੇ ਉਹ ਬੱਚੇ ਨੂੰ ਆਪਣੀ ਘਰ ਨਹੀਂ ਰੱਖਦੇ ਤੇ ਕਿੰਨਰਾਂ ਦੇ ਕਿਸੇ ਟੋਲੇ ਨੂੰ ਸੌਂਪ ਦਿੰਦੇ ਹਨ! ਲੋਕਾਂ ਦਾ ਕਿੰਨਰਾਂ ਪ੍ਰਤੀ ਇਸ ਤਰ੍ਹਾਂ ਦਾ ਨਜ਼ਰੀਆ ਨਿੰਦਣਯੋਗ ਹੈ ਇੱਕ ਪਾਸੇ ਤਾਂ ਅਸੀ ਕੁਦਰਤ ਦੇ ਕਾਦਰ ਦੀਆਂ ਗੱਲਾਂ ਕਰਕੇ ਮਹਾਨ ਬਣਦੇ ਹਾਂ ,ਪਰ ਦੂਸਰੇ ਹੀ ਪਾਸੇ ਅਸੀਂ ਕੁਦਰਤ ਦੇ ਇਸ ਪ੍ਰਾਣੀ ਨਾਲ ਪਸ਼ੂਆਂ ਨਾਲੋਂ ਵੀ ਬੁਰਾ ਵਤੀਰਾ ਕਰਕੇ ਉਸ ਦੀ ਸਾਰੀ ਜ਼ਿੰਦਗੀ ਖਰਾਬ ਕਰ ਦਿੰਦੇ ਹਾਂ। ਅਸੀਂ ਆਮ ਦੇਖਦੇ ਹਾਂ ਕਿ ਸਾਡੇ ਘਰਾਂ ਵਿੱਚ ਖੁਸ਼ੀ ਦੇ ਮੌਕੇ ਖਾਸ ਤੌਰ ਤੇ ਜਦੋਂ ਕੋਈ ਵੀ ਬੱਚਾ ਪੈਦਾ ਹੁੰਦਾ ਹੈ ਤਾਂ ਕਿੰਨਰ ਸਾਡੇ ਘਰ ਆ ਕੇ ਸਾਨੂੰ ਦੁਆਵਾਂ ਦਿੰਦੇ ਹਨ ਤੇ ਕੁਝ ਪੈਸੇ ਲੈ ਕੇ ਜਾਂਦੇ ਹਨ। ਅਸਲ ਵਿੱਚ ਇਹ ਵੀ ਮੰਗਣਾ ਹੀ ਹੁੰਦਾ ਹੈ ਆਪਣਾ ਢਿੱਡ ਭਰਨ ਲਈ ਉਹ ਲੋਕਾਂ ਦੇ ਦਰ - ਦਰ ਤੇ ਜਾ ਕੇ ਉਨ੍ਹਾਂ ਨੂੰ ਦੁਆਵਾਂ ਦੇ ਕੇ ਕੁਝ ਪੈਸੇ ਲੈ ਆਪਣਾ ਢਿੱਡ ਭਰਦੇ ਹਨ।

ਬੇਸ਼ੱਕ ਸਾਡੇ ਦੇਸ਼ ਵਿੱਚ ਬਹੁਤ ਸੰਘਰਸ਼ ਤੋਂ ਬਾਅਦ 15 ਅਪਰੈਲ 2014 ਵਿੱਚ ਕਿੰਨਰਾਂ ਲਈ ਸੁਪਰੀਮ ਕੋਰਟ ਨੇ ਇਕ ਕਾਨੂੰਨ ਬਣਾ ਦਿੱਤਾ ਸੀ ਕਿ ਹੁਣ ਤੀਸਰਾ ਲਿੰਗ ਵੀ ਆਮ ਲੋਕਾਂ ਦੀ ਤਰ੍ਹਾਂ ਸਾਰੇ ਹੱਕਾਂ ਦਾ ਅਧਿਕਾਰੀ ਹੈ ਉਸ ਨੂੰ ਵੀ ਆਪਣੀ ਜ਼ਿੰਦਗੀ ਜਿਉਣ ਦਾ ਪੂਰਾ ਹੱਕ ਹੈ ਪਰ ਸਾਡੇ ਲੋਕਾਂ ਦੀ ਸੋਚ ਅਤੇ ਨਜ਼ਰੀਆ ਹਜੇ ਤੱਕ ਵੀ ਕਿੰਨਰਾਂ ਪ੍ਰਤੀ ਉੱਪਰ ਨਹੀਂ ਉੱਠ ਸਕਿਆ। ਬਾਹਰਲੇ ਦੇਸ਼ਾਂ ਵਿੱਚ ਕਿੰਨਰ ਆਮ ਲੋਕਾਂ ਵਿੱਚ ਆਮ ਰਹਿਣ ਸਹਿਣ ਵਿੱਚ ਰਹਿੰਦੇ ਹਨ। ਕੋਈ ਵੀ ਉਨ੍ਹਾਂ ਨਾਲ ਇਸ ਗੱਲ ਤੋਂ ਵਿਤਕਰਾ ਨਹੀਂ ਕਰ ਸਕਦਾ ਕਿ ਉਹ ਕਿੰਨਰ ਹੈ ਅਤੇ ਉਹ ਉਸ ਨੂੰ ਕੰਮ ਨਹੀਂ ਦੇਵੇਗਾ ਜਾਂ ਉਸ ਤੋਂ ਕੋਈ ਵੀ ਹੱਕ ਖੋਹਿਆ ਜਾਵੇਗਾ। ਪਰ ਸਾਡੇ ਦੇਸ਼ ਵਿੱਚ ਕਿੰਨਰ ਜਾਂ ਤਾਂ ਸਿਰਫ਼ ਮੰਗ ਕੇ ਆਪਣਾ ਢਿੱਡ ਭਰਦੇ ਹਨ ਤੇ ਜਾਂ ਫਿਰ ਸੈਕਸ ਧੰਦੇ ਨਾਲ ਆਪਣਾ ਗੁਜ਼ਰ ਗੁਜ਼ਾਰਾ ਚਲਾਉਂਦੇ ਹਨ।

ਪਰ ਅੱਜ ਸਾਨੂੰ ਇੱਕ ਵਾਰ ਆਪਣੀ ਸੋਚ ਪ੍ਰਤੀ ਜ਼ਰੂਰ ਸੁਚੇਤ ਹੋਣਾ ਚਾਹੀਦਾ ਹੈ ਤੇ ਆਪਣੇ ਅੰਦਰ ਵੱਲ ਝਾਤੀ ਮਾਰਨੀ ਚਾਹੀਦੀ ਹੈ। ਜਿਸ ਤਰ੍ਹਾਂ ਅਸੀਂ ਸਾਰੇ ਇੱਕ ਦੂਸਰੇ ਤੋਂ ਸਨਮਾਨ ਪਿਆਰ ਦੀ ਆਸ ਰੱਖਦੇ ਹਾਂ ਠੀਕ ਉਸੇ ਤਰ੍ਹਾਂ ਇਨ੍ਹਾਂ ਲੋਕਾਂ ਵਿੱਚ ਵੀ ਭਾਵਨਾਵਾਂ ਹੁੰਦੀਆਂ ਨੇ। ਇਨ੍ਹਾਂ ਦਾ ਇਸ ‘ਚ ਕੀ ਕਸੂਰ ਏ? ਇਹ ਲੋਕ ਵੀ ਆਪਣੀ ਜ਼ਿੰਦਗੀ ਨੂੰ ਹੱਸ ਖੇਡ ਕੇ ਬਿਤਾਉਣਾ ਚਾਹੁੰਦੇ ਨੇ। ਆਮ ਲੋਕਾਂ ਦੀ ਤਰ੍ਹਾਂ ਪੜ੍ਹਨਾ -ਲਿਖਣਾ ,ਵੱਡੇ ਅਹੁਦਿਆਂ ਤੇ ਕੰਮ ਕਰਨਾ, ਭੈਣ- ਭਰਾਵਾਂ ,ਮਾਤਾ - ਪਿਤਾ ਦਾ ਪਿਆਰ ਇਨ੍ਹਾਂ ਲਈ ਵੀ ਇਹ ਸਭ ਚੀਜ਼ਾਂ ਜ਼ਰੂਰੀ ਨੇ। ਇਨ੍ਹਾਂ ਦੇ ਦਿਲ ਨੂੰ ਵੀ ਪਿਆਰ ਅਤੇ ਸਨਮਾਨ ਦੀ ਲੋੜ ਹੁੰਦੀ ਹੈ ਪਰ ਸਾਡੇ ਲੋਕ ਤਾਂ ਕਈ ਇਸ ਕਦਰ ਗਿਰ ਚੁੱਕੇ ਹਨ ਕਿ ਜੇਕਰ ਉਹ ਕਿਸੇ ਨੂੰ ਲੜਾਈ ਵਿੱਚ ਗਾਲ ਕੱਢਣੀ ਹੋਵੇ ਤਾਂ ਦੂਸਰੇ ਨੂੰ ਖੁਸਰਾ ਜਾਂ ਕਿੰਨਰ ਆਖ ਦਿੰਦੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਸਾਡੀ ਮਾਨਸਿਕਤਾ ਕਿੰਨੀ ਗਿਰੀ ਹੋਈ ਹੈ। ਅਸੀਂ ਇਨ੍ਹਾਂ ਲੋਕਾਂ ਨੂੰ ਸਨਮਾਨ ਤਾਂ ਕੀ ਦੇਣਾ ਸੀ ਅਸੀਂ ਇਨ੍ਹਾਂ ਨੂੰ ਆਪਣੇ ਆਪ ਤੋਂ ਇੰਨਾ ਦੂਰ ਕਰ ਦਿੱਤਾ ਕਿ ਇਨ੍ਹਾਂ ਦੀ ਜ਼ਿੰਦਗੀ ਨੂੰ ਨਰਕ ਬਣਾ ਦਿੱਤਾ। ਆਖਿਰ ਕਦੋਂ ਤੱਕ ਅਸੀਂ ਇਨ੍ਹਾਂ ਲੋਕਾਂ ਨਾਲ ਵਿਤਕਰਾ ਕਰ ਪਾਪ ਦੇ ਭਾਗੀ ਬਣਦੇ ਰਹਾਂਗੇ। ਸਾਨੂੰ ਗੁਰੂ ਨਾਨਕ ਦੇਵ ਜੀ ਦੇ ਬਚਨ “ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ “ ਨੂੰ ਸਮਝਣਾ ਅਤੇ ਵਿਚਾਰਨਾ ਚਾਹੀਦਾ ਹੈ।

ਜਿਸ ਰੱਬ ਨੂੰ ਅਸੀ ਪੂਜਦੇ ਹਾਂ ਹਜ਼ਾਰਾਂ ਹੀ ਮੰਦਰ, ਗੁਰਦੁਆਰੇ , ਮਸੀਤਾਂ ਬਣਾ ਲਏ ਹਨ। ਉਸ ਰੱਬ ਦੇ ਜੀਵ ਨਾਲ ਇਸ ਤਰ੍ਹਾਂ ਬੁਰਾ ਵਿਹਾਰ ਸਾਡੇ ਲਈ ਬਹੁਤ ਮਾੜੀ ਗੱਲ ਹੈ। ਅੱਜ ਬੇਸ਼ੱਕ ਕੁਝ ਲੋਕਾਂ ਨੇ ਸੰਘਰਸ਼ ਕਰ ਆਪਣੇ ਆਪ ਨੂੰ ਦੁਨੀਆਂ ਦੇ ਸਾਹਮਣੇ ਸਾਬਿਤ ਕੀਤਾ ਹੈ ਕਿ ਤੀਸਰਾ ਲਿੰਗ ਹੋਣਾ ਮਾੜੀ ਗੱਲ ਨਹੀਂ ਇਹ ਕੋਈ ਗਾਲ ਨਹੀਂ ਬਲਕਿ ਰੱਬ ਦੀ ਬਣਾਈ ਹੋਈ ਹੀ ਇੱਕ ਰਚਨਾ ਹੈ। ਪਰ ਜਦੋਂ ਤੱਕ ਆਮ ਲੋਕਾਂ ਦਾ ਨਜ਼ਰੀਆ ਇਨ੍ਹਾਂ ਪ੍ਰਤੀ ਨਹੀਂ ਬਦਲਦਾ ਕਾਨੂੰਨ ਵੀ ਇੱਕ ਹੱਦ ਤੱਕ ਹੀ ਲਾਹੇਵੰਦ ਹੋ ਸਕਦਾ ਹੈ। ਜਦੋਂ ਆਮ ਲੋਕ ਆਪਣੀ ਸੋਚ ਨੂੰ ਇਨ੍ਹਾਂ ਲੋਕਾਂ ਪ੍ਰਤੀ ਬਦਲਣਗੇ ਤਾਂ ਹੀ ਸਾਡਾ ਸਮਾਜ ਅੱਗੇ ਜਾ ਸਕਦਾ ਹੈ। ਭਾਈਚਾਰਕ ਸਾਂਝ ਬਣ ਸਕਦੀ ਹੈ।ਅਸਲ ਵਿੱਚ ਅਸੀਂ ਕਦੇ ਨਹੀਂ ਸੋਚਦੇ ਕਿ ਇਸ ਵਿੱਚ ਇਨ੍ਹਾਂ ਲੋਕਾਂ ਦਾ ਕੀ ਕਸੂਰ ਹੈ? ਬੱਸ ਅਸੀਂ ਉਨ੍ਹਾਂ ਨੂੰ ਆਪਣੀ ਘਰ ਵਿੱਚ ਨਹੀਂ ਰੱਖਣਾ ਚਾਹੁੰਦੇ ਕਿਉਂਕਿ ਨਾ ਹੀ ਉਹ ਔਰਤ ਹੈ ਤੇ ਨਾ ਹੀ ਮਰਦ। ਪਰ ਉਨ੍ਹਾਂ ਨੂੰ ਵੀ ਆਪਣੀ ਜ਼ਿੰਦਗੀ ਜਿਉਣ ਦਾ ਹੱਸਣ ਖੇਡਣ ਦਾ ਤੇ ਪਿਆਰ ਲੈਣ ਦਾ ਪੂਰਾ ਅਧਿਕਾਰ ਹੈ। ਆਓ ! ਅੱਜ ਅਸੀਂ ਸਾਰੇ ਆਪਣੇ ਨਜ਼ਰੀਏ ਨੂੰ ਬਦਲੀਏ ਅਤੇ ਸਭ ਨੂੰ ਉਨ੍ਹਾਂ ਦਾ ਬਣਦਾ ਮਾਣ ਤੇ ਸਤਿਕਾਰ ਦੇਈਏ।

# ਆਖ਼ਰ ਅੰਧ ਵਿਸ਼ਵਾਸ ਹੋਰ ਕਦੋਂ ਤੱਕ ਚੱਲਦਾ ਰਹੇਗਾ





ਪਰਮਜੀਤ ਕੌਰ ਸਿੱਧੂ
ਮੋਬਾਇਲ: 98148-90905

ਭਾਵੇਂ ਹੀ 21ਵੀਂ ਸਦੀ ਵਿੱਚ ਅਸੀਂ ਪਹੁੰਚ ਚੁੱਕੇ ਹਨ, ਪਰ ਸਾਡੇ ਭਾਰਤ ਦੇ ਬਹੁਤ ਸਾਰੇ ਵਰਗ ਹਾਲੇ ਵੀ 19ਵੀਂ ਸਦੀ ਵਿੱਚ ਲਗੇ ਫਿਰਦੇ ਹਨ। ਇਸ ਦਾ ਇੱਕੋ ਇੱਕ ਕਾਰਨ ਹੈ ਕਿ ਜਾਗਰੂਕਤਾ ਦੀ ਘਾਟ। ਜਾਗਰੂਕ ਕਰਨ ਵਾਲੇ ਖੁਦ ਵਹਿਮਾਂ ਭਰਮਾਂ ਦੇ ਵਿੱਚ ਫਸੇ ਪਏ ਹਨ। ਦੱਸ ਦਈਏ ਕਿ ਵਿਗਿਆਨਿਕ ਯੁੱਗ ਵਿੱਚ ਭਾਵੇਂ ਹੀ ਸਾਨੂੰ ਕਿਤੇ ਭੂਤ ਪ੍ਰੇਤ ਨਹੀਂ ਦਿਸਦਾ, ਪਰ ਡੇਰਿਆਂ ਤੇ ਬੈਠੇ ਬਾਬਿਆਂ ਨੂੰ ਪਤਾ ਨਹੀਂ ਕਿਹੜੀ ਅੱਖ ਰਾਹੀਂ ਭੂਤ ਦਿੱਸ ਪੈਂਦੇ ਹਨ।

ਚਲੋ ਖੈਰ.!! ਆਪਾ ਭੂਤਾਂ ਪ੍ਰੇਤਾਂ ਦੇ ਚੱਕਰਾਂ ਵਿੱਚ ਨਹੀਂ ਪੈਣਾ। ਪੁਰਾਣੇ ਰੀਤੀ ਰਿਵਾਜ਼ਾਂ ‘ਤੇ ਜੇਕਰ ਨਿਗਾਹ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੁਰਾਣੇ ਸਮਿਆਂ ਦੇ ਵਿੱਚ ਲੋਕੀਂ ਮੀਂਹ ਦੀ ਮੰਗ ਕਰਦੇ ਸਨ ਅਤੇ ਉਹ ਵੀ “ਗੁੱਡੀਆਂ ਪਟੋਲੇ“ ਸਾੜ ਕੇ। ਭਾਵੇਂ ਹੀ ਅੱਜ ਵੀ ਕਈ ਜਗ੍ਹਾਵਾਂ ‘ਤੇ ਗੁੱਡੀਆਂ ਪਟੋਲੇ ਸਾੜੇ ਜਾਂਦੇ ਹਨ, ਪਰ ਇਹ ਇੱਕ ਮਨ ਦਾ ਵਹਿਮ ਹੈ।

ਕਦੇ ਵੀ ਗੁੱਡੀਆਂ ਪਟੋਲੇ ਸਾੜਿਆਂ ਮੀਂਹ ਨਹੀਂ ਆਉਂਦਾ ਅਤੇ ਨਾ ਹੀ ਕਿਸੇ ਸ਼ਕਤੀ ਦੇ ਕਾਰਨ ਮੀਂਹ ਰੁਕਦਾ ਹੈ।



ਪਿਛਲੇ ਦਿਨੀਂ ਅਜੀਬੋ ਗਰੀਬ ਮਾਮਲਾ ਇਹ ਸਾਹਮਣੇ ਆਇਆ ਕਿ ਮੱਧ ਪ੍ਰਦੇਸ਼ ਵਿੱਚ ਪਹਿਲਾਂ ਮੀਂਹ ਲਈ ਡੱਡੂ-ਡੱਡੀ ਦਾ ਵਿਆਹ ਕਰਾਇਆ ਗਿਆ ਸੀ।

ਪਰ ਜਦੋਂ ਮੀਂਹ ਭਾਰੀ ਆ ਗਿਆ ਅਤੇ ਹੜ੍ਹਾਂ ਆ ਗਏ ਤਾਂ ਡੱਡੂ ਡੱਡੀ ਦਾ ਤਲਾਕ ਕਰਵਾਉਣ ਦੀ ਗੱਲ ਚੱਲ ਪਈ। ਭਾਰੀ ਬਾਰਸ਼ ਤੋਂ ਪ੍ਰੇਸ਼ਾਨ ਭਾਵੇਂ ਹੀ ਮੱਧ ਪ੍ਰਦੇਸ਼ ਦੇ ਅੰਦਰ ਹੁਣ ਲੋਕਾਂ ਨੇ ਡੱਡੂ ਅਤੇ ਡੱਡੀ ਦਾ ਤਲਾਕ ਕਰਵਾ ਦਿੱਤਾ ਹੈ। ਪਰ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਕੀ ਡੱਡੂ ਅਤੇ ਡੱਡੀ ਦਾ ਵਿਆਹ ਕਰਵਾਉਣ ਦੇ ਨਾਲ ਮੀਂਹ ਆਇਆ?

ਭਾਵੇਂ ਹੀ ਅੰਨ੍ਹੇ ਭਗਤ ਇਹ ਕਹਿ ਦੇਣਗੇ ਕਿ ਜੀ ਹਾਂ ਡੱਡੂ-ਡੱਡੀ ਦਾ ਵਿਆਹ ਕਰਵਾ ਕੇ ਹੀ ਮੀਂਹ ਨਸੀਬ ਹੋਇਆ, ਪਰ ਅਸਲੀਅਤ ਤਾਂ ਇਹ ਹੈ ਕਿ ਕੁਦਰਤ ਕਦੇ ਵੀ ਅਜਿਹੀਆਂ ਗੱਲਾਂ ਨੂੰ ਨਹੀਂ ਮੰਨਦੀ ਅਤੇ ਨਾ ਹੀ ਉਹ ਕਿਸੇ ਡੱਡੂ ਡੱਡੀ ਦੇ ਕਹੇ ‘ਤੇ ਮੀਂਹ ਪਾਉਂਦੀ ਹੈ। ਕੁਦਰਤ ਜਦੋਂ ਮਰਜ਼ੀ ਚਾਹੇ ਮੀਂਹ ਪਾ ਸਕਦੀ ਹੈ।

ਇੱਥੇ ਇਹ ਗੱਲ ਦੱਸ ਦਈਏ ਕਿ ਮੌਸਮ ਵਿਭਾਗ ਦੀਆਂ ਸੈਟੇਲਾਈਟਾਂ ਜਰੀਏ ਮੌਸਮ ਅਤੇ ਮੀਂਹ ਦੀ ਜਾਣਕਾਰੀ ਜ਼ਰੂਰ ਮਿਲ ਜਾਂਦੀ ਹੈ। ਪਰ ਡੱਡੂ ਡੱਡੀ ਦੇ ਵਿਆਹ ਕਾਰਨ ਮੀਂਹ ਆਉਣ ਦੀ ਜਾਣਕਾਰੀ ਕਿਧਰੇ ਨਹੀਂ ਮਿਲਦੀ, ਬਸ ਮੱਧ ਪ੍ਰਦੇਸ਼ ਤੋਂ ਹੀ ਮਿਲਦੀ ਹੈ।

ਦੱਸਿਆ ਜਾਂਦਾ ਹੈ ਕਿ ਜਦੋਂ ਬਾਰਸ਼ ਨਹੀਂ ਹੋ ਰਹੀ ਸੀ, ਤਾਂ 19 ਜੁਲਾਈ 2019 ਨੂੰ ਮੱਧ ਪ੍ਰਦੇਸ਼ ਵਿੱਚ ਲੋਕਾਂ ਨੇ ਚੰਗੀ ਬਾਰਸ਼ ਲਈ ਡੱਡੂ ਅਤੇ ਡੱਡੀ ਦਾ ਵਿਆਹ ਕਰਾਇਆ ਸੀ। ਛਪੀ ਇੱਕ ਰਿਪੋਰਟ ਦੀ ਮੰਨੀਏ ਤਾਂ ਪਿਛਲੇ ਬੁੱਧਵਾਰ ਨੂੰ ਭੋਪਾਲ ਵਿੱਚ ਓਮ ਸ਼ਿਵ ਸੇਵਾ ਸ਼ਕਤੀ ਮੰਡਲ ਦੇ ਮੈਂਬਰਾਂ ਨੇ ਪੂਰੇ ਮੰਤਰਾਂ ਦੇ ਜਾਪ ਦੌਰਾਨ ਡੱਡੂ ਦੁਆਰਾ ਸੰਕੇਤਕ ਰੂਪ ਨਾਲ ਡੱਡੀ ਨੂੰ ਤਲਾਕ ਦਿਵਾ ਦਿੱਤਾ।

ਛਪੀ ਰਿਪੋਰਟ ਦੇ ਵਿੱਚ ਇਹ ਵੀ ਗੱਲ ਸਾਫ਼ ਤੌਰ ‘ਤੇ ਲਿਖੀ ਗਈ ਕਿ ਸੂਬੇ ਵਿੱਚ ਪਿਛਲੇ 10-12 ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ, ਜਿਸ ਕਾਰਨ ਮੱਧ ਪ੍ਰਦੇਸ਼ ਦੇ ਕਈ ਹਿੱਸਿਆਂ ਵਿੱਚ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਮੌਸਮ ਵਿਭਾਗ ਨੇ ਭਾਰੀ ਬਾਰਸ਼ ਦੇ ਮੱਦੇਨਜ਼ਰ ਪਿਛਲੇ ਕੁਝ ਦਿਨ ਪਹਿਲਾਂ ਮੱਧ ਪ੍ਰਦੇਸ਼ ਦੇ 32 ਜ਼ਿਲ੍ਹਿਆਂ ਲਈ ਅਲਰਟ ਜਾਰੀ ਕੀਤਾ ਸੀ। ਮੌਸਮ ਵਿਭਾਗ ਦੇ ਮੁਤਾਬਿਕ ਭੋਪਾਲ ਵਿੱਚ ਬਾਰਸ਼ ਨੇ 13 ਸਾਲ ਪੁਰਾਣੇ ਰਿਕਾਰਡ ਤੋੜੇ ਹਨ ਅਤੇ ਇਸ ਵਾਰ ਭਾਰੀ ਬਾਰਸ਼ ਪਈ ਹੈ। ਮੱਧ ਪ੍ਰਦੇਸ਼ ਤੋਂ ਛਪੀ ਇਹ ਖ਼ਬਰ ਨੇ ਤਰਕਸ਼ੀਲਾਂ ਨੂੰ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਪਰ ਤਰਕਸ਼ੀਲਾ ਦਾ ਇਹ ਵੀ ਦਾਅਵਾ ਹੈ ਕਿ ਕਦੇ ਵੀ ਡੱਡੂ ਅਤੇ ਡੱਡੀ ਦਾ ਵਿਆਹ ਹੋਣ ਦੇ ਨਾਲ ਮੀਂਹ ਨਹੀਂ ਆਉਂਦਾ। ਕੁਦਰਤ ਦੇ ਨਿਯਮਾਂ ਨੂੰ ਕੋਈ ਵੀ ਨਹੀਂ ਬਦਲ ਸਕਦਾ ਅਤੇ ਨਾ ਹੀ ਕੋਈ ਬਦਲ ਸਕਿਆ ਹੈ। ਜਾਦੂ ਮੰਤਰਾਂ ਦੇ ਨਾਲ ਕੁਝ ਵੀ ਕਦੇ ਨਹੀਂ ਹੁੰਦਾ। ਬਸ ਇੱਕ ਮਨ ਦਾ ਵਹਿਮ ਹੈ, ਜੋ ਕਿ ਲੋਕਾਂ ਦੇ ਅੰਦਰ ਵੜਿਆ ਹੋਇਆ ਹੈ ਅਤੇ ਲੋਕ ਅੰਨ੍ਹੇ ਹੋ ਕੇ ਲਗੇ ਫਿਰਦੇ ਹਨ। ਤਰਕ ਕਰਨ ਦੀ ਬਿਜਾਏ, ਬਹੁਤੇ ਭਾਰਤੀ ਲੋਕ ਅੰਧ ਵਿਸ਼ਵਾਸ ਵਿੱਚ ਫਸੇ ਪਏ ਹਨ।






# ਦੁਸ਼ਮਣ ਦੀ ਲੜਕੀ ਨਾਲ ਪਿਆਰ ਮਹਿੰਗਾ ਪਿਆ

ਅਜੀਬ ਰਿਵਾਜ ਹੈ ਦੁਨੀਆਂ ਦਾ- ਜੇਕਰ ਦੀਵਾਰਾਂ ਵਿੱਚ ਤਰੇੜਆਵੇ ਤਾਂ ਦੀਵਾਰਾਂ ਡਿੱਗ ਜਾਂਦੀਆਂ ਹਨ ਅਤੇ ਜੇਕਰ ਰਿਸ਼ਤਿਆਂ ਵਿੱਚ ਤਰੇੜ ਆਵੇ ਤਾਂ ਦੀਵਾਰਾਂ ਖੜ੍ਹੀਆਂ ਹੋ ਜਾਂਦੀਆਂ ਹਨ। ਉਹਨਾਂ ਤਿੰਨੇ ਭਰਾਵਾਂ ਦੇ ਦਿਲ, ਰਿਸ਼ਤੇ ਅਤੇ ਘਰ ਦੇ ਵਿਹੜੇ ਵਿੱਚਕਾਰ ਵੀ ਦੀਵਾਰਾਂ ਤਣੀਆਂ ਹੋਈਆਂ ਸਨ।ਸਕਟੂ ਇਕ ਪਾਸੇ ਸੀ, ਉਸ ਤੋਂ ਛੋਟਾ ਬਾਬੂਲਾਲ ਅਤੇ ਅਹਿਵਰਨ ਦੂਜੇ ਪਾਸੇ।ਸਕਟੂ ਦਾ ਮੰਨਣਾ ਸੀ ਕਿ ਉਸਦੇ ਛੋਟੇ ਭਰਾ ਚਲਾਕ ਸਨ, ਪੁਸ਼ਤੈਨੀ ਗਹਿਣੇ ਅਤੇ ਪੈਸੇ ਹਜ਼ਮ ਕਰ ਗਏ ਅਤੇ ਆਪਣੇ ਹਿੱਸੇ ਵਿੱਚ ਜ਼ਮੀਨ ਵੀ ਕੀਮਤੀ ਅਤੇ ਉਪਜਾਊ ਲੈ ਲਈ।

ਮਨ ਵਿੱਚ ਮੈਲ ਪਿਆ ਤਾਂ ਫ਼ਿਰ ਉਹ ਕਦੀ ਸਾਫ਼ ਨਹੀਂ ਹੋਇਆ। ਬਾਬੂਲਾਲ ਅਤੇ ਅਹਿਰਵਨ ਵਿੱਚ ਪਿਆਰ ਬਣਿਆ ਰਿਹਾ, ਜਦਕਿ ਸਕਟੂ ਅਲੱਗ-ਥਲੱਗ ਪੈ ਗਿਆ। ਪਰ ਸਕਟੂ ਆਪਣੇ ਭਰਾਵਾਂ ਨਾਲ ਵੈਰ ਮੰਨਦਾ ਸੀ, ਸੋ ਉਸਦੇ ਪੁੱਤਰਾਂ ਨੇ ਵੀ ਦੋਵੇਂ ਚਾਚਿਆਂ ਅਤੇ ਉਸਦੇ ਪਰਿਵਾਰ ਨਾਲ ਖੋਰ ਠਾਣ ਲਿਆ।

ਸਾਲਾਂ ਤੋਂ ਇਸੇ ਵਧਦੀ ਤਕਰਾਰ ਦਾ ਨਤੀਜਾ ਸੀ ਕਿ 6 ਅਪ੍ਰੈਲ ਦੀ ਸਵੇਰ ਅਹਿਵਰਨ ਦਾ ਪੁੱਤਰ ਮਨੋਜ ਮੁਰਦਾ ਪਾਇਆ ਗਿਆ, ਤਾਂ ਉਸਦੇ ਛੋਟੇ ਭਰਾ ਨੇ ਦੂਜਿਆਂ ਦੇ ਨਾਲ ਆਪਣਿਆਂ ਨੂੰ ਵੀ ਐਫ਼.ਆਈ.ਆਰ. ਵਿੱਚ ਨਾਮਜ਼ਦ ਕਰ ਦਿੱਤਾ।

ਕੁਝ ਵਿਸ਼ੇਸ਼ ਕਾਰਨ ਸਨ, ਜਿਹਨਾਂ ਕਾਰਨ ਮਨੋਜ ਘਰ ਵਿੱਚ ਨਾ ਸੌਂ ਕੇ ਪਿੰਡ ਦੇ ਕਿਨਾਰੇ ਬਣੇ ਆਪਣੇ ਅਹਾਤੇ ਵਿੱਚ ਸੌਂਦਾ ਸੀ। ਰੋਜ਼ਾਨਾ ਵਾਂਗ 5 ਅਪ੍ਰੈਲ ਨੂੰ ਵੀ ਉਹ ਦੇਰ ਸ਼ਾਤ ਨੂੰ ਅਹਾਤੇ ਵਿੱਚ ਸੌਣ ਗਿਆ ਸੀ।

ਉਥੇ ਹੀ ਬਿਸਤਰ ਛੱਡ ਕੇ ਚਲੇ ਆਉਣਾ ਮਨੋਜ ਦੀ ਆਦਤ ਸੀ। ਦੂਜੇ ਦਿਨ ਯਾਨਿ 6 ਅਪ੍ਰੈਲ ਨੂੰ ਸਵੇਰੇ ਉਹ ਸਮੇਂ ਤੇ ਨਹੀਂ ਆਇਆ, ਤਾਂ ਮਾਂ ਕੰਚਨ ਦੇਵੀ ਨੇ ਸੋਚਿਆ- ਦੇਰ ਨਾਲ ਸੁੱਤਾ ਹੋਵੇਗਾ, ਇਸ ਕਰ ਕੇ ਦਿਨ ਚੜ੍ਹੇ ਤੱਕ ਸੌਂ ਰਿਹਾ ਹੈ। ਅਹਾਤੇ ਵਿੱਚ ਜਾ ਕੇ ਮਨੋਜ ਨੂੰ ਜਗਾਉਣਾ ਚਾਹੀਦਾ ਹੈ।

ਕੰਚਨ ਅਹਾਤੇ ਵਿੱਚ ਪਹੁੰਚੀ ਤਾਂ ਮਨੋਜ ਦੀ ਚਾਰਪਾਈ ਦੇਖ ਕੇ ਉਸਦੇ ਮੂੰਹ ਤੋਂ ਚੀਖ ਨਿਕਲ ਗਈ। ਚਾਰਪਾਈ ਤੇ ਮਨੋਜ ਨਹੀਂ, ਚਿਤਾ ਦਾ ਤਾਜ਼ਾ ਲੱਕੜ ਪਿਆ ਹੋਇਆ ਸੀ।

ਮਨੋਜ ਦੀ ਛਾਤੀ, ਪੇਟ ਅਤੇ ਗਲੇ ਤੇ ਗੰਭੀਰ ਜ਼ਖਮ ਸਨ। ਸਿਰ ਫ਼ਟਿਆ ਹੋਇਆ ਸੀ ਅਤੇ ਅੱਖਾਂ ਫ਼ੁੱਲੀਆਂ ਪਈਆਂ ਸਨ। ਰਾਤ ਨੂੰ ਕਿਸੇ ਵਕਤ ਮਨੋਜ ਦੀ ਹੱਤਿਆ ਕਰ ਦਿੱਤੀ ਗਈ ਸੀ।

ਕੰਚਨ ਦੇਵੀ ਦੀਆਂ ਚੀਖਾਂ ਗੂੰਜੀਆਂ ਤਾਂ ਪਰਿਵਾਰ ਵਾਲਿਆਂ ਤੋਂ ਇਲਾਵਾ ਮਿੰਟਾਂ ਵਿੱਚ ਪੂਰਾ ਪਿੰਡ ਇਕੱਠਾ ਹੋ ਗਿਆ। ਫ਼ੌਰਨ ਪੁਲਿਸ ਨੂੰ ਖਬਰ ਦਿੱਤੀ ਗ ?.। ਥੋੜ੍ਹੀ ਹੀ ਦੇਰ ਵਿੱਚ ਪੁਲਿਸ ਪਹੁੰਚੀ। ਇਸ ਤੋਂ ਕੁਝ ਦੇਰ ਬਾਅਦ ਵੱਡੇ ਪੁਲਿਸ ਅਧਿਕਾਰੀ ਵੀ ਪਹੁੰਚ ਗਏ।

ਪੁਲਿਸ ਨੇ ਲਾਸ਼ ਦਾ ਮੁਆਇਨਾ ਕੀਤਾ। ਇਹੀ ਲੱਗਦਾ ਸੀ ਕਿ ਇਸ ਉਤੇ ਜਾਨਲੇਵਾ ਹਮਲਾ ਕੀਤਾ ਗਿਆ ਹੈ, ਜਦਕਿ ਉਹ ਡੂੰਘੀ ਨੀਂਦ ਵਿੱਚ ਸੁੱਤਾ ਹੋਵੇਗਾ। ਉਸਨੂੰ ਆਪਣਾ ਬਚਾਅ ਕਰਨ ਦਾ ਮੌਕਾ ਹੀ ਨਹੀਂ ਮਿਲਿਆ ਹੋਵੇਗਾ। ਲਾਸ਼ ਤੇ ਜਿਸ ਤਰ੍ਹਾਂ ਦੇ ਜ਼ਖਮ ਸਨ, ਉਸ ਤੋਂ ਜ਼ਾਹਿਰ ਸੀ ਕਿ ਹਮਲਾਵਰ ਇਕ ਨਹੀਂ, ਅਨੇਕਾਂ ਹੋਣਗੇ।

ਮ੍ਰਿਤਕ ਨੇ ਜੋ ਕੱਪੜੇ ਪਾਏ ਸਨ, ਪੁਲਿਸ ਨੇ ਉਸਦੀਆਂ ਜੇਬਾਂ ਦੀ ਤਲਾਸ਼ੀ ਲਈ ਤਾਂ ਇਕ ਲੇਡੀਜ਼ ਰੁਮਾਲ ਮਿਲਿਆ, ਜਿਸ ਤੇ ਅੰਸ਼ੂ ਲਿਖਿਆ ਸੀ। ਸਬੂਤ ਦੇ ਤੌਰ ਤੇ ਪੁਲਿਸ ਨੇ ਉਹ ਰੁਮਾਲ ਆਪਣੇ ਕੋਲ ਰੱਖ ਲਿਆ।

ਰੁਮਾਲ ਤੋਂ ਇਲਾਵਾ ਪੁਲਿਸ ਨੂੰ ਅਜਿਹਾ ਕੁਝ ਨਹੀਂ ਮਿਲਿਆ ਜੋ ਜਾਂਚ ਵਿੱਚ ਮਦਦਗਾਰ ਹੋ ਸਕੇ। ਮੌਕੇ ਤੇ ਜ਼ਰੂਰੀ ਕਾਰਵਾਈ ਕਰਨ ਤੋਂ ਬਾਅਦ ਪੁਲਿਸ ਨੇ ਲਾਸ਼ ਪੋਸਟ ਮਾਰਟਮ ਲਈ ਭੇਜ ਦਿੱਤੀ। ਜਾਂਚ ਤੋਂ ਕਾਫ਼ੀ ਗੱਲਾਂ ਪੁਲਿਸ ਨੂੰ ਸਮਝ ਆ ਗਈਆਂ ਸਨ। ਰਾਜੇਸ਼ ਨੇ ਚਾਚੀ ਬੇਲਾ ਦੇਵੀ, ਉਸਦੇ ਮੁੰਡੇ ਸੁਸ਼ੀਲ, ਰਾਕੇਸ਼ ਤੋਂ ਇਲਾਵਾ ਪਿੰਡ ਦੇ ਹੀ ਰਾਮਵਿਲਾਸ ਅਤੇ ਸੁਰੇਸ਼ ਨੂੰ ਹੱਤਿਆ ਦੇ ਲਈ ਨਾਮਜ਼ਦ ਕੀਤਾ ਸੀ। ਇਸ ਤੋਂ ਇਲਾਵਾ ਮੜੀਆਵ ਥਾਣੇ ਅਧੀਨ ਅਹਿਰਬਰਨਾ ਪਿੰਡ ਵਿੱਚ ਰਹਿਣ ਵਾਲੇ ਰਾਜਾਰਾਮ ਵਰਮਾ ਨੂੰ ਸਾਜਿਸ਼ ਦੇ ਸੂਤਰਧਾਰ ਦੇ ਰੂਪ ਵਿੱਚ ਨਾਮਜ਼ਦ ਕੀਤਾ। ਇਸੇ ਕਾਰਨ ਪੁਲਿਸ ਨੇ ਰਾਜਾਰਾਮ ਵਰਮਾ ਨੂੰ ਧਾਰਾ 120ਬੀ ਦੇ ਤਹਿਤ ਨਾਮਜ਼ਦ ਕੀਤਾ, ਜਦਕਿ ਬਾਕੀ ਨਾਮਜ਼ਦਾਂ ਦੇ ਖਿਲਾਫ਼ 302 ਲਗਾਈ ਗਈ।

ਪੁਲਿਸ ਨੇ ਦੋਸ਼ੀਆਂ ਦੀ ਭਾਲ ਆਰੰਭ ਕੀਤੀ। ਉਹ ਕਿਤੇ ਗਾਇਬ ਹੋ ਗਏ ਸਨ। ਮੌਕੇ ਤੇ ਲੋਕ ਭੱਜ ਹੀ ਜਾਇਆ ਕਰਦੇ ਹਨ। ਅਗਲੇ ਦਿਨ ਪੁਲਿਸ ਨੂੰ ਪੋਸਟ ਮਾਰਟਮ ਦੀ ਰਿਪੋਰਟ ਮਿਲ ਗਈ। ਉਸ ਮੁਤਾਬਕ ਮ੍ਰਿਤਕ ਦੇ ਸਰੀਰ ਤੇ ਜੋ ਜ਼ਖਮ ਸਨ, ਉਹ ਚਾਕੂ ਜਾਂ ਛੁਰੇ ਵਰਗੇ ਤੇਜ਼ ਵਾਰ ਜਾਂ ਨੋਕਦਾਰ ਹਥਿਆਰ ਨਾਲ ਕੀਤੇ ਗ ? ਸਨ। ਇਸ ਕਰ ਕੇ ਸਭ ਤੋਂ ਗੰਭੀਰ ਸੱਟ ਸਿਰ ਦੀ ਸੀ ਜੋ ਕਿਸੇ ਭਾਰੀ ਅਤੇ ਕਠੋਰ ਵਸਤੂ ਨਾਲ ਮਾਰੀ ਗਈ ਸੀ। ਮਨੋਜ ਦੀ ਮੌਤ ਦਾ ਕਾਰਨ ਸਿਰ ਦੀ ਉਹੀ ਘਾਤਕ ਸੱਟ ਸੀ।

ਪੋਸਟ ਮਾਰਟਮ ਤੋਂ ਸਪਸ਼ਟ ਸੀ ਕਿ ਮਨੋਜ ਨੂੰ ਕਈ ਲੋਕਾਂ ਨੇ ਮਿਲ ਕੇ ਮਾਰਿਆ ਸੀ ਅਤੇ ਰਾਜੇਸ਼ ਨੇ ਵੀ ਅਨੇਕਾਂ ਲੋਕਾਂ ਦੇ ਖਿਲਾਫ਼ ਮੁਕੱਦਮਾ ਲਿਖਵਾਇਆ ਸੀ। ਜੋ ਲੋਕ ਨਾਮਜਦ ਸਨ, ਉਹਨਾਂ ਦਾ ਵੀ ਸੁਰਾਗ ਨਹੀਂ ਮਿਲ ਰਿਹਾ ਸੀ। ਅਖੀਰ ਪੁਲਿਸ ਨੇ ਇਸ ਬਿੰਦੂ ਤੇ ਧਿਆਨ ਕੇਂਦਰੀ ? ਕੀਤਾ ਅਤੇ ਜਦੋਂ ਅਨੇਕਾਂ ਲੋਕ ਮਿਲ ਕੇ ਕਿਸੇ ਨੂੰ ਮਾਰਦੇ ਹਨ ਤਾਂ ਜਾਂ ਤਾਂ ਕੋਈ ਦੁਸ਼ਮਣੀ ਹੁੰਦੀ ਹੈ ਜਾਂ ਫ਼ਿਰ ਆਸ਼ਕੀ ਦਾ ਕੋਈ ਚੱਕਰ ਹੁੰਦਾ ਹੈ। ਪੁਲਿਸ ਦੇ ਵਿੱਚਾਰ ਨੂੰ ਸਮਰਥਨ ਮ੍ਰਿਤਕ ਦੀ ਜੇਬ ਤੋਂ ਮਿਲੇ ਰੁਮਾਲ ਤੋਂ ਵੀ ਮਿਲ ਰਿਹਾ ਸੀ, ਜਿਸ ਤੇ ਅੰਸ਼ੂ ਲਿਖਿਆ ਸੀ।

ਆਮ ਤੌਰ ਤੇ ਲੋਕ ਆਪਣੀ ਭੈਣ ਜਾਂ ਲੜਕੀ ਦੇ ਆਸ਼ਕ ਨੂੰ ਦੁਸ਼ਮਣ ਦੀ ਨਜ਼ਰ ਨਾਲ ਦੇਖਦੇ ਹਨ ਅਤੇ ਇੱਜਤ ਬਚਾਈ ਰੱਖਣ ਦੇ ਲਈ ਮਰਨ-ਮਾਰਨ ਤੋਂ ਗੁਰੇਜ਼ ਨਹੀਂ ਕਰਦੇ। ਅਜਿਹਾ ਹੀ ਇਸ ਕੇਸ ਵਿੱਚ ਹੋਇਆ ਸੀ।

ਉਕਤ ਦੋਵੇਂ ਬਿੰਦੂਆਂ ਨੂੰ ਕੇਂਦਰ ਵਿੱਚ ਰੱਖ ਕੇ ਪੁਲਿਸ ਨੇ ਜਾਂਚ ਅੱਗੇ ਵਧਾਈ ਤਾਂ ਦੋਵੇਂ ਬਿੰਦੂ ਸਹੀ ਸਾਬਤ ਹੋਣ ਲੱਗੇ। ਪਿੰਡ ਦੇ ਅਨੇਕਾਂ ਲੋਕਾਂ ਤੋਂ ਮ੍ਰਿਤਕ ਦਾ ਜ਼ਮੀਨੀ ਵਿਵਾਦ ਅਤੇ ਚੋਣਾਂ ਦੀ ਰੰਜਿਸ਼ ਦਾ ਪਤਾ ਲੱਗਿਆ ਤਾਂ ਇਹ ਵੀ ਪਤਾ ਲੱਗਿਆ ਕਿ ਅੰਸ਼ੂ ਪਿੰਡ ਦੀ ਹੀ ਲੜਕੀ ਸੀ। ਇਹ ਅੰਸ਼ੂ ਕੋਈ ਹੋਰ ਨਹੀਂ, ਉਸੇ ਸੁਰੇਸ਼ ਵਰਮਾ ਦੀ ਲੜਕੀ ਸੀ, ਜਿਸ ਖਿਲਾਫ਼ ਪਰਚਾ ਦਰਜ ਕਰਵਾਇਆ ਗਿਆ ਸੀ।

ਪੁਲਿਸ ਨੂੰ 12 ਅਪ੍ਰੈਲ ਨੂੰ ਇਕ ਮੁਖਬਰ ਹੱਕੋਂ ਸਫ਼ਲਤਾ ਮਿਲ ਗਈ। ਉਸਨੇ ਤੁਰੰਤ ਫ਼ੋਨ ਤੇ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਸੁਸ਼ੀਲ, ਰਾਕੇਸ਼, ਰਾਮਵਿਲਾਸ ਅਤੇ ਸੁਰੇਸ਼ ਵਰਮਾ ਨੂੰ ਬੰਦੀ ਬਣਾ ਲਿਆ। ਕੁਝ ਹੀ ਦੇਰ ਵਿੱਚ ਮਨੋਜ ਦੀ ਹੱਤਿਆ ਦੀਆਂ ਗੁੱਥੀਆਂ ਸੁਲਝਣ ਲੱਗੀਆਂ।

ਲਖਨਊ ਵਿੱਚ ਬਖਸ਼ੀ ਦਾ ਤਲਾਬ ਥਾਣੇ ਅਧੀਨ ਇਕ ਪਿੰਡ ਹੈ ਸ਼ਿਵਪੁਰੀ। ਇਸੇ ਪਿੰਡ ਵਿੱਚ ਤਿੰਨ ਲੋਧ ਭਰਾ ਰਹਿੰਦੇ ਸਨ- ਸਕਟੂ, ਬਾਬੂਲਾਲ ਅਤੇ ਅਹਿਵਰਨ। ਮਾਂ ਬਾਪ ਦੀ ਮੌਤ ਤੋਂ ਬਾਅਦ ਉਹਨਾਂ ਤਿੰਨਾਂ ਵਿੱਚ ਜ਼ਮੀਨ-ਜਾਇਦਾਦ ਦੀ ਵੰਡ ਹੋ ਗਈ ਸੀ। ਤਿੰਨਾਂ ਦੇ ਖੇਤ ਅਤੇ ਮਕਾਨ ਅਲੱਗ ਸਨ। ਕਮਾਉਣਾ-ਖਾਣਾ ਵੱਖਰਾ ਸੀ। ਬਾਬੂਲਾਲ ਅਤੇ ਅਹਿਵਰਨ ਮਿਲ-ਜੁਲ ਕੇ ਰਹਿੰਦੇ ਸਨ। ਚੁੱਲ੍ਹੇ ਅਲੱਗ ਹੋ ਜਾਣ ਦੇ ਬਾਵਜੂਦ ਉਹਨਾਂ ਵਿੱਚ ਮਤਭੇਦ ਨਹੀਂ ਸਨ। ਇਸਦੇ ਉਲਟ ਸਕਟੂ ਛੋਟੇ ਭਰਾਵਾਂ ਤੋਂ ਅਸੰਤੁਸ਼ਟ ਅਤੇ ਨਰਾਜ਼ ਸੀ। ਉਸਦਾ ਵਿੱਚਾਰ ਸੀ ਕਿ ਚੱਲ-ਅਚੱਲ ਸੰਪਤੀ ਦੀ ਵੰਡ ਵਿੱਚ ਉਸਦੇ ਨਾਲ ਅੱਨਿਆ ਹੋਇਆ ਹੈ। ਬਾਬੂਲਾਲ ਅਤੇ ਅਹਿਬਰਨ ਨੇ ਆਪਸੀ ਮਿਲੀ ਭੁਗਤ ਕਰ ਕੇ ਉਸਦਾ ਹਿੱਸਾ ਮਾਰ ਕੇ ਆਪਸ ਵਿੱਚ ਵੰਡ ਲਿਆ ਹੈ।

ਇਸੇ ਮੁੱਦੇ ਨੂੰ ਲੈ ਕੇ ਸਕਟੂ ਦਾ ਅਕਸਰ ਆਪਣੇ ਭਰਾਵਾਂ ਨਾਲ ਝਗੜਾ ਹੁੰਦਾ ਰਹਿੰਦਾ ਸੀ। ਸਕਟੂ ਦੇ ਪੱਖ ਵਿੱਚ ਉਸਦੀ ਪਤਨੀ ਬੇਲਾ ਦੇਵੀ, ਲੜਕਾ ਸੁਸ਼ੀਲ ਅਤੇ ਰਾਕੇਸ਼ ਖੜ੍ਹੇ ਹੁੰਦੇ ਅਤੇ ਅਹਿਬਰਨ ਦੀ ਪਤਨੀ ਕੰਚਨ ਦੇਵੀ ਅਤੇ ਉਸਦੇ ਪੁੱਤਰ ਦੂਜੇ ਪਾਸੇ ਮੋਰਚਾ ਸੰਭਾਲ ਲੈਂਦੇ ਸਨ।

ਅਹਿਬਰਨ ਦੇ ਦੇ ਪਰਿਵਾਰ ਵਿੱਚ ਪਤਨੀ ਕੰਚਨ ਤੋਂ ਇਲਾਵਾ ਮਨੋਜ,ਰਾਜੇਸ਼, ਵਿਨੋਦ, ਅਨਿਲ ਅਤੇ ਸੋਨੂੰ ਤੋਂ ਇਲਾਵਾ ਇੱਕੋ ਇਕ ਲੜਕੀ ਗੁੜੀਆ ਸੀ। ਮਨੋਜ ਪਿਤਾ ਦੇ ਨਾਲ ਖੇਤੀ ਕਰਦਾ ਹੀ ਸੀ, ਲਖਨਊ ਸਥਿਤ ਇਕ ਇੰਜੀਨੀਰਿੰਗ ਕਾਲਜ ਵਿੱਚ ਮੁਲਾਜ਼ਮ ਵੀ ਸੀ। ਇਸ ਤੋਂ ਇਲਾਵਾ ਪਿੰਡ ਅਤੇ ਖੇਤਰ ਦੀ ਰਾਜਨੀਤੀ ਵਿੱਚ ਵੀ ਕਾਫ਼ੀ ਦਖਲ ਰੱਖਦਾ ਸੀ।

ਅਹਿਵਰਨ ਲੋਧੀ ਅਤੇ ਸੁਰੇਸ਼ ਵਰਮਾ ਪੜੌਸੀ ਸਨ। ਦੋਵੇਂ ਹੀ ਪੜੌਸੀ ਧਰਮ ਨਿਭਾਉਣ ਵਿੱਚ ਪਿੱਛੇ ਨਹੀਂ ਰਹਿੰਦੇ ਸਨ। ਤਿਉਹਾਰ ਇਕੱਠੇ ਮਨਾਉਂਦੇ ਸਨ, ਤਾਂ ਦੋਵੇਂ ਪਰਿਵਾਰਾਂ ਦਾ ਇਕ-ਦੂਜੇ ਦੇ ਘਰ ਆਉਣਾ-ਜਾਣਾ ਸੀ। ਜਦੋਂ ਅਹਿਵਰਨ ਅਤੇ ਉਸਦੇ ਭਰਾਵਾਂ ਵਿੱਚ ਖੇਤੀ ਦੀ ਵੰਡ ਹੋਈ ਤਾਂ ਸੁਰੇਸ਼ ਨਾਲ ਵੀ ਉਸਦਾ ਵਿਵਾਦ ਹੋ ਗਿਆ। ਇਸਦੇ ਉਲਟ ਅਹਿਬਰਨ ਦਾ ਕਹਿਣਾ ਸੀ ਕਿ ਜੋ ਚਾਹੇ ਪਟਵਾਰੀ ਬੁਲਾ ਕੇ ਪੈਮਾਇਸ਼ ਕਰਵਾ ਲਵੇ, ਉਸਨੇ ਸੁਰੇਸ਼ ਦੀ ਸੂਈ ਦੀ ਨੋਕ ਬਰਾਬਰ ਵੀ ਜ਼ਮੀਨ ਨਹੀਂ ਦੱਬੀ ਹੈ। ਦੋਵੇਂ ਆਪਣੇ-ਆਪਣੇ ਸ਼ਬਦਾਂ ਤੇ ਅੜੇ ਸਨ। ਫ਼ਲਸਰੂਪ ਵਿਵਾਦ ਵਧਦਾ ਰਿਹਾ। ਇਸੇ ਵਿਵਾਦ ਦੇ ਨਤੀਜੇ ਵਜੋਂ ਸੁਰੇਸ਼ ਅਤੇ ਅਹਿਬਰਨ ਵਿੱਚਕਾਰ ਅਕਸਰ ਗਾਲੀ-ਗਲੋਬ ਅਤੇ ਮਾਰ ਕੁਟਾਈ ਹੋ ਜਾਂਦੀ ਸੀ।

ਜ਼ਮੀਨੀ ਰੰਜਿਸ਼ ਹੋਈ ਤਾਂ ਦੋਵੇਂ ਹੀ ਪੜੌਸੀ ਧਰਮ ਭੁੱਲ ਗਏ। ਮਿਲ ਕੇ ਦਿਨ ਤਿਉਹਾਰ ਮਨਾਉਣਾ ਤਾਂ ਦੂਰ, ਪਰਿਵਾਰਾਂ ਨੇ ਇਕ-ਦੂਜੇ ਦੀ ਸ਼ਕਲ ਤੱਕ ਦੇਖਣਾ ਛੱਡ ਦਿੱਤਾ। ਲੱਗਭੱਗ ਤਿੰਨ ਸਾਲ ਪਹਿਲਾਂ ਦੀ ਗੱਲ ਹੈ, ਇਕ ਸ਼ਾਮ ਮਨੋਜ ਲਖਨਊ ਤੋਂ ਪਿੰਡ ਮੋੜ ਰਿਹਾ ਸੀ ਕਿ ਅਚਾਨਕ ਉਸਦੀ ਨਜ਼ਰ ਅੰਸ਼ੂ ਤੇ ਪਈ। ਅੰਸ਼ੂ ਪੜੌਸੀ ਸੁਰੇਸ਼ ਵਰਮਾ ਦੀ ਲੜਕੀ ਸੀ। ਉਮਰ ਵਿੱਚ ਮਨੋਜ ਤੋਂ ਤਿੰਨ ਚਾਰ ਸਾਲ ਛੋਟੀ ਸੀ। ਪਰਿਵਾਰ ਵਾਲਿਆਂ ਨਾਲ ਜ਼ਮੀਨੀ ਵਿਵਾਦ ਹੋਣ ਤੋਂ ਪਹਿਲਾਂ ਤੱਕ ਮਨੋਜ ਅਤੇ ਅੰਸ਼ੂ ਵਿੱਚ ਚੰਗੀ ਬਣਦੀ ਸੀ ਪਰ ਹੁਣ ਅੰਸ਼ੂ ਨੇ ਉਸ ਤੋਂ ਨਜ਼ਰਾਂ ਫ਼ੇਰ ਲਈਆਂ ਸਨ ਅਤੇ ਮਨੋਜ ਵੀ ਉਸ ਨਾਲ ਗੱਲ ਨਹੀਂ ਕਰਦਾ ਸੀ।

ਇਕ ਵਾਰ ਮਨੋਜ ਦਾ ਦਿਲ ਕੀਤਾ ਕਿ ਉਸ ਨਾਲ ਗੱਲ ਕੀਤੀ ਜਾਵੇ, ਫ਼ਿਰ ਉਸਨੇ ਸੋਚਿਆ, ਸ਼ਾਮ ਆ ਗਈ ਹੈ। ਥੋੜ੍ਹੀ ਦੇਰ ਬਾਅਦ ਹਨੇਰਾ ਹੋ ਜਾਵੇਗਾ ਅਤੇ ਕਿਸੇ ਜਵਾਨ ਅਤੇ ਖੂਬਸੂਰਤ ਲੜਕੀ ਦਾ ਭਗਵਾਨ ਭਰੋਸੇ ਸ਼ਹਿਰ ਤੋਂ ਪਿੰਡ ਆਉਣਾ ਉਚਿਤ ਨਹੀਂ ਹੈ। ਅਖੀਰ ਕੁਝ ਦੂਰ ਅੱਗੇ ਜਾਕੇ ਮਨੋਜ ਨੇ ਯੂ ਟਰਨ ਲਿਆ ਅਤੇ ਵਾਪਸ ਮੁੜ ਕੇ ਅੰਸ਼ੂ ਦੇ ਠੀਕ ਸਾਹਮਣੇ ਬਾਈਕ ਰੋਕ ਦਿੱਤੀ। ਅੰਸ਼ੂ ਨੇ ਮਨੋਜ ਨੂੰ ਦੇਖਿਆ ਅਤੇ ਫ਼ਿਰ ਮੂੰਹ ਦੂਜੇ ਪਾਸੇ ਘੁੰਮਾ ਲਿਆ।

ਮਨੋਜ ਹੱਸਿਆ, ਇਹ ਨਾਟਕ ਪਿੰਡ ਵਿੱਚ ਕਰਿਆ ਕਰੋ ਤਾਂ ਚੰਗਾ ਹੈ। ਸ਼ਹਿਰ ਵਿੱਚ ਤੁਹਾਡਾ ਇਸ ਤਰ੍ਹਾਂ ਕਰਨਾ ਸ਼ੋਭਾ ਨਹੀਂ ਦਿੰਦਾ। ਸੰਯੋਗ ਵੱਸ ਉਸ ਵਕਤ ਉਥੇ ਕੋਈ ਟੈਂਪੂ ਨਹੀਂ ਸੀ। ਮਨੋਜ ਸਮਝ ਗਿਆ ਕਿ ਅੰਸ਼ੂ ਪਿੰਡ ਜਾਣ ਦੇ ਲਈ ਟੈਂਪੂ ਦਾ ਇੰਤਜ਼ਾਰ ਕਰ ਰਹੀ ਹੈ।ਉਸ ਰਾਤ ਮਨੋਜ ਨੂੰ ਸਫ਼ਲਤਾ ਮਿਲ ਗਈ। ਅੰਸ਼ੂ ਨੇ ਕੁਝ ਸੋਚਿਆ, ਫ਼ਿਰ ਬਾਈਕ ਤੇ ਬੈਠ ਗਈ। ਮਨੋਜ ਨੇ ਬਾਈਕ ਸਟਾਰਟ ਕੀਤੀ ਅਤੇ ਫ਼ਿਰ ਯੂ ਟਰਨ ਲਿਆ ਅਤੇ ਅੱਗੇ ਵੱਧ ਗਿਆ।

ਤਕਰੀਬਨ ਦੋ ਸੌ ਮੀਟਰ ਅੱਗੇ ਜਾ ਕੇ ਮਨੋਜ ਨੇ ਬਾਈਕ ਰੋਕ ਦਿੱਤੀ। ਅੰਸ਼ੂ ਨੇ ਹੈਰਾਨੀ ਨਾਲ ਪੁੱਛਿਆ, ਬਾਈਕ ਕਿਉਂ ਰੋਕ ਦਿੱਤੀ। ਪਿਆਸ ਲੱਗੀ ਹੈ, ਮਨੋਜ ਨੇ ਬਾਈਕ ਸਾਈਡ ਤੇ ਲਗਾ ਦਿੱਤੀ। ਮਨੋਜ ਠੰਡੇ ਪਾਣੀ ਦੀਆਂ ਦੋ ਬੋਤਲਾਂ ਲੈ ਆਇਆ। ਇਕ ਬੋਤਲ ਅੰਸ਼ੂ ਨੂੰ ਦਿੱਤੀ, ਦੂਜੀ ਖੁਦ ਮੂੰਹ ਨਾਲ ਲਗਾ ਲਈ। ਉਸ ਤੋਂ ਬਾਅਦ ਬੋਲਿਆ, ਅੰਸ਼ੂ ਪਹਿਲਾਂ ਅਸੀਂ ਅਤੇ ਸਾਡਾ ਪਰਿਵਾਰ ਦੋਸਤ ਸੀ, ਅੱਜ ਦੁਸ਼ਮਣ ਬਣ ਗਏ। ਇਹ ਸਭ ਤੁਹਾਨੂੰ ਚੰਗਾ ਲੱਗਦਾ ਹੈ ?

ਚੰਗਾ ਤਾਂ ਨਹੀਂ ਲੱਗਦਾ, ਅੰਸ਼ੂ ਨੇ ਲਾਚਾਰੀ ਪ੍ਰਗਟ ਕੀਤੀ, ਪਰ ਮੈਂ ਕਰ ਵੀ ਕੀ ਸਕਦੀ ਹਾਂ। ਹਾਲਾਂਕਿ ਸ਼ਿਵਪੁਰੀ ਵਿੱਚ ਰਾਮਵਿਲਾਸ ਦੇ ਵੀ ਸਮਰਥਕ ਅਤੇ ਆਲੋਚਕ ਸਨ, ਪਰ ਉਹਨਾਂ ਦਾ ਸਮਰਥਨ ਅਤੇ ਵਿਰੋਧ ਨਿੱਜੀ ਨਾ ਹੋ ਕੇ ਨੀਤੀਬੱਧ ਸੀ। ਜਦਕਿ ਸੁਰੇਸ਼ ਵਰਮਾ, ਬੇਲਾ ਦੇਵੀ, ਸੁਸ਼ੀਲ ਅਤੇ ਰਾਕੇਸ਼ ਆਦਿ ਚੋਣਾਂ ਵਿੱਚ ਬਾਬੂ ਲਾਲ ਨੂੰ ਹਰਾ ਕੇ ਨਿੱਜੀ ਵੈਰ ਨੂੰ ਪਕਾਉਣ ਦਾ ਇਰਾਦਾ ਰੱਖਦੇ ਸਨ।ਇਸ ਦਰਮਿਆਨ ਪੰਚਾਇਤ ਦੀਆਂ ਚੋਣਾਂ ਹੋਈਆਂ। ਮਨੋਜ ਦੇ ਪਿਤਾ ਬਾਬੂਲਾਲ ਨੇ ਵੀ ਇਹ ਚੋਣ ਲੜੀ

ਬਾਬੂ ਲਾਲ ਦੇ ਜਿੰਨੇ ਵੀ ਵਿਰੋਧ ਸਨ, ਸਭ ਨੂੰ ਰਾਮਵਿਲਾਸ ਦੇ ਪੱਖ ਵਿੱਚ ਖੜ੍ਹਾ ਕੀਤਾ ਗਿਆ। ਨਿਰਪੱਖ ਪਿੰਡ ਵਾਲਿਆਂ ਨੂੰ ਵੀ ਰਾਮਵਿਲਾਸ ਦੇ ਪੱਖ ਵਿੱਚ ਵੋਟਿੰਗ ਕਰਨ ਦੇ ਲਈ ਪ੍ਰੇਰਿਤ ਕੀਤਾ ਗਿਆ।

ਇਕੱਲਾ ਮਨੋਜ ਸਾਰਿਆਂ ਤੇ ਭਾਰੀ ਪਿਆ। ਵਿਰੋਧੀਆਂ ਦੀ ਹਰ ਕਾਟ ਪਹਿਲਾਂ ਤੋਂ ਤਿਆਰ ਸੀ। ਅਖੀਰ ਵੋਟਾਂ ਤੋਂ ਬਾਅਦ ਜਦੋਂ ਗਿਣਤੀ ਹੋਈ ਤਾਂ ਨਤੀਜਾ ਬਾਬੂਲਾਲ ਦੇ ਪੱਖ ਵਿੱਚ ਗਿਆ। ਰਾਮਵਿਲਾਸ ਨੂੰ ਭਾਰੀ ਅੰਤਰ ਨਾਲ ਹਰਾ ਕੇ ਉਹ ਸ਼ਿਵਪੁਰੀ ਪਿੰਡ ਦਾ ਨਵਾਂ ਪ੍ਰਧਾਨ ਬਣ ਗਿਆ।

ਇਸ ਹਾਰ ਕਾਰਨ ਵਿਰੋਧੀ ਤੜਫ਼ ਗਏ ਤਾਂ ਬਾਬੂਲਾਲ ਦੀ ਜਿੱਤ ਕਾਰਨ ਮਨੋਜ ਦਾ ਰੁਤਬਾ ਵੱਧ ਗਿਆ। ਸਭ ਦਾ ਮੰਨਣਾ ਸੀ ਕਿ ਮਨੋਜ ਨੇ ਕੁਸ਼ਲਤਾ ਨਾਲ ਚੋਣ ਪ੍ਰਬੰਧਨ ਨਾ ਕੀਤਾ ਹੁੰਦਾ ਤਾਂ ਬਾਬੂਲਾਲ ਚੋਣਾਂ ਨਾ ਜਿੱਤ ਸਕਦਾ। ਖੁਦ ਬਾਬੂਲਾਲ ਨੇ ਆਪਣੀ ਜਿੱਤ ਦਾ ਸਿਹਰਾ ਮਨੋਜ ਨੂੰ ਦਿੱਤਾ।

ਚੋਣਾਂ ਦਾ ਐਲਾਨ ਹੋਣ ਕਾਰ ਨਤੀਜੇ ਆਉਣ ਤੱਕ ਮਨੋਜ ਬਹੁਤ ਬਿਜ਼ੀ ਸੀ, ਇਸ ਕਰ ਕੇ ਅੰਸ਼ੂ ਨਾਲ ਮੇਲ-ਮਿਲਾਪ ਨਾ ਹੋ ਸਕਿਆ।

ਜਿੱਤ ਦਾ ਜਸ਼ਨ ਖਤਮ ਹੋ ਗਿਆ ਤਾਂ ਅੰਸ਼ੂ ਅਤੇ ਮਨੋਜ ਕਦੀ ਪਿੰਡ ਦੇ ਬਾਹਰ ਅਤੇ ਕਦੀ ਪਿੰਡ ਵਿੱਚ ਮਿਲਣ ਲੱਗੇ। ਅੰਸ਼ੂ ਨੂੰ ਪਿਤਾ ਦੇ ਯਤਨ ਧੂੜ ਵਿੱਚ ਮਿਲਣ ਦਾ ਦੁੱਖ ਨਹੀਂ, ਬਾਬੂਲਾਲ ਦੇ ਜਿੱਤਣ ਦੀ ਖੁਸ਼ੀ ਸੀ। ਮਨੋਜ ਅਤੇ ਅੰਸ਼ੂ ਪਰਿਵਾਰਕ ਰੰਜਸ਼ ਨੂੰ ਖਤਮ ਕਰਨ ਦੇ ਮਨਸੂਬੇ ਬਣਾ ਰਹੇ ਸਨ, ਜਦਕਿ ਰੰਜਸ਼ ਖਤਮ ਜਾਂ ਘੱਟ ਹੋਣ ਦੀ ਬਜਾਏ ਵਧਦੀ ਜਾ ਰਹੀ ਸੀ। ਕਿਉਂਕਿ ਹੁਣ ਰਾਮਵਿਲਾਸ ਅਤੇ ਰਾਜਾਰਾਮ ਵਰਮਾ ਵੀ ਸੁਰੇਸ਼ ਦੇ ਮੋਢੇ ਨਾਲ ਮੋਢਾ ਮਿਲਾ ਕੇ ਖੜ੍ਹੇ ਸਨ ਅਤੇ ਲੋਧੀ ਪਰਿਵਰ ਨੂੰ ਹਰ ਮੋਰਚੇ ਤੇ ਨੀਚਾ ਦਿਖਾਉਣਾ ਚਾਹੁੰਦੇ ਸਨ, ਸੋ ਸੁਰੇਸ਼ ਦਾ ਹੌਸਲਾ ਬੁਲੰਦ ਸੀ। ਬੇਲਾ ਦੇਵੀ, ਸੁਸ਼ੀਲ ਅਤੇ ਰਾਕੇਸ਼ ਵੀ ਉਸਨੂੰ ਉਕਸਾਉਂਦੇ ਰਹਿੰਦੇ ਸਨ, ਚਿੰਤਾ ਨਾ ਕਰੋ, ਅਸੀਂ ਵੀ ਤੁਹਾਡੇ ਨਾਲ ਹਾਂ। ਤੁਸੀਂ ਤਾਂ ਬੱਸ ਡਟੇ ਰਹੋ, ਦੀਵਾਨੀ ਜਾਂ ਫ਼ੌਜਦਾਰੀ ਜੋ ਵੀ ਹੋਵੇ, ਅਸੀਂ ਸਭ ਮਿਲ ਕੇ ਦੁਸ਼ਮਣ ਨਾਲ ਨਿਪਟ ਲਵਾਂਗੇ।ਸਾਲ ਡੇਢ ਸਾਲ ਇਸੇ ਤਰ੍ਹਾਂ ਬੀਤ ਗਿਆ। ਫ਼ਿਰ ਆਇਆ ਦੁਸ਼ਮਣੀ ਇਸ ਕਹਾਣੀ ਵਿੱਚ ਨਵਾਂ ਮੋੜ।

ਇਕ ਦਿਨ ਸੁਰੇਸ਼ ਨੇ ਲਖਨਊ ਵਿੱਚ ਅੰਸ਼ੂ ਅਤੇ ਮਨੋਜ ਨੂੰ ਇਕੱਠਿਆਂ ਘੁੰਮਦੇ ਦੇਖ ਲਿਆ। ਅੰਸ਼ੂ ਬਾਈਕ ਤੇ ਮਨੋਜ ਦੇ ਪਿੱਛੇ ਬੈਠੀ ਸੀ। ਉਹ ਸੱਜਾ ਹੱਥ ਮਨੋਜ ਦੀ ਕਮਲ ਵਿੱਚ ਲਪੇਟੀ ਬੈਠੀ ਸੀ ਅਤੇ ਸਿਰ ਮੋਢੇ ਨਾਲ ਲਗਾਇਆ ਹੋਇਆ ਸੀ।

ਬਾਈਕ ਸੁਰੇਸ਼ ਦੇ ਸਾਹਮਣੇ ਤੋਂ ਲੰਘ ਗਈ, ਕਿਉਂਕਿ ਉਹ ਪੈਦਲ ਸੀ, ਇਯ ਕਰ ਕੇ ਕੁਝ ਨਾਂ ਕਰ ਸਕਿਆ। ਸੁਰੇਸ਼ ਪਿੰਡ ਪਹੁੰਚਿਆ ਤਾਂ ਉਦੋਂ ਤੱਕ ਅੰਸ਼ੂ ਘਰ ਆ ਚੁੱਕੀ ਸੀ। ਮਕਾਨ ਵਿੱਚ ਦਾਖਲ ਹੁੰਦੇ ਹੀ ਸੁਰੇਸ਼ ਨੇ ਅੰਸ਼ੂ ਨੂੰ ਪਕੜ ਲਿਆ ਅਤੇ ਉਸ ਨੂੰ ਗਾਲਾਂ ਕੱਢੀਆਂ।ਜਿਸਦੇ ਦਿਲ ਵਿੱਚ ਪ੍ਰੇਮ ਦਾ ਜਜ਼ਬਾ ਹੋਵੇ, ਉਹ ਬੇਫ਼ਿਕਰ ਹੋ ਜਾਂਦਾ ਹੈ। ਅੰਸ਼ੂ ਪਹਿਲਾਂ ਥੋੜ੍ਹਾ ਡਰੀ ਫ਼ਿਰ ਸਾਰੀ ਪ੍ਰਸਥਿਤੀ ਦਾ ਸਾਹਮਣਾ ਪੂਰੀ ਤਾਕਤ ਨਾਲ ਕੀਤਾ ਅਤੇ ਪਿਤਾ ਨੂੰ ਕਿਹਾ ਕਿ ਉਹ ਮਨੋਜ ਨਾਲ ਵਿਆਹ ਕਰਵਾਏਗੀ। ਅੰਸ਼ੂ ਨੇ ਸ਼ਰਮ ਨਾਲ ਨਜ਼ਰਾਂ ਹੇਠਾਂ ਤਾਂ ਕੀਤੀਆਂ ਪਰ ਦਿਲ ਵਿੱਚ ਪੂਰੀ ਤਾਕਤ ਸੀ। ਪਿਆਰ ਉਹ ਵੀ ਦੁਸ਼ਮਣ ਨਾਲ, ਹੁਣ ਤਾਂ ਤਬਾਹੀ ਹੀ ਮਚਣ ਵਾਲੀ ਸੀ।ਸੁਰੇਸ਼ ਦੇ ਲਈ ਬਰਦਾਸ਼ਤ ਕਰਨਾ ਮੁਸ਼ਕਿਲ ਸੀ। ਉਸਨੇ ਅੰਸ਼ੂ ਨੂੰ ਖੂਬ ਕੁੱਟਿਆ ਅਤੇ ਫ਼ਿਰ ਲਾਠੀ ਲੈ ਕੇ ਮਨੋਜ ਦੇ ਦਰਵਾਜ਼ੇ ਤੇ ਪਹੁੰਚ ਗਿਆ। ਉਦੋਂ ਮਨੋਜ ਜਾਂ ਕੋਈ ਹੋਰ ਘਰ ਨਹੀਂ ਸੀ। ਮਾਂ-ਭੈਣ ਨਾਲਆਪਣੇ ਮਿੱਠੇ ਰਿਸ਼ਤੇ ਜੋੜੇ ਅਤੇ ਫ਼ਿਰ ਮਨੋਜ ਦਾ ਖੂਨ ਪੀ ਜਾਣ ਦੀ ਧਮਕੀ ਦਿੱਤੀ।ਕੁਝ ਦੇਰ ਬਾਅਦ ਮਨੋਜ ਘਰ ਆਇਆ ਤਾਂ ਉਸਨੂੰ ਪਤਾ ਲੱਗਿਆ। ਉਸਨੂੰ ਵੀ ਕਿੱਥੇ ਬਰਦਾਸ਼ਤ ਸੀ ਕਿ ਕੋਈ ਉਸਨੂੰ ਘਰੇ ਆ ਕੇ ਧਮਕੀਆਂ ਦੇਵੇ। ਉਸ ਤੁਰੰਤ ਸੁਰੇਸ਼ ਦੇ ਦਰਵਾਜ਼ੇ ਤੇ ਗਿਆ ਅਤੇ ਧਮਕੀ ਦਿੱਤੀ। ਸ਼ੋਰ ਸੁਣ ਕੇ ਪਿੰਡ ਵਾਲੇ ਇਕੱਠੇ ਹੋ ਗਏ।



ਕਹਿੰਦੇ ਹਨ ਕਿ ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ। ਇਸੇ ਨੀਤੀ ਦਾ ਲਾਭ ਉਠਾਉਂਦੇ ਹੋਏ ਸੁਰੇਸ਼ ਰਾਮਵਿਲਾਸ ਨੂੰ ਜਾ ਕੇ ਮਿਲਿਆ। ਰਾਮਵਿਲਾਸ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਪਹਿਲਾਂ ਹੀ ਸੀ। ਉਸਨੇ ਹਰ ਕਦਮ ਤੇ ਸੁਰੇਸ਼ ਦਾ ਸਾਥ ਦੇਣ ਦਾ ਭਰੋਸਾ ਦਿੱਤਾ।

ਯੋਜਨਾ ਨੂੰ ਹੋਰ ਪੁਖਤਾ ਬਣਾਉਣ ਦੇ ਲਈ ਰਾਜਾਰਾਮ ਨੇ ਬੇਲਾ ਦੇਵੀ, ਸੁਸ਼ੀਲ ਅਤੇ ਰਾਕੇਸ਼ ਨੂੰ ਵੀ ਸਾਜਿਸ਼ ਵਿੱਚ ਸ਼ਾਮਲ ਕਰਨ ਦੀ ਸਲਾਹ ਦਿੱਤੀ। ਇਹਨਾਂ ਤਿੰਨਾਂ ਨੂੰ ਬੁਲਾ ਕੇ ਗੱਲ ਕੀਤੀ ਗਈ ਤਾਂ ਉਹ ਮਨੋਜ ਦੀ ਹੱਤਿਆ ਵਿੱਚ ਸਾਥ ਦੇਣ ਅਤੇ ਖੁਦ ਮਹੱਤਵਪੂਰਨ ਭੂਮਿਕਾ ਨਿਭਾਉਣ ਲਈ ਰਾਜ਼ੀ ਹੋ ਗਏ।

ਰਾਜਾਰਾਮ ਨੂੰ ਪਤਾ ਸੀ ਕਿ ਮਨੋਜ ਘਰੇ ਨਹੀਂ ਬਲਕਿ ਪਿੰਡ ਦੇ ਕਿਨਾਰੇ ਬਣੇ ਆਪਣੇ ਅਹਾਤੇ ਵਿੱਚ ਸੌਂਦਾ ਹੈ। ਅੱਧੀ ਰਾਤ ਨੂੰ ਉਥੇ ਉਸਦਾ ਕੰਮ ਤਮਾਮ ਕਰਨ ਦੀ ਯੋਜਨਾ ਬਣਾਈ ਗਈ।

5 ਅਪ੍ਰੈਲ ਦੀ ਦੇਰ ਸ਼ਾਮ ਨੂੰ ਸਾਰੇ ਰਾਜਾਰਾਮ ਦੇ ਫ਼ਾਰਮ ਹਾਊਸ ਤੇ ਇਕੱਠੇ ਹੋਏ। ਉਥੇ ਉਹਨਾਂ ਸਾਰਿਆਂ ਦੀ ਦਾਅਵਤ ਲਈ ਰਾਜਾਰਾਮ ਨੇ ਬੱਕਰਾ ਕਟਵਾਇਆ ਸੀ ਅਤੇ ਸ਼ਰਾਰਬ ਦੀ ਵਿਵਸਥਾ ਕੀਤੀ ਸੀ।ਅੱਧੀ ਰਾਤ ਤੱਕ ਖਾਣ-ਪੀਣ ਦਾ ਦੌਰ ਜਾਰੀ ਰਿਹਾ, ਇਸ ਤੋਂ ਬਾਅਦ ਬੇਲਾ ਦੇਵੀ ਅਤੇ ਰਾਜਾਰਾਮ ਫ਼ਾਰਮ ਹਾਊਸ ਤੇ ਰਹੇ, ਜਦਕਿ ਰਾਮਵਿਲਾਸ, ਸੁਰੇਸ਼, ਸੁਸ਼ੀਲ ਅਤੇ ਰਾਕੇਸ਼ ਲੋਹੇ ਦੀਆਂ ਰਾਡਾਂ, ਚਾਕੂ ਆਦਿ ਹਥਿਆਰਾਂ ਨਾਲ ਲੈਸ ਹੋ ਕੇ ਮਿਸ਼ਨ ਤੇ ਨਿਕਲ ਗਏ। ਖੇਤਾਂ ਵਿੱਚੋਂ ਨਿਕਲਦੀਆਂ ਪਗਡੰਡੀਆਂ ਤੋਂ ਹੁੰਦੇ ਹੋਏ ਉਹ ਸ਼ਿਵਪੁਰੀ ਪਿੰਡ ਸਥਿਤ ਅਹਾਤੇ ਵਿੱਚ ਪਹੁੰਚੇ, ਜਿੱਥੇ ਮਨੋਜ ਬੇਖਬਰ ਸੌਂ ਰਿਹਾ ਸੀ। ਦੱਬੇ ਪੈਰ ਚਾਰਪਾਈ ਦੇ ਕੋਲ ਪਹੁੰਚ ਕੇ ਲੋਹੇ ਦੀਆਂ ਰਾਡਾਂ ਨਾਲ ਮਨੋਜ ਦੇ ਸਿਰ ਨੂੰ ਨਿਸ਼ਾਨਾ ਬਣਾ ਕੇ ਵਾਰ ਕੀਤੇ। ਪਹਿਲੇ ਹੀ ਵਾਰ ਵਿੱਚ ਮਨੋਜ ਦਾ ਸਿਰ ਫ਼ਟ ਗਿਆ। ਡੂੰਘੀ ਸੱਟ ਕਾਰਨ ਉਸਦੀ ਆਵਾਜ਼ ਬੰਦ ਹੋ ਗਈ। ਸਿਰ ਤੇ ਕੁਝ ਹੋਰ ਘਾਤਕ ਹਮਲਿਆਂ ਤੋਂ ਬਾਅਦ ਉਸਦੇ ਸਰੀਰ ਨੂੰ ਚਾਕੂਆਂ ਨਾਲ ਪਰੋ ਦਿੱਤਾ। ਮਨੋਜ ਚਾਰਪਾਈ ਤੇ ਹੀ ਤੜਫ਼-ਤੜਫ਼ ਕੇ ਮਰ ਗਿਆ ਤਾਂ ਉਹ ਚਾਰੇ ਉਥੋਂ ਨਿਕਲ ਗਏ। ਸਵੇਰੇ ਮਨੋਜ ਮੁਰਦਾ ਪਾਇਆ ਗਿਆ ਅਤੇ ਮਾਰਨ ਵਾਲਿਆਂ ਤੇ ਵੀ ਦੋਸ਼ ਲੱਗਣ ਲੱਗੇ ਤਾਂ ਪੁਲਿਸ ਦੀ ਪਕੜ ਤੋਂ ਬਚਣ ਲਈ ਉਹ ਫ਼ਰਾਰ ਹੋ ਗਏ।

# ਸਿਹਤ ਸੰਸਾਰ



## ਭੁੱਲ ਕੇ ਵੀ ਨਾ ਪੀਓ ਠੰਢਾ ਪਾਣੀ



ਠੰਢਾ ਪਾਣੀ ਪੀਣ ਨਾਲ ਸਰੀਰ ਨੂੰ ਕਈ ਤਰ੍ਹਾਂ ਦਾ ਨੁਕਸਾਨ ਹੁੰਦਾ ਹੈ। ਇੱਕ ਤਾਂ ਖੰਘ ਦੀ ਸਮੱਸਿਆ ਰਹਿੰਦੀ ਹੈ। ਇਸ ਤੋਂ ਇਲਾਵਾ ਪੇਟ ਨੂੰ ਵੀ ਨੁਕਸਾਨ ਪਹੁੰਚਦਾ ਹੈ। ਠੰਢਾ ਪਾਣੀ ਪੀਣ ਨਾਲ ਖਾਣਾ ਪਚਾਉਣ 'ਚ ਵੀ ਦਿੱਕਤ ਆਉਂਦੀ ਹੈ। ਇਸ ਦੇ ਨਾਲ ਹੀ ਪੇਟ ਦਰਦ ਤੇ ਜੀਅ ਕੱਚਾ ਹੋਣ ਦੀ ਸਮੱਸਿਆ ਵੀ ਹੋ ਜਾਂਦੀ ਹੈ। ਠੰਢੇ ਪਾਣੀ ਦਾ ਤਾਪਮਾਨ ਬਾਹਰ ਦੇ ਤਾਪਮਾਨ ਤੋਂ ਵੱਖ ਹੋਣ ਕਾਰਨ ਪੇਟ 'ਚ ਮੌਜੂਦ ਖਾਣੇ ਨੂੰ ਪਚਾਉਣ 'ਚ ਦਿੱਕਤ ਹੁੰਦੀ ਹੈ। ਇਸ ਕਾਰਨ ਪੇਟ ਦਰਦ ਦੀ ਸ਼ਿਕਾਇਤ ਹੋ ਸਕਦੀ ਹੈ। ਬਰਫ ਵਾਲਾ ਪਾਣੀ ਪੀਣ ਜਾਂ ਫਿਰ ਆਈਸ ਕ੍ਰੀਮ ਦਾ ਜ਼ਿਆਦਾ ਸੇਵਨ ਕਰਨ 'ਤੇ ਸਿਰ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਦਰਅਸਲ ਠੰਢਾ ਪਾਣੀ ਸਪਾਇਨ ਦੀਆਂ ਸੈਂਸਟਿਵ ਨਾੜਾਂ ਨੂੰ ਠੰਢਾ ਕਰ ਦਿੰਦਾ ਹੈ। ਇਸ ਨਾਲ ਇਹ ਦਿਮਾਗ 'ਤੇ ਅਸਰ ਪਾਉਂਦੀਆਂ ਹਨ। ਇਸ ਵਜ੍ਹਾ ਨਾਲ ਸਿਰ ਦਰਦ ਹੁੰਦਾ ਹੈ। ਸਰੀਰ 'ਚ ਇੱਕ ਨੇਗਸ ਨਾਂ ਦੀ ਨਾੜੀ ਹੁੰਦੀ ਹੈ ਜਿਸ ਨੂੰ ਸਰੀਰ 'ਚ ਸਭ ਤੋਂ ਲੰਬੀ ਕਾਰਨੀਵਲ ਨਰਵ ਵੀ ਕਿਹਾ ਜਾਂਦਾ ਹੈ ਜੋ ਗਰਦਨ ਤੋਂ ਹੁੰਦਿਆਂ ਹੋਇਆ ਦਿਲ, ਫੇਫੜੇ ਤੇ ਡਾਇਜੈਸਟਿਵ ਸਿਸਟਮ ਨੂੰ ਕੰਟਰੋਲ ਕਰਦੀ ਹੈ। ਜ਼ਿਆਦਾ ਠੰਢਾ ਪਾਣੀ ਪੀਣ 'ਤੇ ਨਰਵ ਠੰਢੀ ਹੋ ਕੇ ਹਾਰਟ ਰੇਟ ਨੂੰ ਹੌਲੀ ਕਰਦੀ ਹੈ, ਜਦੋਂ ਤੱਕ ਇਹ ਪਾਣੀ ਸਰੀਰ ਦੇ ਅਨੁਕੂਲ ਨਹੀਂ ਹੋ ਜਾਂਦਾ। ਜੇਕਰ ਆਮ ਤਾਪਮਾਨ ਵਾਲਾ ਪਾਣੀ ਪੀਤਾ ਜਾਵੇ ਤਾਂ ਕਬਜ਼ ਦੀ ਪ੍ਰੇਸ਼ਾਨੀ ਵੀ ਘੱਟ ਹੁੰਦੀ ਹੈ ਕਿਉਂਕਿ ਸਾਲਿਡ ਫੂਡ ਡਾਇਜੈਸਟ ਹੋਣ 'ਚ ਸਮਾਂ ਲੱਗਦਾ ਹੈ ਤੇ ਜ਼ਿਆਦਾ ਠੰਡਾ ਪਾਣੀ ਖਾਣਾ ਪਚਾਉਣ ਤੋਂ ਅਸਮਰੱਥ ਹੁੰਦਾ ਹੈ ਜਿਸ ਕਾਰਨ ਕਬਜ਼ ਦੀ ਸ਼ਿਕਾਇਤ ਹੁੰਦੀ ਹੈ।

## ਜ਼ਿਆਦਾ ਫੋਨ ਵਰਤਦੇ ਹੋ ਤਾਂ ਹੋ ਜਾਓ ਖ਼ਬਰਦਾਰ !



ਕਿਸ਼ੋਰਾਂ ਤੇ ਬੱਚਿਆਂ ਦੇ ਜ਼ਿਆਦਾ ਸਮੇਂ ਤਕ ਫੋਨ 'ਤੇ ਲੱਗੇ ਰਹਿਣ ਨਾਲ ਉਨ੍ਹਾਂ ਦੇ ਦਿਮਾਗ 'ਤੇ ਬੁਰਾ ਅਸਰ ਪੈ ਸਕਦਾ ਹੈ। ਇਨ੍ਹਾਂ ਵਿੱਚ ਡੈਫੀਸਿਟ ਹਾਈਪਰਐਕਟੀਵਿਟੀ ਡਿਸਆਰਡਰ (ਏਡੀਐਚਡੀ) ਦੇ ਲੱਛਣ ਪੈਦਾ ਹੋ ਸਕਦੇ ਹਨ। ਹਾਲ ਹੀ ਵਿੱਚ ਹੋਈ ਖੋਜ ਮੁਤਾਬਕ ਅਕਸਰ ਡਿਜੀਟਲ ਮੀਡੀਆ ਵਰਤਣ ਵਾਲਿਆਂ ਵਿੱਚ ਏਡੀਐਚਡੀ ਦੇ ਲੱਛਣ ਲਗਪਗ 10 ਫੀਸਦੀ ਤੋਂ ਵੱਧ ਹੁੰਦੇ ਹਨ। ਲੜਕੀਆਂ ਦੇ ਮੁਕਾਬਲੇ ਲੜਕਿਆਂ ਵਿੱਚ ਇਹ ਜ਼ੋਖਮ ਵਧੇਰੇ ਹੁੰਦਾ ਹੈ ਤੇ ਉਨ੍ਹਾਂ ਕਿਸ਼ੋਰਾਂ ਵਿੱਚ ਇਸ ਸਮੱਸਿਆ ਹੋਰ ਵੱਧ ਹੁੰਦੀ ਹੈ, ਜੋ ਪਹਿਲਾਂ ਕਦੀ ਤਣਾਓ ਦਾ ਸ਼ਿਕਾਰ ਰਹਿ ਚੁੱਕੇ ਹੋਣ। ਏਡੀਐਚਡੀ ਦੀ ਸਮੱਸਿਆ ਕਾਰਨ ਕਿਸ਼ੋਰਾਂ 'ਤੇ ਸਕੂਲ ਵਿੱਚ ਖਰਾਬ ਪ੍ਰਦਰਸ਼ਨ ਸਣੇ ਕਈ ਨਕਾਰਾਤਮਕ ਅਸਰ ਪੈਂਦੇ ਹਨ, ਜਿਸ ਕਾਰਨ ਗਲਤ ਕੰਮਾਂ ਵਿੱਚ ਦਿਲਚਸਪੀ, ਨਸ਼ਾਖੋਰੀ ਤੇ ਕਾਨੂੰਨੀ ਸਮੱਸਿਆਵਾਂ ਵਿੱਚ ਵਾਧਾ ਹੋ ਸਕਦਾ ਹੈ। ਹਾਰਟ ਕੇਅਰ ਫਾਊਂਡੇਸ਼ਨ (ਐਚਸੀਐਫਆਈ) ਦੇ ਪ੍ਰਧਾਨ ਡਾ. ਕੇਕੇ ਅਗਰਵਾਲ ਨੇ ਦੱਸਿਆ ਕਿ ਸਮਾਰਟਫੋਨ ਦੀ ਜ਼ਿਆਦਾ ਵਰਤੋਂ ਨਾਲ ਨੀਂਦ ਟੁੱਟਣ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਲੋਕ ਸੌਣ ਤੋਂ ਪਹਿਲਾਂ ਬਿਸਤਰੇ 'ਤੇ 30 ਤੋਂ 60 ਮਿੰਟ ਬਿਤਾਉਂਦੇ ਹਨ। ਉਨ੍ਹਾਂ ਕਿਹਾ ਕਿ ਮੋਬਾਈਲ ਫੋਨ ਵਰਤਣ ਨਾਲ ਸਬੰਧਤ ਬਿਮਾਰੀਆਂ ਦਾ ਨਵਾਂ ਸਪੈਟਰਮ ਨੋਟਿਸ 'ਚ ਆਇਆ ਹੈ ਤੇ ਅਨੁਮਾਨ ਲਾਇਆ ਜਾ ਰਿਹਾ ਹੈ ਕਿ 10 ਸਾਲਾਂ ਵਿੱਚ ਇਹ ਸਮੱਸਿਆ ਮਹਾਂਮਾਰੀ ਦੀ ਰੂਪ ਧਾਰਨ ਕਰ ਲਏਗੀ। ਏਡੀਐਚਡੀ ਦੇ ਕੁਝ ਸਭ ਤੋਂ ਆਮ ਲੱਛਣਾਂ ਵਿੱਚ ਧਿਆਨ ਨਾ ਦੇ ਪਾਉਣਾ (ਆਸਾਨੀ ਨਾਲ ਵਿਚਲਿਤ ਹੋਣਾ, ਵਿਵਸਥਿਤ ਹੋਣ 'ਚ ਕਠਨਾਈ, ਚੀਜ਼ਾਂ ਨੂੰ ਯਾਦ ਰੱਖਣ ਵਿੱਚ ਕਠਨਾਈ ਆਦਿ), ਹਾਈਪਰਐਕਟੀਵਿਟੀ (ਸ਼ਾਂਤ ਹੋ ਕੇ ਬੈਠਣ ਵਿੱਚ ਕਠਨਾਈ) ਤੇ ਅਚਾਨਕ ਕੁਝ ਕਰ ਬੈਠਣਾ (ਸੰਭਾਵੀ ਪ੍ਰਣਾਮ ਸੋਚੇ ਬਿਨਾਂ ਫੈਸਲਾ ਲੈਣਾ) ਸ਼ਾਮਲ ਹਨ।

## ਗਰਭਵਤੀ ਮਹਿਲਾਵਾਂ ਲਈ ਇਹ ਸਭ ਤੋਂ ਵੱਡਾ ਖਤਰਾ !

ਗਰਭਵਤੀ ਮਹਿਲਾਵਾਂ ਨੂੰ ਗਰਭਅਵਸਥਾ 'ਚ ਕਾਫੀ ਸਾਵਧਾਨੀ ਵਰਤਣੀ ਪੈਂਦੀ ਹੈ। ਇਸ ਸਬੰਧੀ ਰਿਸਰਚ ਸਾਹਮਣੇ ਆਈ ਹੈ।

ਰਿਸਰਚ ਮੁਤਾਬਕ ਗਰਭਵਤੀ ਮਹਿਲਾਵਾਂ ਡੀਡੀਟੀ ਯਾਨੀ ਮੱਛਰ ਮਾਰਨ ਵਾਲੇ ਕੈਮੀਕਲ ਸਪਰੇਅ ਦੇ ਸੰਪਰਕ 'ਚ ਆਉਂਦੀਆਂ ਹਨ ਤਾਂ ਉਨ੍ਹਾਂ ਦੇ ਹੋਣ ਵਾਲੇ ਬੱਚੇ ਨੂੰ ਆਟਿਜ਼ਮ ਹੋਣ ਦਾ ਖ਼ਤਰਾ ਦੁੱਗਣਾ ਵਧ ਜਾਂਦਾ ਹੈ।

ਇਨਵਾਇਰਮੈਂਟ ਵਰਕਿੰਗ ਗਰੁੱਪ ਦੀ ਰਿਪੋਰਟ 'ਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਬੈਕਟੀਰੀਆ ਨੂੰ ਮਾਰਨ ਵਾਲੇ ਕੈਮੀਕਲਸ ਨਾਲ ਮਰਦਾਂ 'ਚ ਕੈਂਸਰ ਤੱਕ ਦੇਖਿਆ ਗਿਆ ਹੈ।

ਰਿਸਰਚ ਵਿਚ 10 ਲੱਖ ਮਹਿਲਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ਜਿਸ 'ਚ ਸਾਹਮਣੇ ਆਇਆ ਕਿ ਡੀਡੀਟੀ ਸਪਰੇਅ ਦਾ ਗਰਭਵਤੀ ਮਹਿਲਾਵਾਂ 'ਤੇ ਕੀ ਅਸਰ ਪਿਆ ਹੈ।

ਦੱਸ ਦੇਈਏ ਕਿ ਮੱਛਰ ਮਾਰਨ ਵਾਲਾ ਕੈਮੀਕਲ ਸਪਰੇਅ 30 ਸਾਲ ਤੋਂ ਕਈ ਦੇਸ਼ਾਂ 'ਚ ਬੈਨ ਹੈ ਕਿਉਂਕਿ ਇਹ ਨਾ ਸਿਰਫ ਲੰਮੇ ਸਮੇਂ ਤੱਕ ਵਾਤਾਵਰਣ ਦੂਸ਼ਿਤ ਕਰਦਾ ਹੈ ਸਗੋਂ ਲੋਕਾਂ ਨੂੰ ਇਸ ਤੋਂ ਕਈ ਬਿਮਾਰੀਆਂ ਲੱਗਦੀਆਂ ਹਨ।

ਡੀਡੀਟੀ ਸਪਰੇਅ ਨਾਲ ਕੈਂਸਰ ਤੇ ਗਰਭਵਤੀ ਮਹਿਲਾਵਾਂ ਦੇ ਬੱਚਿਆਂ ਨੂੰ ਆਟਿਜ਼ਮ ਤੋਂ ਇਲਾਵਾ ਦੌਰੇ ਪੈਣੇ ਤੇ ਸਰੀਰ 'ਚ ਝਟਕੇ ਆਉਣ ਜਿਹੀਆਂ ਸਮੱਸਿਆਵਾਂ ਹੁੰਦੀਆਂ ਹਨ।

## ਸਾਵਧਾਨ ! ਇਹ ਨੀਲੀ ਰੌਸ਼ਨੀ ਕਰ ਸਕਦੀ ਜ਼ਿੰਦਗੀ ਬਰਬਾਦ

ਡਿਜੀਟਲ ਡਿਵਾਈਸਿਜ਼ ਵਿੱਚੋਂ ਨਿਕਲਣ ਵਾਲੀ ਨੀਲੀ ਰੌਸ਼ਨੀ ਅੰਨ੍ਹੇਪਣ ਦਾ ਕਾਰਨ ਬਣ ਸਕਦੀ ਹੈ। ਹਾਲ ਹੀ ਵਿੱਚ ਹੋਈ ਇੱਕ ਖੋਜ ਵਿੱਚ ਇਸ ਗੱਲ ਦਾ ਖੁਲਾਸਾ ਕੀਤਾ ਗਿਆ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਟੋਲੇਡੋ ਵਿੱਚ ਕੀਤੀ ਖੋਜ ਮੁਤਾਬਕ ਲਗਾਤਾਰ ਨੀਲੀ ਰੌਸ਼ਨੀ ਦੇਖਣ ਨਾਲ ਅੱਖਾਂ ਦੀਆਂ ਸੰਵੇਦਨਸ਼ੀਲ ਕੋਸ਼ਿਕਾਵਾਂ ਵਿੱਚ ਜ਼ਹਿਰੀਲੇ ਬੈਕਟੀਰੀਆਂ ਪੈਦਾ ਹੋ ਸਕਦੇ ਹਨ। ਇਸ ਨਾਲ ਰੌਸ਼ਨੀ ਪ੍ਰਤੀ ਸੰਵੇਦਨਸ਼ੀਲ ਫੋਟੋਰਿਸੈਪਟਰ ਕੋਸ਼ਿਕਾਵਾਂ ਖਤਮ ਹੋ ਜਾਂਦੀਆਂ ਹਨ ਜੋ ਬਾਅਦ ਵਿੱਚ ਅੰਨ੍ਹੇਪਣ ਦਾ ਕਾਰਨ ਬਣ ਸਕਦਾ ਹੈ। ਇਹ ਕੋਈ ਰਹੱਸ ਨਹੀਂ ਹੈ ਕਿ ਨੀਲੀ ਰੌਸ਼ਨੀ ਸਾਡੇ ਦੇਖਣ ਦੀ ਸਮਰਥਾ ਨੂੰ ਹਾਨੀ ਪਹੁੰਚਾਉਂਦੀ ਹੈ। ਇਸ ਨਾਲ ਅੱਖਾਂ ਦੇ ਰੈਟੀਨਾ 'ਤੇ ਵੀ ਮਾੜਾ ਅਸਰ ਪੈਂਦਾ ਹੈ।



## ਨਵੀਂ ਖੋਜ 'ਚ ਬੀਅਰ ਪੀਣ ਬਾਰੇ ਹੈਰਾਨੀਜਨਕ ਖੁਲਾਸਾ



ਬੀਅਰ ਪੀਣ ਦੀ ਆਦਤ ਨੂੰ ਲੋਕ ਆਮ ਤੌਰ 'ਤੇ ਸਿਹਤ ਲਈ ਹਾਨੀਕਾਰਨ ਮੰਨਦੇ ਹਨ, ਪਰ ਹਾਲ ਹੀ ਵਿੱਚ ਕੀਤੀ ਖੋਜ ਵਿੱਚ ਇਸ ਦੇ ਬਿਲਕੁਲ ਉਲਟ ਦਾਅਵਾ ਕੀਤਾ ਗਿਆ ਹੈ। ਅਮਰੀਕਨ ਜਨਰਲ ਆਫ ਮੈਡੀਕਲ ਸਾਇੰਸ ਵਿੱਚ ਪ੍ਰਕਾਸ਼ਿਤ ਇਸ ਖੋਜ ਵਿੱਚ ਕਿਹਾ ਗਿਆ ਹੈ ਕਿ ਬੀਅਰ ਪੀਣ ਨਾਲ ਦਿਲ ਦਾ ਦੌਰੇ ਦੇ ਖ਼ਤਰੇ ਵਿੱਚ ਕਮੀ ਆਉਂਦੀ ਹੈ। ਖੋਜਕਾਰਾਂ ਦਾ ਕਹਿਣਾ ਹੈ ਕਿ ਇੱਕ ਤੈਅ ਮਾਤਰਾ ਵਿੱਚ ਬੀਅਰ ਪੀਣ ਨਾਲ ਸਿਹਤ ਸਬੰਧੀ ਅਨੇਕਾਂ ਸਮੱਸਿਆਵਾਂ 'ਤੇ ਕਾਬੂ ਪਾਇਆ ਜਾ ਸਕਦਾ ਹੈ।

## ਪੈਰਾਂ ਦੀ ਮੁਸ਼ਕ ਦੂਰ ਕਰਨ ਲਈ ਅਪਣਾਓ ਇਹ ਤਰੀਕਾ



ਗਰਮੀ ਦੇ ਮੌਸਮ 'ਚ ਸਾਰਾ ਦਿਨ ਜੁੱਤੀ ਪਹਿਨਣ ਤੋਂ ਬਾਅਦ ਪੈਰਾਂ 'ਚ ਪਸੀਨੇ ਦੀ ਮੁਸ਼ਕ ਆਉਣ ਲੱਗ ਜਾਂਦੀ ਹੈ। ਪੈਰਾਂ ਦੇ ਇਸ ਮੁਸ਼ਕ ਨੂੰ ਬ੍ਰੋਮਿਹਾਇਡ੍ਰੋਸਿਸ ਕਹਿੰਦੇ ਹਨ ਜੋ ਲੰਮੇ ਸਮੇਂ ਤੱਕ ਜੁੱਤੇ ਪਹਿਨਣ ਨਾਲ ਹੋ ਜਾਂਦੀ ਹੈ। ਸਰੀਰ 'ਚੋਂ ਆਉਣ ਵਾਲੀ ਪਸੀਨੇ ਦੀ ਦੁਰਗੰਧ ਨੂੰ ਤਾਂ ਪਰਫਿਊਮ ਤੇ ਡੀਓ ਲਾ ਕੇ ਦੂਰ ਕੀਤਾ ਜਾ ਸਕਦਾ ਹੈ ਪਰ ਪੈਰਾਂ ਦੀ ਮੁਸ਼ਕ ਨੂੰ ਦੂਰ ਕਰਨਾ ਔਖਾ ਹੁੰਦਾ ਹੈ। ਕੁਝ ਘਰੇਲੂ ਤਰੀਕੇ ਅਪਣਾ ਕੇ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਜੁੱਤੇ ਪਾਉਣ ਤੋਂ ਪਹਿਲਾਂ ਜੇਕਰ ਥੋੜ੍ਹਾ ਜਿਹਾ ਬੇਕਿੰਗ ਪਾਊਡਰ ਪਾ ਲਓ ਤਾਂ ਇਸ ਸਮੱਸਿਆ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਪੈਰਾਂ ਦੀ ਦੁਰਗੰਧ ਹਟਾਉਣ ਲਈ ਚਾਹ ਪੱਤੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਇੱਕ ਟੱਬ 'ਚ ਗਰਮ ਪਾਣੀ ਲੈ ਕੇ ਉਸ 'ਚ ਚਾਹ ਪੱਤੀ ਜਾਂ ਟੀ-ਬੈਗ ਪਾ ਕੇ ਅੱਧੇ ਘੰਟੇ ਲਈ ਪੈਰ ਉਸ 'ਚ ਡੁਬੋ ਕੇ ਰੱਖਣ ਨਾਲ ਵੀ ਮਦਦ ਮਿਲਦੀ ਹੈ। ਗਰਮ ਪਾਣੀ 'ਚ ਸੇਬ ਦਾ ਸਿਰਕਾ ਪਾ ਕੇ ਉਸ 'ਚ ਥੋੜ੍ਹੀ ਦੇਰ ਪੈਰ ਰੱਖਣ ਨਾਲ ਪੈਰਾਂ 'ਚ ਆਉਣ ਵਾਲੀ ਮੁਸ਼ਕ ਦੂਰ ਹੁੰਦੀ ਹੈ। ਪੈਰਾਂ 'ਚੋਂ ਮੁਸ਼ਕ ਹਟਾਉਣ ਲਈ ਚਾਵਲਾਂ ਦੇ ਪਾਣੀ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਚਾਵਲ ਪਾਣੀ 'ਚ ਭਿਉਂ ਕੇ ਰੱਖਣ ਤੋਂ ਬਾਅਦ ਪਾਣੀ ਛਾਣ ਕੇ ਇਸ ਨਾਲ ਪੈਰ ਧੋਵੋ।ਫਟਕੜੀ 'ਚ ਐਂਟੀਸੈਪਟਿਕ ਗੁਣ ਹੁੰਦੇ ਹਨ ਜੋ ਬੈਕਟੀਰੀਆ ਨੂੰ ਆਸਾਨੀ ਨਾਲ ਖਤਮ ਕਰ ਦਿੰਦੇ ਹਨ। ਇਸ ਲਈ ਇੱਕ ਕੱਪ ਪਾਣੀ 'ਚ ਇੱਕ ਚਮਚ ਫਟਕੜੀ ਪਾਓ ਤੇ ਇਸ ਪਾਣੀ ਨਾਲ ਪੈਰ ਧੋਵੋ।

## ਸੈਕਸ ਸਮੱਸਿਆ ਨਾਲ ਜੂਝ ਰਹੇ ਹੋ ਤਾਂ ਖਾਓ ਇਹ ਦਾਲ

ਦਾਲ ਖਾਣਾ ਸਾਰਿਆਂ ਨੂੰ ਪਸੰਦ ਹੈ। ਮਾਂਹ ਦੀ ਦਾਲ ਦੇ ਕਈ ਰੂਪ ਹੁੰਦੇ ਹਨ ਪਰ ਦਾਲ ਤੜਕਾ ਤੇ ਦਾਲ ਮੱਖਣੀ ਦੇ ਸਵਾਦ ਦਾ ਹਰ ਕੋਈ ਦੀਵਾਨਾ ਹੁੰਦਾ ਹੈ। ਕੀ ਤੁਸੀਂ ਜਾਣਦੇ ਹੋ ਇਸ ਦੇ ਸਿਹਤ ਨੂੰ ਕੀ ਲਾਭ ਹਨ। ਤੁਹਾਨੂੰ ਦੱਸ ਦੇਈਏ ਕਿ ਮਾਂਹ ਦੀ ਦਾਲ ਤੁਹਾਡੀ ਸੈਕਸੂਅਲ ਲਾਈਫ਼ ਲਈ ਰਾਮਬਾਣ ਹੁੰਦੀ ਹੈ। ਮਾਂਹ ਦੀ ਦਾਲ ਮਰਦਾਂ ਵਿੱਚ ਟੈਸਟੋਸਟੇਰੋਨ ਪੱਧਰ ਨੂੰ ਵਧਾਉਂਦੀ ਹੈ। ਇਸ ਲਈ ਮਰਦਾਂ ਨੂੰ ਆਪਣੇ ਖਾਣੇ ਵਿੱਚ ਨਿਯਮਿਤ ਤੌਰ 'ਤੇ ਮਾਂਹ ਦੀ ਦਾਲ ਸ਼ਾਮਲ ਕਰਨੀ ਚਾਹੀਦੀ ਹੈ। ਮਾਂਹ ਦੀ ਦਾਲ ਖਾਣ ਨਾਲ ਮਰਦਾਂ ਦੇ ਸ਼ੁਕਰਾਣੂਆਂ ਦੀ ਗਿਣਤੀ ਵੀ ਵਧਦੀ ਹੈ। ਦਰਅਸਲ, ਮਾਂਹ ਦੀ ਦਾਲ ਵਿੱਚ ਪੋਟਾਸ਼ੀਅਮ ਕਾਫੀ ਜ਼ਿਆਦਾ ਹੁੰਦਾ ਹੈ ਜੋ ਤੁਹਾਡੇ ਸ਼ਰੀਰ ਦੀ ਤਾਕਤ ਵਧਦੀ ਹੈ।

## ਘਰ ਬੈਠੇ ਹੀ ਰਹਿ ਸਕਦੇ ਹੋ ਫਿੱਟ, ਜਿਮ ਜਾਣ ਦੀ ਨਹੀਂ ਲੋੜ



ਸਿਹਤ ਦੀ ਤੰਦਰੁਸਤੀ ਲਈ ਕਸਰਤ ਬਹੁਤ ਮਹੱਤਵਪੂਰਨ ਹੈ। ਇਹ ਗੱਲ ਜਾਣਦਿਆਂ ਵੀ ਬਹੁਤੇ ਲੋਕ ਕਸਰਤ ਕਰਨ ਦੀ ਕੋਸ਼ਿਸ਼ ਨਹੀਂ ਕਰਦੇ। ਕੀ ਤੁਸੀਂ ਜਾਣਦੇ ਹੋ ਕਿ ਸਿਰਫ 10 ਮਿੰਟ ਤੱਕ ਕੀਤੀ ਗਈ ਕਸਰਤ ਤੁਹਾਡੇ ਦਿਮਾਗ ਨੂੰ ਪੂਰਾ ਦਿਨ ਤਰੋਤਾਜ਼ਾ ਬਣਾਈ ਰੱਖਦੀ ਹੈ। ਪਰ ਅਕਸਰ ਲੋਕਾਂ ਨੂੰ ਸਵੇਰੇ ਉੱਠ ਕੇ ਕਸਰਤ ਤੋਂ ਆਲਸ ਆਉਂਦਾ ਹੈ। ਕਸਰਤ ਦੇ ਕੁਝ ਅਜਿਹੇ ਤਰੀਕੇ ਜਿਨ੍ਹਾਂ ਨਾਲ ਤੁਸੀਂ ਆਪਣੀ ਸਿਹਤ ਤੰਦਰੁਸਤ ਰੱਖ ਸਕਦੇ ਹੋ। ਇਸ ਲਈ ਤਹਾਨੂੰ ਬਾਹਰ ਜਾਣ ਦੀ ਵੀ ਲੋੜ ਨਹੀਂ। ਸਵੇਰੇ ਉੱਠ ਕੇ ਆਪਣੇ ਘਰ ਦੇ ਅੰਦਰ ਹੀ ਸਟ੍ਰੇਚਿੰਗ ਕਰੋ। ਘਰ 'ਚ ਹੀ ਰੱਸੀ ਟੱਪ ਸਕਦੇ ਹੋ। ਯੋਗ ਅਜਿਹਾ ਮਾਧਿਅਮ ਹੈ ਜੋ ਘਰ ਬੈਠੇ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਇਸ ਆਸਨ ਨੂੰ ਕਰਨ ਲਈ ਤਹਾਨੂੰ ਸਮਾਂ ਦੇਖਣ ਦੀ ਲੋੜ ਨਹੀਂ। ਖਾਣਾ ਖਾਣ ਤੋਂ ਤੁਰੰਤ ਬਾਅਦ ਤੁਸੀਂ ਵਜ਼ਰ ਆਸਨ 'ਚ ਬਹਿ ਸਕਦੇ ਹੋ। ਕੋਈ ਬੈਠ ਕੇ ਕੀਤਾ ਜਾ ਸਕਣ ਵਾਲਾ ਕੰਮ ਵੀ ਇਸ ਪੋਜ਼ੀਸ਼ਨ 'ਚ ਬਹਿ ਕੇ ਕੀਤਾ ਜਾ ਸਕਦਾ ਹੈ। ਇਸ ਨਾਲ ਪਾਚਨ ਕ੍ਰਿਆ ਠੀਕ ਰਹਿੰਦੀ ਹੈ। ਰਾਤ ਤੇ ਦੁਪਹਿਰ ਦੇ ਖਾਣੇ ਤੋਂ ਬਾਅਦ ਕੁਝ ਦੇਰ ਟਹਿਲਣ ਦੀ ਆਦਤ ਪਾਓ। ਫਿੱਟ ਰਹਿਣ ਦਾ ਸੌਖਾ ਤਰੀਕਾ ਹੈ। ਦਿਨ ਜਾਂ 11 ਦਿਨ ਦਾ ਚੈਲੇਂਜ ਲਓ। ਇਸ ਤਹਿਤ ਰੋਜ਼ਾਨਾ ਇੱਕ ਤੈਅ ਸਮੇਂ 'ਤੇ 7 ਮਿੰਟ ਜਾਂ 11 ਮਿੰਟ ਤੱਕ 7 ਜਾਂ 11 ਦਿਨ ਕਸਰਤ ਕਰਨੀ ਹੈ। ਅਜਿਹਾ ਕਰਨ ਨਾਲ ਤੁਹਾਡੀ ਘਰ 'ਚ ਹੀ ਕਸਰਤ ਕਰਨ ਦੀ ਆਦਤ ਬਣ ਜਾਵੇਗੀ।

## ਤਾਕਤਵਰ ਬਣਨਾ ਤਾਂ ਰੋਜ਼ਾਨਾ ਗਰਮ ਪਾਣੀ ਨਾਲ ਖਾਓ ਇਹ ਚੀਜ਼ਾਂ

ਤਾਕਤਵਰ ਬਣਨ ਲਈ ਅਕਸਰ ਲੋਕ ਜਿਮ ਜਾਣ ਦੇ ਨਾਲ-ਨਾਲ ਬਹੁਤ ਸਾਰੇ ਸਪਲੀਮੈਂਟਸ ਵੀ ਖਾਂਦੇ ਹਨ। ਰੋਜ਼ਾਨਾਂ ਸਵੇਰੇ ਗਰਮ ਪਾਣੀ ਨਾਲ ਅੱਗੇ ਦੱਸੀਆਂ ਚੀਜ਼ਾਂ ਖਾਣ ਨਾਲ ਨਾ ਸਿਰਫ ਤੁਹਾਡੀ ਸਿਹਤ ਸੁਧਰੇਗੀ ਬਲਕਿ ਤੁਸੀਂ ਤਾਕਤਵਰ ਵੀ ਬਣ ਜਾਓਗੇ। ਗੁੜ ਤੇ ਇਲਾਇਚੀ ਨੂੰ ਗਰਮ ਪਾਣੀ ਨਾਲ ਮਿਲਾ ਕੇ ਲੈਣ ਨਾਲ ਤੁਸੀਂ ਤੰਦਰੁਸਤ ਹੋ ਸਕਦੇ ਹੋ। ਇਹ ਦੋਵੇਂ ਪਾਚਣ ਪ੍ਰਣਾਲੀ ਠੀਕ ਕਰਨ ਵਿੱਚ ਮਦਦ ਕਰਦੇ ਹਨ ਤੇ ਮੈਟਾਬੋਲੀਜ਼ਮ ਰੇਟ ਵਧਾਉਣ ਵਿੱਚ ਵੀ ਮਦਦ ਕਰਦੇ ਹਨ। ਇਨ੍ਹਾਂ ਦੋਵਾਂ ਚੀਜ਼ਾਂ ਦੇ ਪਾਊਡਰ ਨੂੰ ਗਰਮ ਪਾਣੀ ਵਿੱਚ ਮਿਲਾ ਕੇ ਪੀਣ ਨਾਲ ਤੁਸੀਂ ਕੁਝ ਹੀ ਸਮੇਂ ਵਿੱਚ ਆਪਣੇ-ਆਪ ਨੂੰ ਮਜ਼ਬੂਤ ਮਹਿਸੂਸ ਕਰੋਗੇ। ਇਸ ਨੂੰ ਗੁੜ ਦੀ ਚਾਹ ਵੀ ਕਿਹਾ ਜਾ ਸਕਦਾ ਹੈ।




# 'ਅੜਬ ਮੁਟਿਆਰਾਂ' ਦਾ ਨਖ਼ਰਾ ਝੱਲਣ ਲਈ ਤਿਆਰ ਨਿੰਜਾ



ਪੰਜਾਬੀ ਸੰਗੀਤ ਜਗਤ ਦਾ ਸਥਾਪਿਤ ਚਿਹਰਾ ਅਤੇ ਪੰਜਾਬੀ ਫ਼ਿਲਮਾਂ ਦਾ ਨਾਇਕ ਨਿੰਜਾ ਅਸਲ ਜ਼ਿੰਦਗੀ ਵਿੱਚ ਵੀ ਕਿਸੇ ਨਾਇਕ ਤੋਂ ਘੱਟ ਨਹੀਂ ਹੈ। ਨਿੰਜੇ ਨੇ ਕਰੜੀ ਮਿਹਨਤ, ਸਬਰ ਅਤੇ ਹੌਂਸਲੇ ਨਾਲ ਹਾਲਤਾਂ ਨੂੰ ਮਾਤ ਦਿੰਦਿਆਂ ਆਪਣੀ ਕਿਸਮਤ ਘੜੀ ਹੈ। ਜ਼ਿਲ੍ਹਾ ਲੁਧਿਆਣਾ ਦੇ ਇਕ ਛੋਟੇ ਜਿਹੇ ਮੁੰਡਾ ਦਾ ਕਰੀਬ 100 ਕਿਲੋ ਦੇ ਨੇੜੇ ਭਾਰ ਵਾਲਾ ਗਰੀਬ ਜਿਹਾ ਮੁੰਡਾ ਅੰਮਿਤ ਭੁੱਲਾ ਇਕ ਦਿਨ ਦੁਨੀਆਂ ਦੇ ਸੰਗੀਤਕ ਨਕਸ਼ੇ 'ਤੇ ਆਪਣੀਆਂ ਪੈੜਾਂ ਪਾਵੇਗਾ, ਇਹ ਕਿਸੇ ਨੇ ਵੀ ਨਹੀਂ ਕਿਆਸਿਆ ਸੀ। ਨਿੰਜੇ ਦਾ ਅਸਲ ਨਾਂ ਅੰਮਿਤ ਭੁੱਲਾ ਹੈ। ਸੰਗੀਤ ਉਸ ਦੇ ਰਗ ਰਗ ਵਿੱਚ ਹੈ। ਉਸ ਨੇ ਗਾਇਕ ਬਣਨ ਲਈ ਬਿਨਾਂ ਹੌਂਸਲਾ ਹਾਰਿਆਂ ਬਥੇਰੇ ਪਾਪੜ ਵੇਲੇ ਹਨ। ਮਿਹਨਤ ਦਾ ਮੁੱਲ ਜਦੋਂ ਪੈਂਦਾ ਹੈ ਤਾਂ ਬੰਦਾ ਫ਼ਰਸ਼ ਤੋਂ ਅਰਸ਼ 'ਤੇ ਪਹੁੰਚ ਜਾਂਦਾ ਹੈ। ਅੱਜ ਨਿੰਜਾ ਵੀ ਗਾਇਕੀ ਦੇ ਅਸਮਾਨ ਦਾ ਚਮਕਦਾ ਸਿਤਾਰਾ ਹੈ। ਗਾਇਕੀ ਦੇ ਨਾਲ ਨਾਲ ਫ਼ਿਲਮ ਜਗਤ 'ਚ ਸਰਗਰਮ ਨਜ਼ਰ ਆ ਰਿਹਾ ਨਿੰਜਾ ਅੱਜ ਕੱਲ੍ਹ ਆਪਣੀ ਫ਼ਿਲਮ 'ਅੜਬ ਮੁਟਿਆਰਾਂ' ਨੂੰ ਲੈ ਕੇ ਚਰਚਾ ਵਿੱਚ ਹੈ। 'ਵਾਈਟ ਹਿੱਲ ਸਟੂਡੀਓ' ਦੇ ਬੈਨਰ ਹੇਠ ਨਿਰਮਾਤਾ ਗੁਨਬੀਰ ਸਿੰਘ ਸਿੱਧੂ ਅਤੇ ਮਨਮੋਰਡ ਸਿੰਘ ਸਿੱਧੂ ਦੀ ਇਹ ਫ਼ਿਲਮ 18 ਅਕਤੂਬਰ ਨੂੰ ਰਿਲੀਜ਼ ਹੋ ਰਹੀ ਹੈ। ਨਾਮਵਰ ਫ਼ਿਲਮ ਲੇਖਕ ਧੀਰਜ ਰਤਨ ਦੀ ਲਿਖੀ ਇਸ ਫ਼ਿਲਮ ਨੂੰ ਨੌਜਵਾਨ ਫ਼ਿਲਮ ਨਿਰਦੇਸ਼ਕ ਮਾਨਵ ਸ਼ਾਹ ਨੇ ਨਿਰਦੇਸ਼ਤ ਕੀਤਾ ਹੈ। ਆਪਣੀ ਇਸ ਫ਼ਿਲਮ ਬਾਰੇ ਗੱਲ ਕਰਦਿਆਂ ਉਹ ਦੱਸਦਾ ਹੈ ਕਿ ਇਹ ਫ਼ਿਲਮ ਉਸਦੀਆਂ ਅਤੇ ਹੋਰ ਪੰਜਾਬੀ ਫਿਲਮਾਂ ਨਾਲੋਂ ਬਿਲਕੁਲ ਵੱਖਰੇ ਕਿਸਮ ਦੀ ਫ਼ਿਲਮ ਹੈ, ਜੋ ਅਜੋਕੇ ਨੌਜਵਾਨ ਕੁੜੀਆਂ ਮੁੰਡਿਆਂ ਦੀ ਜ਼ਿੰਦਗੀ ਦੀ ਗੱਲ ਕਰਦੀ ਹੋਈ ਉਨ੍ਹਾਂ ਦੀ ਮਾਨਸਿਕਤਾ ਅਤੇ ਉਨ੍ਹਾਂ ਦੇ ਮਾਪਿਆਂ ਦੀ ਮਨੋਬਿਰਤੀ ਦੀ ਬਾਤ ਪਾਉਂਦੀ ਹੈ। ਉਹ ਦੱਸਦਾ ਹੈ ਕਿ ਇਹ ਫ਼ਿਲਮ ਨੌਜਵਾਨਾਂ ਦੀ ਆਜ਼ਾਦੀ ਅਤੇ ਉਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਦੇ ਖੁਦ ਲਏ ਜਾਂਦੇ ਫ਼ੈਸਲਿਆਂ ਦੀ ਕਹਾਣੀ ਹੈ। ਇਹ ਫ਼ਿਲਮ ਨਿਰੋਲ ਰੂਪ 'ਚ ਕਾਮੇਡੀ, ਰੁਮਾਂਸ ਅਤੇ ਪਰਿਵਾਰਕ ਡਰਾਮੇ ਦਾ ਸੁਮੇਲ ਹੋਵੇਗੀ। ਉਹ ਇਸ ਫਿਲਮ ਵਿੱਚ ਇਕ ਪੜ੍ਹੇ ਲਿਖੇ ਅਤੇ ਇਕ ਫਾਇਨਾਂਸ ਕੰਪਨੀ ਵਿੱਚ ਕੰਮ ਕਰਦੇ ਨੌਜਵਾਨ ਦੀ ਭੂਮਿਕਾ ਨਿਭਾ ਰਿਹਾ ਹੈ, ਜੋ ਆਪਣੇ ਨਾਲ ਹੀ ਕੰਮ ਕਰਦੀ ਇਕ ਕੁੜੀ ਨਾਲ ਵਿਆਹ ਕਰਵਾਉਂਦਾ ਹੈ। ਦਰਅਸਲ ਇਹ ਫ਼ਿਲਮ ਅਜੋਕੀ ਕੁੜੀਆਂ ਦੇ ਇਰਦ ਗਿਰਧ ਘੁੰਮਦੀ ਹੈ। ਨਿੰਜਾ ਮੁਤਾਬਕ ਪੰਜਾਬੀ ਫਿਲਮਾਂ ਵਿੱਚ ਵੱਡਾ ਬਦਲਾਅ ਆਇਆ ਹੈ। ਦਰਸ਼ਕ ਹੁਣ ਹਲਕੇ ਪੱਧਰ ਦੀ ਕਹਾਣੀ ਵਾਲੀ ਫ਼ਿਲਮ ਸਿਰੇ ਤੋਂ ਨਾਕਾਰ ਦਿੰਦੇ ਹਨ। ਅਜਿਹੇ ਆਲਮ ਵਿੱਚ ਫ਼ਿਲਮ ਲੇਖਕ ਤੇ ਨਿਰਦੇਸ਼ਕ ਦੇ ਨਾਲ ਨਾਲ ਕਲਾਕਾਰਾਂ ਦੀ ਜ਼ਿੰਮੇਵਾਰੀ ਵਿੱਚ ਵੀ ਵਾਧਾ ਹੋਇਆ ਹੈ। ਨਿੰਜੇ ਮੁਤਾਬਕ ਉਹ ਨਿੱਜੀ ਤੌਰ 'ਤੇ ਅਜਿਹੀਆਂ ਫ਼ਿਲਮਾਂ ਹੀ ਪਸੰਦ ਕਰਦਾ ਹੈ ਜਿੰਨਾ ਦਾ ਵਾਸਤਾ ਆਮ ਜ਼ਿੰਦਗੀ ਤੇ ਸਮਾਜ ਨਾਲ ਹੋਵੇ। ਉਹ ਅਜਿਹੇ ਹੀ ਕਿਰਦਾਰ ਨਿਭਾਉਣ ਦੀ ਇੱਛਾ ਰੱਖਦਾ ਹੈ ਜਿੰਨਾਂ 'ਚੋਂ ਨੌਜਵਾਨਾਂ ਨੂੰ ਆਪਣਾ ਆਪ ਨਜ਼ਰ ਆਵੇ। ਉਹ ਦੱਸਦਾ ਹੈ ਕਿ ਹਾਲਹਿ ਵਿੱਚ ਉਸਦੀ ਫਿਲਮ 'ਦੂਰਬੀਨ' ਰਿਲੀਜ਼ ਹੋਈ ਹੈ, ਜਿਸ ਨੂੰ ਦਰਸ਼ਕਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਹੁਣ ਉਸ ਨੂੰ 'ਅੜਬ ਮੁਟਿਆਰਾ' ਤੋਂ ਵੱਡੀਆਂ ਆਸਾਂ ਹਨ। ਇਸ ਫ਼ਿਲਮ ਵਿੱਚ ਉਸ ਵੱਲੋਂ ਨਿਭਾਇਆ ਕਿਰਦਾਰ ਉਸਦੀ ਨਿੱਜੀ ਜ਼ਿੰਦਗੀ ਤੋਂ ਬਿਲਕੁਲ ਉਲਟ ਹੈ। ਇਸ ਵਿੱਚ ਉਸਦੀ ਹੀਰੋਇਨ ਮਹਿਰੀਨ ਪੀਰਜਾਦਾ ਹੈ। ਇਸ ਫ਼ਿਲਮ ਤੋਂ ਬਾਅਦ ਇਸੇ ਸਾਲ ਉਸਦੀ ਇਕ ਹੋਰ ਫ਼ਿਲਮ 'ਜ਼ਿੰਦਗੀ ਜ਼ਿੰਦਾਬਾਦ' ਰਿਲੀਜ਼ ਹੋਵੇਗੀ। ਇਹ ਫ਼ਿਲਮ ਨਾਮਵਰ ਲੇਖਕ ਮਿੰਟੂ ਗੁਰੂਸਰੀਆ ਨੇ ਲਿਖੀ ਹੈ। ਹੁਣ ਉਹ ਗਾਇਕੀ ਦੇ ਨਾਲ ਨਾਲ ਫ਼ਿਲਮਾਂ ਨੂੰ ਵੀ ਬਰਾਬਰ ਤਵੱਜੋ ਦੇਣ ਲੱਗਾ ਹੈ ਪਰ ਉਸਦੀ ਪਹਿਲ ਹਮੇਸ਼ਾ ਹੀ ਗਾਇਕੀ ਰਹੇਗਾ। ਗਾਇਕੀ ਨੇ ਹੀ ਉਸਨੂੰ ਇਥੋਂ ਤੱਕ ਪਹੁੰਚਾਇਆ ਹੈ।



# ਪੰਜਾਬੀ ਸਿਨੇਮੇ ਦੀ ਖ਼ੂਬਸੂਰਤ ਅਦਾਕਾਰਾ - ਸੋਨਮ ਬਾਜਵਾ



ਪੰਜਾਬੀ ਸਿਨੇਮੇ ਦੀ ਇਹ ਖ਼ੂਬਸੂਰਤ ਅਦਾਕਾਰਾ ਸੋਨਮ ਬਾਜਵਾ ਆਪਣੀ ਹਰ ਫਿਲਮ ਵਿੱਚ ਹਮੇਸ਼ਾ ਕੁਝ ਵੱਖਰਾ ਹੀ ਕਰਦੀ ਹੈ। ਉਹ ਫਿਲਮ ਹੀ ਓਹੀ ਚੁਣਦੀ ਹੈ ਜਿਸ ਵਿੱਚ ਉਸ ਨੂੰ ਕੁਝ ਵੱਖਰਾ ਕਰਨ ਦਾ ਮੌਕਾ ਮਿਲੇ। ਦਰਜਨ ਦੇ ਨੇੜੇ ਪੰਜਾਬੀ ਫਿਲਮਾਂ ਵਿੱਚ ਬਤੌਰ ਹੀਰੋਇਨ ਕੰਮ ਕਰ ਚੁੱਕੀ ਸੋਨਮ ਬਾਜਵਾ ਹੁਣ 'ਅੜਬ ਮੁਟਿਆਰ' ਦੇ ਰੂਪ ਵਿੱਚ ਨਜ਼ਰ ਆਵੇਗੀ। ਅਜਿਹੀ ਅੜਬ ਮੁਟਿਆਰ ਨਹੀਂ ਜਿਸ ਤਰ ਾਂ ਦੀ ਤੁਸੀਂ ਸੋਚ ਰਹੇ ਹੋ ਬਲਕਿ ਇਹ ਉਹ ਅੜਬ ਮੁਟਿਆਰ ਹੈ ਜੋ ਆਪਣੀ ਜ਼ਿੰਦਗੀ ਆਪਣੇ ਅਸੂਲਾਂ 'ਤੇ ਜਿਉਣਾ ਚਾਹੁੰਦੀ ਹੈ। ਜੋ ਜਾਤ ਪਾਤ ਤੋਂ ਉਪਰ ਉੱਠ ਕੇ ਰਿਸ਼ਤੇ ਬਣਾਉਣਾ ਅਤੇ ਨਿਭਾਉਣਾ ਚਾਹੁੰਦੀ ਹੈ। 18 ਅਕਤੂਬਰ ਨੂੰ ਰਿਲੀਜ਼ ਹੋ ਰਹੀ ਇਸ ਫ਼ਿਲਮ ਵਿੱਚ ਸੋਨਮ ਬਾਜਵਾ ਬੱਬੂ ਬੈਂਸ ਨਾਂ ਦੀ ਕੁੜੀ ਦਾ ਕਿਰਦਾਰ ਨਿਭਾ ਰਹੀ ਹੈ ਜੋ ਪੜ ੀ ਲਿਖੀ ਹੈ ਅਤੇ ਇਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰ ਰਹੀ ਹੈ। 'ਵਾਈਟ ਹਿੱਲ ਸਟੂਡੀਓ' ਦੇ ਬੈਨਰ ਹੇਠ ਬਣੀ ਨਿਰਦੇਸ਼ਕ ਮਾਨਵ ਸ਼ਾਹ ਦੀ ਇਸ ਫ਼ਿਲਮ ਦੀ ਕਹਾਣੀ ਅਤੇ ਸਕਰੀਨਪਲੇ ਧੀਰਜ ਰਤਨ ਨੇ ਲਿਖਿਆ ਹੈ ਜਦਕਿ ਡਾਇਲਾਗ ਰਾਕੇਸ਼ ਧਵਨ ਨੇ ਲਿਖੇ ਹਨ। ਸੋਨਮ ਬਾਜਵਾ, ਨਿੰਜਾ, ਮਹਿਰੀਨ ਪੀਰਜਾਦਾ ਅਤੇ ਅਜੇ ਸਰਕਾਰੀਆ ਦੀ ਮੁੱਖ ਭੂਮਿਕਾ ਵਾਲੀ, ਇਸ ਫ਼ਿਲਮ ਵਿੱਚ ਦਰਸ਼ਕ ਉਸ ਦੀ ਨੌਜਵਾਨ ਨਵੇਂ ਅਦਾਕਾਰ ਅਜੇ ਸਰਕਾਰੀਆ ਨਾਲ ਦੇਖਣਗੇ। ਸੋਨਮ ਬਾਜਵਾ ਮੁਤਾਬਕ ਇਹ ਫ਼ਿਲਮ ਇਕ ਖ਼ੂਬਸੂਰਤ ਡਰਾਮਾ ਫ਼ਿਲਮ ਹੈ ਜੋ ਅਜੋਕੇ ਕੁੜੀਆਂ ਮੁੰਡਿਆਂ ਦੀ ਜ਼ਿੰਦਗੀ 'ਤੇ ਅਧਾਰਿਤ ਹੈ। ਇਸ ਫ਼ਿਲਮ ਵਿੱਚ ਉਹ ਜੱਟ ਪਰਿਵਾਰ ਨਾਲ ਸਬੰਧਿਤ ਪੜ ੀ ਲਿਖੀ ਕੁੜੀ ਹੈ। ਉਹ ਆਪਣੀ ਮਰਜ਼ੀ ਨਾਲ ਫ਼ਿਲਮ ਦੇ ਨਾਇਕ ਅਜੇ ਸਰਕਾਰੀਆ ਨਾਲ ਵਿਆਹ ਕਰਵਾਉਂਦੀ ਹੈ ਜੋ ਬਾਣੀਆ ਪਰਿਵਾਰ ਨਾਲ ਸਬੰਧਿਤ ਅਤੇ ਕਾਮਯਾਬ ਬਿਜਨਸਮੈਂਨ ਹੈ। ਬੇਸ਼ੱਕ ਦੋਵਾਂ ਦੇ ਪਰਿਵਾਰਾਂ ਦਾ ਰਹਿਣ ਸਹਿਣ ਅਤੇ ਜਾਤ ਵੱਖ ਹੈ ਪਰ ਉਹ ਇਸ ਤੋਂ ਉਪਰ ਉਠਕੇ ਆਪਣੀ ਜ਼ਿੰਦਗੀ ਦਾ ਇਹ ਫ਼ੈਸਲਾ ਲੈਂਦੀ ਹੈ। ਸਾਂਝੇ ਪਰਿਵਾਰ ਵਿੱਚ ਵਿਆਹੀ ਇਕ ਕੁੜੀ ਨੂੰ ਕਿਵੇਂ ਪਰਿਵਾਰ ਨਾਲ ਤਾਲਮੇਲ ਬਿਠਾਉਣਾ ਪੈਂਦਾ ਹੈ ਅਤੇ ਕਿਵੇਂ ਉਸਦੀ ਵਿਆਹ ਤੋਂ ਪਹਿਲਾਂ ਅਤੇ ਵਿਆਹ ਤੋਂ ਬਾਅਦ ਵਾਲੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਆਉਂਦਾ ਹੈ। ਇਹ ਫ਼ਿਲਮ ਦਾ ਦਿਲਚਸਪ ਹਿੱਸਾ ਹੈ। ਨਿਰਮਾਤਾ ਗੁਨਬੀਰ ਸਿੰਘ ਸਿੱਧੂ ਅਤੇ ਮਨਮੋਰਡ ਸਿੰਘ ਸਿੱਧੂ ਦੀ ਇਸ ਫਿਲਮ ਵਿੱਚ ਦਰਸ਼ਕ ਉਸਨੂੰ ਇਕ ਵੱਖਰੇ ਹੀ ਅੰਦਾਜ਼ ਵਿੱਚ ਦੇਖਣਗੇ। ਸੋਨਮਪ੍ਰੀਤ ਕੌਰ ਬਾਜਵਾ ਤੋਂ ਸੋਨਮ ਬਾਜਵਾ ਬਣੀ ਉਤਰਾਖੰਡ ਦੇ ਛੋਟੇ ਜਿਹੇ ਸ਼ਹਿਰ ਨਾਨਕਮੱਤਾ ਦੀ ਇਹ ਪੰਜਾਬੀ ਮੁਟਿਆਰ ਦੱਸਦੀ ਹੇ ਕਿ ਉਸਦੀ ਦੀ ਪਹਿਲੀ ਪੰਜਾਬੀ ਫ਼ਿਲਮ ਸਾਲ 2013 'ਚ 'ਬੈਸਟ ਆਫ਼ ਲੱਕ' ਆਈ ਸੀ। ਇਸੇ ਸਾਲ ਹੀ ਉਸਨੂੰ ਨਿਰਦੇਸ਼ਕ ਅਨੁਰਾਗ ਸਿੰਘ ਦੀ ਫ਼ਿਲਮ 'ਪੰਜਾਬ 1984' ਵਿਚ ਕੰਮ ਕਰਨ ਦਾ ਮੌਕਾ ਮਿਲਿਆ। 'ਵਾਈਟ ਹਿੱਲ ਸਟੂਡੀਓ' ਦੀ ਇਸ ਨੈਸ਼ਨਲ ਐਵਾਰਡ ਜੇਤੂ ਫਿਲਮ ਨਾਲ ਹੀ ਉਸਨੂੰ ਮਨੋਰੰਜਨ ਜਗਤ ਵਿੱਚ ਪਹਿਚਾਣ ਮਿਲੀ। ਇਸ ਮਗਰੋਂ ਸੋਨਮ ਬਾਜਵਾ ਨੇ 'ਸਰਦਾਰ ਜੀ 2', 'ਸੁਪਰ ਸਿੰਘ', 'ਨਿੱਕਾ ਜੈਲਦਾਰ', 'ਨਿੱਕਾ ਜੈਲਦਾਰ 2', 'ਮੰਜੇ ਬਿਸਤਰੇ', 'ਗੁੱਡੀਆਂ ਪਟੋਲੇ', 'ਸਿੰਘਮ' ਅਤੇ 'ਮੁਕਲਾਵਾ' ਨਾਲ ਪੰਜਾਬ ਦੀਆਂ ਚੋਟੀ ਦੀਆਂ ਹੀਰੋਇਨਾਂ 'ਚ ਥਾਂ ਬਣਾਈ। ਹੁਣ ਉਹ 18 ਅਕਤੂਬਰ ਨੂੰ ਰਿਲੀਜ਼ ਹੋ ਰਹੀ ਆਪਣੀ ਇਸ ਫ਼ਿਲਮ 'ਅੜਬ ਮੁਟਿਆਰਾ' ਨਾਲ ਇਕ ਵਾਰ ਫਿਰ ਤੋਂ ਦਰਸ਼ਕਾਂ ਦੇ ਦਿਲਾਂ 'ਤੇ ਆਪਣੀ ਅਦਾਕਾਰੀ ਦਾ ਜਾਦੂ ਕਰਨ ਆ ਰਹੀ ਹੈ। ਸੋਨਮ ਮੁਤਾਬਕ ਦਰਸ਼ਕਾਂ ਨੇ ਹਮੇਸ਼ਾ ਉਸ ਨੂੰ ਵੱਖੋ ਵੱਖਰੇ ਅੰਦਾਜ਼ ਵਿੱਚ ਹੀ ਦੇਖਿਆ ਹੈ।

-ਗੁਰਬਾਜ ਗਿੱਲ

# ਬੇਖੌਫ ਜਰਨੈਲ ਹਰੀ ਸਿੰਘ ਨਲਵੇ ਦੀ ਬਹਾਦੁਰੀ ਦੇ ਜਲਵੇ ਤੇ ਜਿੱਤਾਂ ਦੇ ਕਿੱਸੇ ਬਿਆਨ ਕਰਦਾ ਗੀਤ "ਜਮਰੌਦ" ਜਲਦ ਹੋਵੇਗਾ ਰਿਲੀਜ਼ : ਅਜੀਤ ਸਿੰਘ ਗੋਬਿੰਦਗੜ੍ਹੀਆ




ਸਿੱਖ ਰਾਜ ਦੇ ਮਹਾਨ ਜਰਨੈਲ ਵਜੋਂ ਜਾਣੇ ਜਾਦੇ ਹਰੀ ਸਿੰਘ ਨਲਵਾ ਦੀ ਬਹਾਦੁਰੀ ਦਾ ਲੋਹਾ ਸਾਰੀ ਦੁਨੀਆਂ ਮੰਨਦੀ ਹੈ।ਜਿੱਥੇ ਉਹਨਾਂ ਪਿਸ਼ੌਰ ਨੂੰ ਪੰਜਾਬ ਵਿੱਚ ਸ਼ਾਮਿਲ ਕਰਕੇ ਸਿੱਖ ਕੌਮ ਦੀ ਦਲੇਰੀ ਦਾ ਸਬੂਤ ਦਿੱਤਾ।ਉੱਥੇ ਹੀ ਉਹਨਾਂ ਦੱਰਾ ਏ ਖੈਬਰ ਨੂੰ ਜਮਰੌਦ ਦੇ ਕਿਲੇ ਨਾਲ ਬੰਨ੍ਹ ਲਾ ਕੇ ਬਾਹਰਲੇ ਧਾੜਵੀਆਂ ਦਾ ਰਾਹ ਡੱਕਿਆਂ।ਇਸ ਮਹਾਨ ਸੂਰਮੇ ਦੀ ਦਲੇਰੀ ਦੇ ਜਲਵੇ ਤੇ ਜਿੱਤਾਂ ਦੇ ਕਿੱਸੇ ਬਿਆਨ ਕਰਦਾ ਗੀਤ "ਜਮਰੌਦ" ਜਲਦ ਹੀ ਰਿਲੀਜ਼ ਕੀਤਾ ਜਾ ਰਿਹਾ ਹੈ।ਜਾਣਕਾਰੀ ਦਿੰਦਿਆਂ ਅਜੀਤ ਸਿੰਘ ਗੋਬਿੰਦਗੜ੍ਹੀਆਂ ਨੇ ਦੱਸਿਆਂ ਕਿ ਇਸ ਗੀਤ ਰਾਹੀ ਜਮਰੌਦ ਦੇ ਕਿਲ੍ਹੇ ਦੀ ਮਹੱਤਤਾ ਵੀ ਦੱਸਣ ਦੀ ਕੋਸ਼ਿਸ ਕੀਤੀ ਗਈ ਹੈ।ਕਾਰਤੂਸ ਪ੍ਰੋਡਕਸ਼ਨ ਵੱਲੋ ਪੇਸ਼ ਇਸ ਗੀਤ ਨੂੰ ਬੁਲੰਦ ਆਵਾਜ਼ ਦੇ ਮਾਲਕ ਨਜ਼ਰ ਰਹਿਲ ਵੱਲੋ ਗਾਇਆਂ ਗਿਆ ਹੈ।ਅਤੇ ਇਸ ਗੀਤ ਦੇ ਰਚੇਤਾ ਅਜੀਤ ਸਿੰਘ ਗੋਬਿੰਦਗੜ੍ਹੀਆ ਹਨ।ਗੀਤ ਦਾ ਮਿਊਜਿਕ ਜੇ:ਹਾਕ:ਕ੍ਰਿਏਸ਼ਨ ਵੱਲੋ ਤਿਆਰ ਕੀਤਾ ਗਿਆਂ ਹੈ।ਪੰਜਾਬ ਸੰਗੀਤ ਵਿੱਚ ਮਿਆਰੀ ਕੰਮ ਲਈ ਜਾਣੀ ਜਾਦੀ ਕਾਰਤੂਸ ਪ੍ਰੋਡਕਸ਼ਨ ਦਾ ਇਹ ਗੀਤ ਅੱਜ ਦੇ ਨੋਜਵਾਨ ਵਰਗ ਨੂੰ ਸਾਡੇ ਮਾਨਮੱਤੇ ਯੋਧਿਆਂ ਦੇ ਇਤਿਹਾਸ ਨਾਲ ਜੋੜਨ ਦਾ ਸ਼ਾਨਦਾਰ ਉਪਰਾਲਾ ਕਰੇਗਾ।

ਦੀਪ ਸੰਦੀਪ
9501375047

# ਪੰਜਾਬੀ ਗਾਇਕ ਕੇਐਸ ਮੱਖਣ ਨੇ ਕੀਤਾ ਅੰਮ੍ਰਿਤ ਭੰਗ, ਲਾਈਵ ਹੋ ਕੇ ਦੱਸਿਆ ਕਾਰਨ



**ਪੰਜਾਬੀ ਗਾਇਕ ਕੇਐਸ ਮੱਖਣ ਨੇ ਗੁਰਦੁਆਰਾ ਸਾਹਿਬ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅੰਮ੍ਰਿਤ ਭੰਗ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਕਾਰ ਵੀ ਤਿਆਗ ਦਿੱਤੇ। ਮੱਖਣ ਨੇ ਭਾਵੁਕ ਹੋ ਅਜਿਹਾ ਕਰਨ ਦੀ ਸਫਾਈ ਵੀ ਪੇਸ਼ ਕੀਤੀ।**

ਪੰਜਾਬੀ ਗਾਇਕ ਕੇਐਸ ਮੱਖਣ ਨੇ ਗੁਰਦੁਆਰਾ ਸਾਹਿਬ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅੰਮ੍ਰਿਤ ਭੰਗ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਨੇ ਕਕਾਰ ਵੀ ਤਿਆਗ ਦਿੱਤੇ। ਮੱਖਣ ਨੇ ਭਾਵੁਕ ਹੋ ਅਜਿਹਾ ਕਰਨ ਦੀ ਸਫਾਈ ਵੀ ਪੇਸ਼ ਕੀਤੀ। ਮੱਖਣ ਨੇ ਅੰਮ੍ਰਿਤ ਭੰਗ ਕਰਨ ਦਾ ਕਾਰਨ ਫੇਸਬੁਕ 'ਤੇ ਲਾਈਵ ਹੋ ਕੇ ਦੱਸਿਆ। ਉਨ੍ਹਾਂ ਕਿਹਾ ਕਿ ਕੁਝ ਲੋਕ ਉਨ੍ਹਾਂ ਦੇ ਸਿੱਖੀ ਸਰੂਪ 'ਤੇ ਸਵਾਲ ਚੁੱਕ ਰਹੇ ਸਨ। ਇਸ ਤੋਂ ਪ੍ਰੇਸ਼ਾਨ ਹੋ ਕੇ ਉਨ੍ਹਾਂ ਨੇ ਸੋਚ ਸਮਝ ਕੇ ਅਜਿਹਾ ਫੈਸਲਾ ਲਿਆ ਹੈ। ਵੀਡੀਓ 'ਚ ਉਨ੍ਹਾਂ ਕਿਹਾ ਕਿ ਮੈਂ ਜੇਕਰ ਸਿੱਖੀ ਦਾ ਫਾਇਦਾ ਨਹੀਂ ਕਰ ਸਕਦਾ ਤਾਂ ਮੈਨੂੰ ਇਸ ਦਾ ਨੁਕਸਾਨ ਕਰਨ ਦਾ ਵੀ ਹੱਕ ਨਹੀਂ। ਕਾਫੀ ਲੰਬੇ ਸਮੇਂ ਬਾਅਦ ਮੱਖਣ ਸੁਰਖੀਆਂ 'ਚ ਆਏ ਸੀ। ਇਸ ਦਾ ਕਾਰਨ ਸੀ ਕਿ ਉਨ੍ਹਾਂ ਨੇ ਮਸ਼ਹੂਰ ਪੰਜਾਬੀ ਗਾਇਕ ਗੁਰਦਾਸ ਮਾਨ ਦੀ ਹਮਾਇਤ ਕੀਤੀ ਸੀ। ਮੱਖਣ ਨੇ ਇਸ ਦੌਰਾਨ ਵੀ ਲਾਈਵ ਹੋ ਮਾਨ ਦਾ ਸਾਥ ਦਿੱਤਾ ਸੀ।

# ਪੰਜਾਬੀ ਮਾਂ ਬੋਲੀ 'ਤੇ ਸੱਭਿਆਚਾਰ ਦੀ ਰਾਖੀ ਰੱਖਣ ਵਾਲਾ ਗਾਇਕ ਹਰਜੀਤ ਹਰਮਨ



ਹਰਜੀਤ ਹਰਮਨ ਪੰਜਾਬੀ ਗਾਇਕੀ ਦੇ ਆਕਾਸ਼ ਮੰਡਲ ਦਾ ਉਹ ਟਿਮਟਮਾਉਂਦਾ ਤਾਰਾ ਹੈ ਜਿਸ ਦੀ ਚਮਕ ਨੂੰ ਵਕਤ ਦੀ ਕੋਈ ਵੀ ਹਨੇਰੀ ਮੱਧਮ ਨਹੀਂ ਕਰ ਸਕੀ ਤੇ ਇਹ ਤਾਰਾ ਸੰਗੀਤ ਦੀ ਸੂਝ ਰੱਖਣ ਵਾਲੇ ਹਰ ਵਿਹੜੇ ਅੰਦਰ ਬੜੀ ਸ਼ਿੱਦਤ ਨਾਲ ਰੌਸ਼ਨੀ ਬਿਖੇਰਦਾ ਆ ਰਿਹਾ ਹੈ। ਪਟਿਆਲਾ ਜ਼ਿਲ੍ਹੇ ਦੇ ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਦੋਦਾ ਦੇ ਜੰਮਪਲ ਅਤੇ ਪਿਤਾ ਸ. ਬਚਿੱਤਰ ਸਿੰਘ ਤੇ ਮਾਤਾ ਸਰਦਾਰਨੀ ਅਮਰਜੀਤ ਕੌਰ ਦੇ ਇਸ ਲਾਡਲੇ ਵਲੋਂ ਹੁਣ ਤਕ ਗਾਏ ਹਰ ਗੀਤ ਨੇ ਹੀ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਸ ਦੀ ਅਵਾਜ਼ ਵਿੱਚ ਗੰਭੀਰਤਾ, ਸਹਿਜਤਾ ਤੇ ਸਰਲਤਾ ਦਾ ਸੁਮੇਲ ਹੈ। ਹਰਮਨ ਦੀ ਗਾਇਕੀ ਦੀ ਵੱਡੀ ਖ਼ਾਸੀਅਤ ਇਹ ਵੀ ਹੈ ਕਿ ਉਸ ਨੇ ਅੱਜ ਤਕ ਸੱਭਿਆਚਾਰਕ ਤੇ ਸਾਫ ਸੁਥਰੇ ਗੀਤ ਹੀ ਸਰੋਤਿਆਂ ਦੀ ਝੋਲੀ ਪਾਏ ਹਨ ਅਤੇ ਇਹ ਸਿੱਧ ਕਰ ਦਿਖਾਇਆ ਹੈ ਕਿ ਲੱਚਰਤਾ ਦੀ ਹਨੇਰੀ 'ਚ ਸਭਿਅਤਾ ਦਾ ਦੀਵਾ ਬਾਲਣ ਵਾਲੇ ਵੀ ਆਪਣੇ ਸੁਪਨੇ ਸਾਕਾਰ ਕਰ ਸਕਦੇ ਹਨ। ਆਪਣੀ ਗਾਇਕੀ ਵਿਚ ਜਿੱਥੇ ਉਸ ਨੇ ਘਰੇਲੂ ਰਿਸ਼ਤਿਆਂ, ਸਮਾਜਿਕ ਵਿਸ਼ਿਆਂ ਤੇ ਧਾਰਮਿਕ ਸੂਖ਼ਮ-ਭਾਵਨਾਵਾਂ ਨੂੰ ਬਿਆਨ ਕਰਦੀ ਸ਼ਾਇਰੀ ਦੀ ਚੋਣ ਕੀਤੀ, ਉੱਥੇ ਉਸ ਨੇ ਰੁਮਾਂਟਿਕ ਗੀਤਾਂ ਵਿੱਚ ਵੀ ਸੁਹਜ-ਸੁਆਦ ਮੁਕੰਮਲ ਰੂਪ ਵਿੱਚ ਬਰਕਰਾਰ ਰੱਖਿਆ ਹੈ।

ਹਰਮਨ ਦੀ ਗਾਇਕੀ ਨੂੰ ਹਰ ਉਮਰ ਦੇ ਸਰੋਤਿਆਂ ਵਲੋਂ ਪਸੰਦ ਕੀਤਾ ਜਾਂਦਾ ਹੈ। ਇਸ ਦਾ ਕਾਰਨ ਉਸ ਦੀ ਆਵਾਜ਼, ਅੰਦਾਜ਼ ਅਤੇ ਪੰਜਾਬੀ ਦੀ ਧਨੀ ਕਲਮ ਗੀਤਕਾਰ ਸਵ. ਪ੍ਰਗਟ ਸਿੰਘ ਲਿਧੜਾਂ ਵਲੋਂ ਗਾਇਨ ਸਮੱਗਰੀ ਦੀ ਸੁਹਜਮਈ ਕੀਤੀ ਗਈ ਚੋਣ ਵੀ ਹੈ। ਉਸ ਦੀ ਗਾਇਕੀ ਅਤਿਅੰਤ ਗਹਿਰੀ ਹੈ ਜਿਸ ਨੂੰ ਸੁਣ ਕੇ ਅਜੀਬ ਜਿਹਾ ਸਕੂਨ ਪ੍ਰਾਪਤ ਹੁੰਦਾ ਹੈ। ਉਸ ਦਾ ਸੁਰੀਲਾ ਕੰਠ ਤੇ ਸੁੱਚੇ ਬੋਲ ਸਰੋਤਿਆਂ ਨੂੰ ਮੱਲੋਜ਼ੋਰੀ ਕੀਲਣ ਦੀ ਸਮਰੱਥਾ ਰੱਖਦੇ ਹਨ।

ਹਰਮਨ ਵਲੋਂ ਗਾਏ 'ਕੁੜੀ ਚਿਰਾਂ ਤੋਂ ਵਿਛੜੀ', 'ਝਾਂਜਰ','ਮਿੱਤਰਾਂ ਦਾ ਨਾਂ ਚਲਦਾ', '302 ਬਣ ਜੂ', 'ਇੰਤਜਾਰ ਕਰਾਂਗਾ', 'ਗੱਲ ਦਿਲ ਦੀ ਦੱਸ ਸੱਜਣਾ', 'ਵੰਡੇ ਹੋਏ ਪੰਜਾਬ ਦੀ ਤਰਾਂ', 'ਸ਼ਹਿਰ ਤੇਰੇ ਦੀਆਂ ਯਾਦਾਂ', 'ਕਾਂ ਬੋਲਦਾ', 'ਚਰਖਾ', 'ਸੂਰਮਾ', 'ਚੰਡੋਲ', 'ਉਸ ਰੁੱਤੇ ਸੱਜਣ ਮਿਲਾਦੇ ਰੱਬ', 'ਇੰਝ ਨਾ ਕਰੀਂ', 'ਮੁੰਦਰੀ', 'ਪਜੇਬਾਂ', 'ਇਸ ਨਿਰਮੋਹੀ ਨਗਰੀ ਦਾ', 'ਇੱਕ ਚੰਨ ਦੇ ਵਾਪਸ ਆਉਣ ਦਾ ਇੰਤਜ਼ਾਰ ਕਰਾਂਗਾ ਮੈਂ', 'ਨੀਂ ਤੂੰ ਸੱਚੀਂਮੁੱਚੀਂ ਲੱਗੇ ਪੰਜਾਂ ਪਾਣੀਆਂ ਦੀ ਹੂਰ', 'ਸਜਨਾਂ', 'ਅਸੀਂ ਉਹ ਨਹੀਂ', 'ਚਾਦਰ', 'ਸੰਸਾਰ', 'ਪ੍ਰਦੇਸੀ', 'ਹੱਸ ਕੇ', 'ਚੰਨ', 'ਸ਼ੌਕ' ਅਤੇ 'ਅਵਾਜਾਂ', 'ਜੱਟੀ', 'ਤਰੀਕਾਂ', 'ਦਿਲਜਾਨੀ', 'ਜੱਟ 24 ਕੇਰਟ ਦਾ' ਅਤੇ 'ਮਾਏ ਨੀ ਮਾਏ' ਆਦਿ ਦਰਜਨਾਂ ਹੀ ਗੀਤ ਅਜਿਹੇ ਹਨ ਜੋ ਸਰੋਤਿਆਂ ਦੇ ਮਨਾਂ ਉੱਪਰ ਪੂਰੀ ਤਰਾਂ ਛਾਏ ਹੋਏ ਹਨ। ਗੀਤਾਂ ਰਾਹੀਂ ਸਰੋਤਿਆਂ ਦੀ ਰੂਹ ਤਕ ਪਹੁੰਚਣ ਵਾਲਾ ਇਹ ਗਾਇਕ ਆਪਣੇ ਗੀਤਾਂ ਰਾਹੀਂ ਸੱਚ ਕਹਿਣ ਦੀ ਦਲੇਰੀ ਰੱਖਦਾ ਹੈ। ਉਸ ਨੇ ਆਪਣੀਆਂ ਟੇਪਾਂ ਵਿੱਚ ਉਸਾਰੂ ਸੋਚ ਦੇ ਗੀਤਾਂ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਸਮਾਜਿਕ ਬੁਰਾਈਆਂ ਤੇ ਵਿਅੰਗਮਈ ਚੋਟ ਕਰਨ ਵਾਲੇ ਗੀਤ ਵੀ ਉਹ ਆਪਣੀ ਐਲਬਮ ਵਿੱਚ ਅਕਸਰ ਸ਼ਾਮਲ ਕਰਦਾ ਹੈ। ਉਸ ਨੇ ਰੁਮਾਂਟਿਕ ਗੀਤ ਵੀ ਗਾਏ ਹਨ ਪਰ ਇਕ ਦਾਇਰੇ ਵਿੱਚ ਰਹਿ ਕੇ ਅਤੇ ਅਸ਼ਲੀਲ ਬੋਲਾਂ ਵਾਲੇ ਗੀਤਾਂ ਨੂੰ ਆਵਾਜ਼ ਦੇਣ ਲਈਉਸ ਦੀ ਜ਼ਮੀਰ ਨੇ ਕਦੇ ਵੀ ਉਸ ਨੂੰ ਇਜ਼ਾਜਤ ਨਹੀ ਦਿੱਤੀ। ਇਸ ਤੋਂ ਇਲਾਵਾ ਹਰਮਨ ਨੇ ਕਦੇ ਵੀ ਆਪਣੇ ਗੀਤਾਂ ਦੇ ਵੀਡਿਓ ਫਿਲਮਾਂਕਣ ਵਿਚ ਵੀ ਅਸ਼ਲੀਲਤਾ ਦਾ ਸਹਾਰਾ ਨਹੀਂ ਲਿਆ।

ਦੂਜੇ ਪਾਸੇ ਧਾਰਮਿਕ ਖੇਤਰ ਵਿਚ ਵੀ ਹਰਮਨ ਆਪਣੀਆਂ ਧਾਰਮਿਕ ਐਲਬਮਾਂ 'ਸਿੰਘ ਸੂਰਮੇ' ਅਤੇ 'ਸ਼ਾਨ ਏ ਕੌਮ' ਸਦਕਾ ਚੰਗਾ ਨਮਾਣਾ ਖੱਟ ਚੁੱਕਾ ਹੈ। ਜੇਕਰ ਹਰਮਨ ਨੂੰ ਮਿਲੇ ਇਨਾਮਾਂ-ਸਨਮਾਨਾਂ ਦੀ ਗੱਲ ਕਰੀਏ ਤਾਂ ਉਸ ਨੂੰ ਦੇਸ਼ ਅਤੇ ਵਿਦੇਸ਼ਾਂ ਵਿੱਚ ਅਨੇਕਾਂ ਸਨਮਾਨ ਮਿਲੇ ਹਨ ਹਨ, ਪਰ ਸਰੋਤਿਆਂ ਦੇ ਦਿਲੀ ਪਿਆਰ ਨੂੰ ਉਹ ਸਭ ਤੋਂ ਵੱਡਾ ਸਨਮਾਨ ਸਮਝਦਾ ਹੈ। ਇੱਕ ਵਧੀਆ ਕਲਾਕਾਰ ਹੋਣ ਦੇ ਨਾਲ-ਨਾਲ ਉਹ ਚੰਗੀ ਸੋਚ ਰੱਖਣ ਵਾਲਾ ਨੌਜਵਾਨ ਵੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਗਾਇਕੀ ਨੇ ਉਸ ਅੰਦਰ ਨਿਮਰਤਾ, ਸਤਿਕਾਰ ਅਤੇ ਮਿਠਾਸ ਦੇ ਭਾਵਾਂ ਨੂੰ ਭਰਪੂਰ ਕਰ ਦਿੱਤਾ ਹੈ।ਫਿਲਮੀ ਖੇਤਰ 'ਚ ਹਰਮਨ ਨੇ ਆਪਣੀ ਫਿਲਮ ਪਾਰੀ ਦੀ ਸ਼ੁਰੂਆਤ ਭਾਵੇਂ ਬੱਬੂ ਮਾਨ ਦੀ ਫ਼ਿਲਮ 'ਦੇਸੀ ਰੋਮੀਓ' ਤੋਂ ਕੀਤੀ ਸੀ ਪਰ ਬਤੌਰ ਹੀਰੋ ਵਜੋਂ ਉਹ ਆਪਣੀ ਲੰਘੇ ਸਾਲ ਆਈ ਫਿਲਮ 'ਕੁੜਮਾਈਆਂ' ਨਾਲ ਉੱਭਰ ਕੇ ਸਾਹਮਣੇ ਆਇਆ ਅਤੇ ਦਰਸ਼ਕਾਂ ਵਲੋਂ ਹਰਜੀਤ ਹਰਮਨ ਦੀ ਅਦਾਕਾਰੀ ਨੂੰ ਬੇਹੱਦ ਪਸੰਦ ਕੀਤਾ ਗਿਆ।ਹਰਜੀਤ ਹਰਮਨ ਆਪਣੇ ਫਿਲਮੀ ਸਫਰ ਨੂੰ ਅੱਗੇ ਤੋਰਦਿਆਂ ਹੁਣ ਜਲਦ ਹੀ ਇੱਕ ਹੋਰ ਫਿਲਮ 'ਤੂੰ ਮੇਰਾ ਕੀ ਲਗਦਾ' ਲੈ ਕੇ ਆ ਰਹੇ ਹਨ। ਇਸ ਤੋਂ ਇਲਾਵਾ ਹਰਜੀਤ ਹਰਮਨ ਹਾਲ ਹੀ 'ਚ ਆਪਣੇ ਨਵਾਂ ਖ਼ੂਬਸੂਰਤ ਗੀਤ 'ਮਿਲਾਂਗੇ ਜਰੂਰ' ਲੈ ਕੇ ਹਾਜ਼ਰ ਹੋਏ ਹਨ।ਇਸ ਗੀਤ ਨੂੰ ਸਰੋਤੇ ਵਰਗ ਵਲੋਂ ਬੇਹੱਦ ਹੀ ਪਸੰਦ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਸ਼ਬਦਾਂ ਦੀ ਲੜੀ ਵਿਚ ਪ੍ਰੋਣ ਵਾਲੀ ਕਲਮ ਸਿਰੌਮਰ ਗੀਤਕਾਰ ਸਵ. ਪ੍ਰਗਟ ਸਿੰਘ ਲਿੱਦੜਾਂ ਦੀ ਹੈ।ਇਸ ਗੀਤ ਦਾ ਵੀਡੀਓ ਪਰਗਟ ਸਿੰਘ ਦੇ ਪੁੱਤਰ ਨਾਮੀ ਵੀਡੀਓ ਡਾਇਰੈਕਟਰ ਸਟਾਲਨਵੀਰ ਸਿੰਘ ਨੇ ਤਿਆਰ ਕੀਤਾ ਹੈ ਅਤੇ ਰਸਭਿੰਨੇ ਸੰਗੀਤ ਨਾਲ ਹਰ ਵਾਰ ਦੀ ਤਰਾਂ ਸੰਗੀਤਕਾਰ ਅਤੁਲ ਸ਼ਰਮਾ ਨੇ ਸਿੰਗਾਰਿਆ ਹੈ।ਦੱਸ ਦਈਏ ਕਿ ਹਰਜੀਤ ਹਰਮਨ ਭਵਿੱਖ 'ਚ ਜਲਦ ਹੀ ਹੋਰ ਵੀ ਕਈ ਨਵੇਂ ਗੀਤ ਦਰਸ਼ਕਾਂ ਦੇ ਰੂਬਰੂ ਕਰਨ ਦੀ ਤਿਆਰੀ ਹਨ।ਸੋ ਅਜੋਕੇ ਸਮੇਂ ਵਿੱਚ ਪੰਜਾਬੀ ਗਾਇਕੀ ਦੇ ਸੁਨਿਹਰੀ ਭਵਿੱਖ ਲਈ ਅਜਿਹੇ ਕਲਾਕਾਰਾਂ ਦੀ ਬੇਹੱਦ ਲੋੜ ਹੈ। ਰੱਬ ਕਰੇ, ਉਸ ਦੀ ਉਮਰ 'ਲੋਕ ਗੀਤਾਂ' ਜਿੰਨੀ ਹੋਵੇ।




**ਹਰਜਿੰਦਰ ਸਿੰਘ ਜਵੰਦਾ**



PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

24 ਘੰਟੇ ਆਨਲਾਈਨ ਪੜ੍ਹੋ
www.preetnama.com
ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com
Contact : +1 201-312-4180